
# ਗੰਜਿ ਸ਼ਹੀਦਾਂ ਅਤੇ ਸ਼ਹੀਦਾਨਿ ਵਫ਼ਾ



ਹਕੀਮ ਅੱਲਾ ਯਾਰ ਖ਼ਾਂ 'ਜੋਗੀ'

Sri Satguru Jagjit Singh Ji eLibrary NamdhariElibrary@gmail.com

# ਗੰਜਿ ਸ਼ਹੀਦਾਂ ਅਤੇ ਸ਼ਹੀਦਾਨਿ ਵਫ਼ਾ

## ਹਕੀਮ ਅਲ੍ਹਾ ਯਾਰ ਖ਼ਾਂ 'ਜੋਗੀ'

ਅਨੁਵਾਦਕ
ਡਾ. ਗੁਰਦੇਵ ਸਿੰਘ ਪੰਦੋਹਲ
ਐਮ.ਏ. (ਆਨਰਜ਼) ਐਮ.ਔਂਡ., ਪੀ.ਐੱਚ.ਡੀ.

ESTD. 1940
**ਲਾਹੌਰ ਬੁੱਕ ਸ਼ਾਪ**
2-ਲਾਜਪਤ ਰਾਏ ਮਾਰਕਿਟ, ਲੁਧਿਆਣਾ



Satguru Jagjit Singh Ji eLibrary NamdhariElibrary@gmail.

GANJE SHAHEEDAN AND SHAHEEDANE WAFA
by
Hakeem Alah Yar Khaan 'Jogi'
Translated by
Dr. Gurdev Singh Pandohal

© ਪ੍ਰਕਾਸ਼ਕ

ਪਹਿਲੀ ਵਾਰ : 2005

ਮੁੱਲ : 100/- ਰੁਪਏ

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ
ਲਾਹੌਰ ਬੁੱਕ ਸ਼ਾਪ, 2-ਲਾਜਪਤ ਰਾਏ ਮਾਰਕਿਟ
ਨੇੜੇ ਸੁਸਾਇਟੀ ਸਿਨੇਮਾ, ਲੁਧਿਆਣਾ। ਫੋਨ—2740738
E-Mail:-lahorebookshop40@Rediffmail.com

ਲੇਜ਼ਰ ਸੈਟਿੰਗ : ਲਿਟਲ ਗ੍ਰਾਫਿਕਸ, ਕੋਟ ਕਿਸ਼ਨ ਚੰਦ, ਜਲੰਧਰ।
Printed in India

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।



Sri Satguru Jagjit Singh Ji eLibrary NamdhariElibrary@gmail.com

# ਅਰਪਨ

ਆਪਣੇ ਪਿਤਾ ਸ. ਪੂਰਨ ਸਿੰਘ ਪੰਧੇਰ (ਸੁਰਗਵਾਸੀ)

ਅਤੇ

ਮਾਂ ਸਰਦਾਰਨੀ ਭਾਗ ਕੌਰ ਪੰਧੇਰ (ਸੁਰਗਵਾਸੀ)

ਦੇ

ਨਾਂ।

—ਗੁਰਦੇਵ ਸਿੰਘ ਪੰਧੇਰ

www.archive.org/details/namdhari



Sri Satguru Jagjit Singh Ji eLibrary NamdhariElibrary@gmail.com

# ਤਤਕਰਾ


ਕੀ ਕਿੱਥੇ

ਹਕੀਮ ਅਲ੍ਹਾ ਯਾਰ ਖ਼ਾਂ 'ਜੋਗੀ'
ਅਤੇ
'ਗੰਜਿ ਸ਼ਹੀਦਾਂ' ਤੇ 'ਸ਼ਹੀਦਾਨਿ ਵਫ਼ਾ'
—ਡਾ. ਪੰਚਹਲ 7-10

ਗੰਜਿ ਸ਼ਹੀਦਾਂ (ਸਾਕਾ ਚਮਕੌਰ) 11-71

ਸ਼ਹੀਦਾਨਿ ਵਫ਼ਾ (ਸਾਕਾ ਸਰਹਿੰਦ) 72-127

ਸਹਾਇਕ ਪੁਸਤਕ-ਸੂਚੀ 128




Sri Satguru Jagjit Singh Ji eLibrary NamdhariElibrary@gmail.com

## ਅਨੁਵਾਦਕ ਦੀਆਂ ਹੋਰ ਰਚਨਾਵਾਂ :

ਮੌਲਿਕ ਰਚਨਾਵਾਂ :

ਕਵਿਤਾ : 1. ਮਦਹੋਸ਼ੀ (ਗ਼ਜ਼ਲ, ਰੁਬਾਈ, ਗੀਤ)
2. ਖ਼ਾਮੋਸ਼ੀ (ਗ਼ਜ਼ਲ, ਗੀਤ, ਕਵਿਤਾਵਾਂ)
3. ਸਰਗੋਸ਼ੀ (ਗ਼ਜ਼ਲਾਂ)
4. ਗੁਲਬਰਗ (ਗ਼ਜ਼ਲਾਂ)
5. ਪੱਲੇ ਦੀ ਹਵਾ (ਗ਼ਜ਼ਲ, ਗੀਤ, ਚੌਬਰਗੇ)

ਕਹਾਣੀ ਸੰਗ੍ਰਹਿ : 1. ਰੂਹਾਂ ਸਿਸਕਦੀਆਂ ਰਹਿ ਗਈਆਂ
2. ਗਜਰਾ

ਜੀਵਨੀਆਂ : 1. ਫਕੀਰਾਮ ਚਾਤ੍ਰਿਕ (ਮੋਨੋਲੋਗ)
2. ਗੁਰੂ ਘਰ ਦੇ ਸ਼ਰਧਾਲੂ ਮੀਰ

ਸਫ਼ਰਨਾਮਾ : 1. ਕਾਲੀ ਧਰਤੀ ਗੋਰੇ ਲੋਕ (ਪ੍ਰੈਸ ਵਿੱਚ)
2. ਮੈਂ ਆਸਟ੍ਰੇਲੀਆ ਵੇਖਿਆ (ਛਪਣ ਹਿੱਤ)

ਅਨੁਵਾਦ : (ਫ਼ਾਰਸੀ ਤੋਂ ਪੰਜਾਬੀ ਵਿੱਚ)
1. ਜ਼ਫ਼ਰਨਾਮਾ (ਸ੍ਰੀ ਗੁਰੂ ਗੋਬਿੰਦ ਸਿੰਘ)
2. ਅਮਰ ਨਾਮਾ (ਭਾਈ ਨੱਥਮਲ ਤੇ ਭਾਈ ਅਬਦੁੱਲਾ)
3. ਜ਼ਿੰਦਗੀਨਾਮਾ (ਭਾਈ ਸਾਹਿਬ ਭਾਈ ਨੰਦ ਲਾਲ 'ਗੋਯਾ')
4. ਦੀਵਾਨਿ ਗੋਯਾ (ਭਾਈ ਸਾਹਿਬ ਭਾਈ ਨੰਦ ਲਾਲ 'ਗੋਯਾ')
5. ਗੰਜ ਨਾਮਾ (ਭਾਈ ਨੰਦ ਲਾਲ 'ਗੋਯਾ', ਛਪਣ ਹਿੱਤ)
6. ਗੁਲਿਸਤਾਂ (ਸ਼ੇਖ਼ ਸਾਅਦੀ)
7. ਬੋਸਤਾਂ (ਸ਼ੇਖ਼ ਸਾਅਦੀ)
8. ਰੁਬਾਇਆਤਿ ਉਮਰ 'ਖ਼ਯਾਮ' (ਛਪਣ ਹਿੱਤ)
9. ਗੰਜਿ ਸ਼ਹੀਦਾਂ (ਹਕੀਮ ਅੱਲ੍ਹਾ ਯਾਰ ਖ਼ਾਂ 'ਜੋਗੀ' ਦੱਕਨੀ)
10. ਸ਼ਹੀਦਾਨਿ ਵਫ਼ਾ (ਹਕੀਮ ਅੱਲ੍ਹਾ ਯਾਰ ਖ਼ਾਂ 'ਜੋਗੀ' ਦੱਕਨੀ)

ਸੰਪਾਦਨ : 1. ਯਾਰੜੇ ਦਾ ਸਾਨੂੰ ਸੱਥਰ ਚੰਗਾ
2. ਪੱਤ ਪਰਵਾਸੀ ਬਿਰਖਾਂ ਦੇ
3. ਦੇਸੀ ਪਿੰਡੇ ਪਰਵਾਸੀ ਪਰਵਾਜ਼
4. ਪ੍ਰੀਤ ਸੰਸਾਰ
5. ਪੀੜ ਪਰਾਈ
6. ਮੇਰੀ ਕਹਾਣੀ ਆਪਣੀ ਜ਼ਬਾਨੀ
7. ਨੈਣ ਪੁਜਾਰੀ
8. ਨੈਣ ਖ਼ੁਮਾਰੀ



Sri Satguru Jagjit Singh Ji eLibrary NamdhariElibrary@gmail.com

# ਹਕੀਮ ਅਲ੍ਹਾ ਯਾਰ ਖ਼ਾਂ 'ਜੋਗੀ' ਦੱਕਨੀ
# ਅਤੇ
# 'ਗੰਜਿ ਸ਼ਹੀਦਾਂ' ਤੇ 'ਸ਼ਹੀਦਾਨਿ ਵਫ਼ਾ'

ਸੰਨ 1953 ਦੀ ਗੱਲ ਹੈ ਕਿ ਮੈਂ ਏ.ਐੱ. ਕਾਲਜ ਖੰਨਾ ਵਿੱਚ ਐਫ਼.ਏ. ਦਾ ਵਿਦਿਆਰਥੀ ਸਾਂ ਜਿੱਥੇ ਫ਼ਾਰਸੀ ਦੇ ਵਿਦਵਾਨ ਪ੍ਰੋ: ਬੀ.ਐਸ. ਸਕਸੈਨਾ ਪੜ੍ਹਾਉਂਦੇ ਸਨ। ਮੈਂ ਆਪਣੇ ਤਾਲਬ ਇਲਮੀ ਦੇ ਆਰੰਭ ਤੋਂ ਹੀ ਉਰਦੂ ਫ਼ਾਰਸੀ ਪੜ੍ਹਦਾ ਆ ਰਿਹਾ ਸਾਂ ਇਸ ਲਈ ਕਾਲਜ ਵਿੱਚ ਜਾ ਕੇ ਵੀ ਮੈਂ ਫ਼ਾਰਸੀ ਭਾਸ਼ਾ ਹੀ ਇੱਕ ਵਿਸ਼ੇ ਵਜੋਂ ਲੈ ਲਈ ਤੇ ਮੇਰਾ ਸੰਬੰਧ ਸਤਿਕਾਰਯੋਗ ਪ੍ਰੋ: ਸਕਸੈਨਾ ਜੀ ਨਾਲ ਜੁੜ ਗਿਆ। ਮੈਂ ਉਹਨਾਂ ਦਿਨਾਂ ਵਿੱਚ ਗਾਹੇ ਬਗਾਹੇ ਉਰਦੂ ਅਤੇ ਪੰਜਾਬੀ ਵਿੱਚ ਟੁੱਟੀਆਂ ਭੱਜੀਆਂ ਕਵਿਤਾਵਾਂ ਲਿਖ ਲੈਂਦਾ ਸਾਂ ਜੋ ਕਾਲਜ ਵਿੱਚ ਰੱਖੇ ਕਵੀ ਦਰਬਾਰਾਂ ਵਿੱਚ ਬੋਲ ਲੈਂਦਾ ਸਾਂ। ਮੇਰੀ ਸੁਖ਼ਨਦਾਨੀ ਪ੍ਰੋਫ਼ੈਸਰ ਸਾਹਿਬ ਨੂੰ ਬਹੁਤ ਪਸੰਦ ਸੀ ਤੇ ਮੈਨੂੰ ਉਹ ਇਸਲਾਹ ਦੇਂਦੇ ਰਹਿੰਦੇ ਸਨ ਜਿਸ ਨਾਲ ਮੇਰਾ ਸ਼ੌਕ ਹੋਰ ਵੱਧ ਗਿਆ ਤੇ ਮੈਂ ਗ਼ਜ਼ਲ ਸਿਨਫ਼ ਵੱਲ ਰਜੂਹ ਹੋ ਗਿਆ। ਮੈਂ ਪਿੰਗਲ ਅਤੇ ਅਰੂਜ਼ ਵੀ ਚੰਗੀ ਤਰ੍ਹਾਂ ਪੜ੍ਹ ਲਏ ਜਿਸ ਨਾਲ ਛੰਦਾਬੰਦੀ ਬਾਰੇ ਅੱਛਾ ਖ਼ਾਸਾ ਗਿਆਨ ਹੋ ਗਿਆ।

ਦਸੰਬਰ ਦਾ ਮਹੀਨਾ ਸੀ ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਦੀ ਸ਼ਹੀਦੀ ਦੇ ਦਿਨ ਆਉਂਦੇ ਹਨ। ਸਾਡੀ ਫ਼ਾਰਸੀ ਦੀ ਕਲਾਸ ਲੱਗੀ ਹੋਈ ਸੀ। ਮੈਂ ਪ੍ਰੋਫ਼ੈਸਰ ਸਾਹਿਬ ਦੇ ਪਾਸ ਇੱਕ ਕਿਤਾਬ ਵੇਖੀ ਜਿਸ ਦਾ ਨਾਂਓ ਫ਼ਾਰਸੀ ਲਿਪੀ ਵਿੱਚ 'ਗੰਜਿ ਸ਼ਹੀਦਾਂ' ਲਿਖਿਆ ਸੀ। ਮੇਰੇ ਮਨ ਵਿੱਚ ਉਸ ਪੁਸਤਕ ਨੂੰ ਪੜ੍ਹਨ ਦੀ ਇੱਛਾ ਉਤਪੰਨ ਹੋਈ ਤੇ ਮੈਂ ਉਹਨਾਂ ਪਾਸੋਂ ਇਸ ਦੀ ਮੰਗ ਕੀਤੀ ਜੋ ਬਹੁਤ ਹੀ ਪਿਆਰ ਨਾਲ ਉਹਨਾਂ ਨੇ ਮੈਨੂੰ ਦੇ ਦਿੱਤੀ। ਮੈਂ ਜਦੋਂ ਫੋਲੀ ਤਾਂ ਇੱਕ ਹੋਰ ਪੁਸਤਕ ਉਸ ਜਿਲਦ ਵਿੱਚ ਹੀ ਜੁੜੀ ਲੱਭੀ ਜਿਸ ਦਾ ਸਿਰਲੇਖ 'ਸ਼ਹੀਦਾਨਿ ਵਫ਼ਾ' ਸੀ। ਇਹ ਦੋਵੇਂ ਪੁਸਤਕਾਂ ਫ਼ਾਰਸੀ ਰਲੀ ਉਰਦੂ ਭਾਸ਼ਾ ਵਿੱਚ ਸਨ ਜੋ ਪੜ੍ਹਨ ਨਾਲ ਮੈਨੂੰ ਪਤਾ ਲੱਗਾ ਕਿ ਇਹ ਚਮਕੌਰ ਅਤੇ ਸਰਹਿੰਦ ਦੇ ਸਾਕਿਆਂ ਬਾਰੇ ਕਵਿਤਾ ਵਿੱਚ ਹਨ ਤੇ ਇਹਨਾਂ ਦਾ ਲੇਖਕ 'ਹਕੀਮ ਅਲ੍ਹਾ ਯਾਰ ਖ਼ਾਂ 'ਜੋਗੀ' ਹੈ। ਮੈਂ ਬਹੁਤ ਧਿਆਨ ਨਾਲ ਇਹਨਾਂ ਦਾ ਅਧਿਐਨ ਕੀਤਾ ਤੇ ਮੈਨੂੰ ਬਹੁਤ ਪਸੰਦ ਆਈਆਂ।

ਚੋਖਾ ਸਮਾਂ ਬੀਤ ਗਿਆ। ਜ਼ਿੰਦਗੀ ਦੇ ਨਸ਼ੇਬੋ ਫ਼ਰਾਜ਼ ਵਿੱਚ ਵਿਚਰਦਿਆਂ ਮੈਂ



Sri Satguru Jagjit Singh Ji eLibrary NamdhariElibrary@gmail.com

ਉੱਚ ਵਿੱਦਿਆ ਪ੍ਰਾਪਤ ਕੀਤੀ ਤੇ ਨਾਲ ਹੀ ਲਿਖਣ ਦੇ ਰੁਹਜਾਨ ਸਦਕਾ ਲਗਭਗ ਦੋ ਦਰਜਨ ਤੋਂ ਵੱਧ ਪੁਸਤਕਾਂ ਵੀ ਲਿਖ ਦਿੱਤੀਆਂ ਅਤੇ ਪੇਟ ਪੂਰਤੀ ਲਈ ਤੇ ਕਬੀਲਦਾਰੀ ਦੇ ਮਸਾਇਲ ਹੱਲ ਕਰਨ ਵਿੱਚ ਰੁੱਝਾ ਰਿਹਾ। ਕਲਮਕਾਰੀ ਦੀ ਖੋਜ ਨੇ ਏਨਾ ਉਭਾਰਿਆ ਕਿ ਜ਼ਫ਼ਰਨਾਮਾ, ਅਮਰਨਾਮਾ, ਜ਼ਿੰਦਗੀਨਾਮਾ, ਦੀਵਾਨਿ ਗੋਯਾ, ਗੁਲਿਸਤਾਂ, ਬੋਸਤਾਂ, ਗੰਜਨਾਮਾ ਅਤੇ ਰੁਬਾਯਾਤਿ-ਉਮਰ ਖ਼ਯਾਮ ਨੂੰ ਫ਼ਾਰਸੀ ਤੋਂ ਪੰਜਾਬੀ ਵਿੱਚ ਅਨੁਵਾਦ ਕਰ ਦਿੱਤਾ ਅਤੇ ਛੇ ਪੁਸਤਕਾਂ ਗ਼ਜ਼ਲਾਂ, ਰੁਬਾਈਆਂ ਤੇ ਗੀਤਾਂ ਦੀਆਂ ਲਿਖ ਦਿੱਤੀਆਂ ਅਤੇ ਅੱਠ ਨੌਂ ਦਾ ਸੰਪਾਦਨ ਕਰ ਦਿੱਤਾ। ਹੁਣ ਜਦੋਂ ਸਰਕਾਰ, ਖ਼ਾਲਸਾ ਕੌਮ ਅਤੇ ਪੰਜਾਬੀਆਂ ਨੇ ਮਹਾਰਾਜ ਦੇ ਪਰਿਵਾਰ ਦੀ ਸ਼ਹੀਦੀ ਮੌਕੇ ਸ਼ਰਧਾਂਜਲੀ ਅਰਪਣ ਕਰਨ ਦਾ ਬੀੜਾ ਚੁੱਕਿਆ ਤਾਂ ਮੇਰੇ ਅੰਦਰ ਵੀ 'ਗੰਜਿ ਸ਼ਹੀਦਾਂ' ਅਤੇ 'ਸ਼ਹੀਦਾਨਿ ਵਫ਼ਾ' ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਚਾਰਾਂ ਸ਼ਹੀਦਾਂ (ਚਾਰਾ ਸਾਹਿਬਜ਼ਾਦਿਆਂ) ਨੂੰ ਸਿਰ ਝੁਕਾਉਣ ਦੀ ਸ਼ਰਧਾ ਉਤਪੰਨ ਹੋਈ ਜਿਸ ਦਾ ਸਿੱਟਾ ਅਨੁਵਾਦ ਕੀਤੀਆਂ ਪੁਸਤਕਾਂ ਦੇ ਰੂਪ ਵਿੱਚ ਅੱਜ ਤੁਹਾਡੇ ਹੱਥਾਂ ਵਿੱਚ ਹਾਜ਼ਿਰ ਹੈ।

ਇਨ੍ਹਾਂ ਪੁਸਤਕਾਂ ਦੇ ਕਰਤਾ ਹਕੀਮ ਅਲ੍ਹਾਯਾਰ ਖ਼ਾਂ 'ਜੋਗੀ' ਦੇ ਜਨਮ ਅਤੇ ਆਬਾਓ ਅਜਦਾ ਬਾਰੇ ਤਾਂ ਮੁਕੰਮਲ ਜਾਣਕਾਰੀ ਮੈਨੂੰ ਪ੍ਰਾਪਤ ਨਹੀਂ ਹੋ ਸਕੀ ਤੇ ਨਾ ਹੀ ਉਹਨਾਂ ਦੀ ਜਾਏ ਪੈਦਾਇਸ਼ ਦਾ ਪੱਕਾ ਪਤਾ ਲੱਗਿਆ ਹੈ। ਫੇਰ ਵੀ ਵਿਦਵਾਨ ਲੋਕਾਂ ਦੀਆਂ ਪੁਸਤਕਾਂ ਫਰੋਲਣ ਤੇ ਕੁੱਝ ਕੁੱਝ ਇਹ ਪਤਾ ਚੱਲਿਆ ਹੈ ਕਿ ਹਕੀਮ ਸਾਹਿਬ ਦੇ ਵੱਡੇ ਵਡੇਰੇ ਦੱਕਣ ਦੇ ਇਲਾਕੇ ਦੇ ਸਨ, ਜੋ ਲਾਹੌਰ ਆ ਕੇ ਵਸ ਗਏ ਸਨ ਤੇ ਉਹਨਾਂ ਦਾ ਜਨਮ 1870 ਵਿਆਂ ਵਿੱਚ ਲਾਹੌਰ ਨੇੜੇ ਕਿਸੇ ਥਾਂ ਜਾਂ ਗਿਰਾਂ ਵਿੱਚ ਹੋਇਆ ਸੀ। ਉਹ ਕਿੱਤੇ ਵਜੋਂ ਈਰਾਨੀ/ਯੂਨਾਨੀ ਤਬੀਬ ਸਨ ਜੋ ਆਪਣੇ ਸਮੇਂ ਵਿੱਚ ਬਹੁਤ ਪ੍ਰਸਿੱਧ ਸਨ। ਉਹ ਅਰਬੀ ਤੇ ਫ਼ਾਰਸੀ ਭਾਸ਼ਾਵਾਂ ਦੇ ਵੇਤਾ ਸਨ। ਸੰਨ 1900 ਦੇ ਕਰੀਬ ਉਹਨਾਂ ਨੇ ਸ਼ਹਿਰ ਲਾਹੌਰ ਵਿੱਚ ਸਕੂਨਤ ਇਖ਼ਤਿਆਰ ਕਰ ਲਈ ਸੀ ਤੇ ਪੰਜਾਬੀ ਸਭਿਆਚਾਰ ਤੇ ਕਲਚਰ ਦਾ ਖ਼ੂਬ ਮੁਤਾਲਾ ਕੀਤਾ ਸੀ।

ਜੋਗੀ ਜੀ ਨੂੰ ਹਿਕਮਤ ਦੇ ਨਾਲ-ਨਾਲ ਕਾਵਿ ਰਚਨਾ ਨਾਲ ਬਹੁਤ ਪਿਆਰ ਸੀ। ਏਸੇ ਲਈ ਉਹਨਾਂ ਨੇ ਕਈ ਪੁਸਤਕਾਂ ਉਰਦੂ, ਫ਼ਾਰਸੀ ਭਾਸ਼ਾ ਵਿੱਚ ਲਿਖੀਆਂ। ਪੰਜਾਬੀ ਵਿੱਚ ਬੀਤੀਆਂ ਇਤਿਹਾਸਕ ਘਟਨਾਵਾਂ ਨੂੰ ਉਹਨਾਂ ਬਹੁਤ ਹੀ ਖੋਜ ਭਰਪੂਰ ਢੰਗ ਨਾਲ ਪੜ੍ਹਿਆ ਤੇ ਵਤਨ ਲਈ ਕੁਰਬਾਨ ਹੋਣ ਵਾਲੀਆਂ ਜਿੰਦਾਂ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕੀਤੀ ਤੇ ਪੰਜਾਬ ਦੇ ਵੱਖ-ਵੱਖ ਭਾਗਾਂ ਵਿੱਚ ਜ਼ੁਲਮੋਸਿਤਮ ਭਰਪੂਰ ਘਟਨਾਵਾਂ ਦੇ ਸਥਾਨਾਂ ਉੱਤੇ ਜਾ ਕੇ ਲੋਕਾਂ ਅਤੇ ਲਿਖਤਾਂ ਤੋਂ ਪੂਰਨ ਵਾਕਫ਼ੀਅਤ ਪ੍ਰਾਪਤ ਕੀਤੀ। ਉਹ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਪਿਤਾ, ਮਾਤਾ, ਪੁੱਤਰਾਂ ਅਤੇ ਅਨੇਕਾਂ ਸਿਰਲੱਥ ਜੋਧਿਆਂ ਦੀਆਂ ਅਦੁੱਤੀ ਕੁਰਬਾਨੀਆਂ ਤੋਂ ਏਨੇ ਪ੍ਰਭਾਵਿਤ ਹੋਏ ਕਿ ਚਮਕੌਰ ਤੇ ਸਰਹਿੰਦ ਦੇ ਖ਼ੂਨੀ ਸਾਕਿਆਂ ਨੂੰ ਆਪਣੀ ਕਲਮ ਦਾ ਵਿਸ਼ਾ ਬਣਾ ਕੇ ਕਾਵਿ ਵਿੱਚ ਉਲੀਕ ਦਿੱਤਾ। ਉਹਨਾਂ ਨੇ ਸੰਨ 1913 ਵਿੱਚ ਸਰਹਿੰਦ ਦੇ ਸਾਕੇ ਨੂੰ 'ਸ਼ਹੀਦਾਨਿ ਵਫ਼ਾ' ਦੇ ਨਾਂ ਹੇਠ ਅਤੇ ਅਪ੍ਰੈਲ-ਮਈ ਸੰਨ 1915 ਨੂੰ ਚਮਕੌਰ ਦੇ ਸਾਕੇ ਨੂੰ 'ਗੰਜਿ ਸ਼ਹੀਦਾਂ' ਦੇ ਨਾਂ ਹੇਠ ਲਿਖ ਦਿੱਤਾ। ਇਹ ਦੋਵੇਂ ਪੁਸਤਕਾਂ ਬੀਰ ਰਸ ਅਤੇ ਕਰੁਣਾ ਰਸ ਨਾਲ ਭਰਪੂਰ ਲਾਸਾਨੀ ਦਸਤਾਵੇਜ਼ ਹਨ। ਇਹ ਦੋਵੇਂ ਪੁਸਤਕਾਂ ਜਿੱਥੇ ਸਾਹਿਤਕ ਪੱਖੋਂ ਉੱਚ ਮਰਤਬਾ ਰੱਖਦੀਆਂ ਹਨ। ਉੱਥੇ ਇਤਿਹਾਸ ਦੇ ਪੱਖੋਂ ਵੀ ਉੱਚ ਪੱਧਰੀ ਹਨ। ਭਾਵੇਂ ਕੱਟੜ ਮੁਸਲਮਾਨੀ ਹਲਕਾ ਉਹਨਾਂ ਦੀ ਸਿੱਖ ਇਤਿਹਾਸਕ ਰੁਚੀ ਨੂੰ ਪਸੰਦ ਨਾ ਕਰਕੇ ਉਹਨਾਂ ਨੂੰ ਕਾਫ਼ਰ ਕਰਾਰ ਦੇਂਦਾ ਸੀ ਪਰ ਹਕੀਮ ਸਾਹਿਬ ਤਾਂ ਸੱਚ ਦੇ ਉਪਾਸ਼ਕ ਸਨ ਜਿਨ੍ਹਾਂ ਨੇ ਕੱਟੜਵਾਦ ਦੀ ਕੋਈ ਪਰਵਾਹ ਨਾ ਕਰਕੇ ਨਿਪੜਕਤਾ ਨਾਲ ਆਪਣੇ ਮਿਥੇ ਫ਼ਰਜ਼ ਨੂੰ ਇਸ ਤਰ੍ਹਾਂ ਨਿਭਾਇਆ ਕਿ ਆਪਣੀ ਫ਼ਰਾਖ਼ਦਿਲੀ ਨੂੰ ਅਮਰ ਬਣਾ ਦਿੱਤਾ। ਕਹਿੰਦੇ ਹਨ ਕਿ ਲਾਹੌਰ ਰਹਿੰਦਿਆਂ ਇੱਕ ਵਾਰੀ ਉਹਨਾਂ ਨੇ ਗੁਰੂ ਅਰਜਨ ਜੀ ਦੀ ਸ਼ਹੀਦੀ ਮੌਕੇ ਇੱਕ ਕਵਿਤਾ ਏਨੀ ਸੋਜ਼ ਭਰਪੂਰ ਆਵਾਜ਼ ਵਿੱਚ ਪੜ੍ਹੀ ਕਿ ਲੋਕ ਅਸ਼ ਅਸ਼ ਕਰ ਉੱਠੇ। ਇਸ ਪਿੱਛੋਂ ਉਹ ਪਿਸ਼ਾਵਰ ਤੋਂ ਦਿੱਲੀ ਤੱਕ ਧਾਰਮਕ ਕਵੀ ਦਰਬਾਰਾਂ ਦੇ ਸਿਰਮੌਰ ਕਵੀ ਬਣ ਗਏ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਹੁਣ ਤੱਕ ਲਿਖੀਆਂ ਗਈਆਂ ਕਾਵਿ ਰਚਨਾਵਾਂ ਨੂੰ ਜੇ ਘੋਖਿਆ ਜਾਵੇ ਤਾਂ ਪੁਸਤਕ "ਸਰਹਿੰਦ ਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਦੀ ਦਾਸਤਾਂ" ਵਿੱਚ ਇਸ ਦੇ ਵਿਦਵਾਨ ਕਰਤਾ ਡਾ. ਹਰਚੰਦ ਸਿੰਘ ਸਰਹਿੰਦੀ ਦੀ ਖੋਜ ਅਨੁਸਾਰ ਜਿਨ੍ਹਾਂ ਸਿਖ਼ਰਾਂ ਨੂੰ ਹਕੀਮ ਅਲ੍ਹਾ ਯਾਰ ਖ਼ਾਂ ਜੋਗੀ ਨੇ ਛੋਹਿਆ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਜੋਗੀ ਨੇ ਸਿੱਖ ਮਨਾਂ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਉਸ ਨੇ ਪੱਖਪਾਤ ਤੋਂ ਨਿਰਲੇਪ ਰਹਿ ਕੇ ਸ਼ਰਧਾ ਤੇ ਪਿਆਰ ਦੀਆਂ ਅਤੀ ਡੂੰਘਾਣਾਂ ਵਿੱਚ ਵਹਿ ਕੇ ਇਨ੍ਹਾਂ ਨਜ਼ਮਾਂ ਦੀ ਰਚਨਾ ਕੀਤੀ ਹੈ।"

ਪੁਸਤਕ 'ਗੰਜੇ ਸ਼ਹੀਦਾਂ' ਵਿੱਚ 'ਜੋਗੀ' ਨੇ ਚਮਕੌਰ ਵਿਖੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ 110 ਬੰਦਾਂ ਵਿੱਚ ਅਤੇ 'ਸ਼ਹੀਦਾਨਿ ਵਫ਼ਾ' ਵਿੱਚ ਛੋਟੇ ਸਾਹਿਬਜ਼ਾਦਿਆਂ ਦੀ ਸਰਹਿੰਦ ਵਿਖੇ ਸ਼ਹੀਦੀ ਦਾ 117 ਬੰਦਾਂ ਵਿੱਚ ਦਿਲਕਸ਼ ਵਰਨਣ ਕੀਤਾ ਹੈ। ਇਹ ਦੋਵੇਂ ਪੁਸਤਕਾਂ ਸਿਨਫ਼ ਵਜੋਂ ਮਰਸੀਆਂ ਹਨ।

ਇੱਕ ਗੱਲ ਹੋਰ ਜੋਗੀ ਜੀ ਦੀ ਵਡਿਆਈ ਵਿੱਚ ਜਾਂਦੀ ਹੈ ਕਿ ਉਹ ਚਮਕੌਰ ਅਤੇ ਸਰਹਿੰਦ ਵਿੱਚ ਦਿੱਤੀਆਂ ਸ਼ਹਾਦਤਾਂ ਦਾ ਉਰਦੂ ਕਾਵਿ ਵਿੱਚ ਲਿਖਣ ਵਾਲਾ ਪਹਿਲਾ ਕਵੀ ਹੈ ਜਿਸ ਨੇ ਸੰਨ 1913 ਵਿੱਚ ਸ਼ਹੀਦਾਨਿ ਵਫ਼ਾ ਅਤੇ 1915



Sri Satguru Jagjit Singh Ji eLibrary NamdhariElibrary@gmail.com

ਵਿੱਚ ਗੰਜਿ ਸ਼ਹੀਦਾਂ ਲਿਖੀ ਹੈ। ਉਹ ਗੁਰੂ ਘਰ ਦਾ ਸੱਚਾ ਸੇਵਕ ਸੀ ਤੇ ਲਾਹੌਰ ਤੋਂ ਨਿਕਲਣ ਵਾਲੇ ਇੱਕ ਰਸਾਲੇ 'ਗਊ ਮਾਤਾ' ਦਾ ਸੰਪਾਦਕ ਤੇ ਪਰਕਾਸ਼ਕ ਵੀ ਸੀ ਇਸ ਦੀ ਹੱਲਾ ਸ਼ੇਰੀ ਸ. ਅਮਰ ਸਿੰਘ ਸ਼ੇਰੇ ਪੰਜਾਬ ਸੰਪਾਦਕ 'ਲਾਇਲ ਗਜ਼ਟ' ਤੋਂ ਮਿਲਦੀ ਸੀ।

ਇਨ੍ਹਾਂ ਪੁਸਤਕਾਂ ਦੀ ਤਿਆਰੀ ਲਈ ਮੈਨੂੰ ਬਹੁਤ ਸਾਰੀਆਂ ਪੁਸਤਕਾਂ ਦਾ ਮੁਤਾਲਾ ਕਰਨਾ ਪਿਆ ਤੇ ਕਈ ਦੋਸਤਾਂ ਤੋਂ ਸੇਧਾਂ ਲੈਣੀਆਂ ਪਈਆਂ। ਮੈਂ ਉਹਨਾਂ ਸਾਰਿਆਂ ਦਾ ਹੀ ਤਹਿ ਦਿਲੋਂ ਮਸ਼ਕੂਰ ਹਾਂ।

ਮੈਂ ਆਪਣੀ ਇਸ ਨਿਗੂਣੀ ਜਿਹੀ ਕੋਸ਼ਿਸ਼ ਨਾਲ ਸ਼ਾਬਦਿਕ ਰੂਪ ਦੇ ਕੇ ਵਿਦਵਾਨ ਪਾਠਕਾਂ ਸਾਹਮਣੇ ਪੇਸ਼ ਕਰਨ ਦਾ ਹੀਆ ਕੀਤਾ ਹੈ। ਆਸ ਹੈ ਕਿ ਪਾਠਕ ਮੇਰੇ ਇਸ ਉੱਦਮ ਨੂੰ ਸਲਾਹ ਕੇ ਮੇਰੀ ਹੌਸਲਾ ਅਫ਼ਜ਼ਾਈ ਕਰਨਗੇ।

ਅੰਤ ਵਿੱਚ ਮੈਂ ਹਾਰਦਿਕ ਧੰਨਵਾਦੀ ਹਾਂ ਜ਼ਿਲ੍ਹਾ ਲਿਖਾਰੀ ਸਭਾ ਫ਼ਤਿਹਗੜ੍ਹ ਸਾਹਿਬ (ਰਜਿਸ:) ਦੇ ਸਮੂਹ ਮੈਂਬਰਾਨ ਦਾ ਜਿਨ੍ਹਾਂ ਨੇ ਮੇਰੀ ਨਾਚੀਜ਼ ਦੀ ਕਦਰਦਾਨੀ ਕਰਕੇ ਮੈਨੂੰ ਹਕੀਮ ਅਲ੍ਹਾ ਯਾਰ ਖ਼ਾਂ 'ਜੋਗੀ' ਐਵਾਰਡ 2004 ਨਾਲ ਸਨਮਾਨਤ ਕੀਤਾ ਹੈ ਮੈਂ ਤੇ ਸਾਰੇ ਹੀ ਸਾਹਿਤ ਪ੍ਰੇਮੀਆਂ ਦਾ ਮਸ਼ਕੂਰ ਹਾਂ।

ਗੁਰਦੇਵ ਸਿੰਘ ਪੰਦੋਹਲ (ਡਾ.)
79-ਏ, ਜੀਵਨ ਪ੍ਰੀਤ ਨਗਰ
ਫ਼ਿਰੋਜ਼ਪੁਰ ਰੋਡ, ਨੇੜੇ ਚੁੰਗੀ
ਡਾਕਖ਼ਾਨਾ ਬਾੜੇਵਾਲ ਅਵਾਣਾ—142027
ਲੁਧਿਆਣਾ।

ਮਿਤੀ 25.02.2005

www.archive.org/details/namdhari

# (1) ਗੰਜਿ ਸ਼ਹੀਦਾਂ

## (ਸਾਕਾ ਚਮਕੌਰ)

### 1

ਜਿਸ ਦਮ ਹੁਏ ਚਮਕੌਰ ਮੇਂ ਸਿੰਘੋਂ ਕੇ ਉਤਾਰੇ
ਝੁੱਲਾਏ ਹੂਏ ਸ਼ੇਰ ਥੇ ਸਭ 'ਗੈਜ਼' ਕੇ ਮਾਰੇ — ਗੁੱਸਾ
ਆਖੋਂ ਸੇ ਨਿਕਲਤੇ ਥੇ ਦਲੇਰੋਂ ਕੇ ਸ਼ਰਾਰੇ
ਸਤਿਗੁਰ ਕੇ ਸਿਵਾ ਔਰ ਗ਼ਜ਼ਬਨਾਕ ਥੇ ਸਾਰੇ
ਗੁੱਸੇ ਸੇ ਨਜ਼ਰ ਜਾਤੀ ਥੀ 'ਅਫ਼ਵਾਜਿ ਅਦੂ' ਪਰ। — ਦੁਸ਼ਮਣ ਦੀ ਫ਼ੌਜ
ਤੇਗੋਂ ਸੇ ਨਿਗਾਹ ਪੜਤੀ ਥੀ ਦੁਸ਼ਮਨ ਕੇ 'ਗਲੂ' ਪਰ। — ਗਰਦਨ

ਜਦੋਂ ਸਿੰਘਾਂ ਚਮਕੌਰ ਵਿੱਚ ਆ ਕੇ ਡੇਰੇ ਲਾਏ ਤਾਂ ਸ਼ੇਰ ਗੁੱਸੇ ਵਿੱਚ ਭਰੇ ਪਏ ਸਨ। ਉਨ੍ਹਾਂ ਬਹਾਦਰਾਂ ਦੀਆਂ ਅੱਖਾਂ ਵਿੱਚੋਂ ਚੰਗਿਆੜੇ ਨਿਕਲਦੇ ਸੀ ਤੇ ਗੁਰੂ ਜੀ ਤੋਂ ਬਿਨਾ ਸਾਰੇ ਹੀ ਭਿਆਨਕ ਨਜ਼ਰ ਆਉਂਦੇ ਸਨ। ਗੁੱਸੇ ਵਿੱਚ ਆ ਕੇ ਸਾਰਿਆਂ ਦੀ ਨਿਗਾਹ ਦੁਸ਼ਮਣ ਦੀ ਫ਼ੌਜ ਵੱਲ ਜਾਂਦੀ ਸੀ ਤੇ ਹੱਥਾਂ ਵਿੱਚ ਤਲਵਾਰਾਂ ਫੜ ਕੇ ਉਹ ਵੈਰੀ ਦੀਆਂ ਗਰਦਨਾਂ ਵੱਲ ਝਾਕ ਰਹੇ ਸਨ।

### 2

ਜਬ ਦੂਰ ਸੇ ਦਰਿਆ ਕੇ ਕਿਨਾਰੇ ਨਜ਼ਰ ਆਏ
ਡੂਬੇ ਹੂਏ ਸਰਸਾ ਮੇਂ ਪਿਆਰੇ ਨਜ਼ਰ ਆਏ
ਯੇਹ ਦੇਖਕੇ ਬਿਗੜੇ ਹੂਏ ਸਾਰੇ ਨਜ਼ਰ ਆਏ
ਬਿਫਰੇ ਹੂਏ ਸਤਿਗੁਰ ਕੇ ਦੁਲਾਰੇ ਨਜ਼ਰ ਆਏ
ਕਹਿਤੇ ਥੇ ਇਜਾਜ਼ਤ ਨਹੀਂ ਹੈ ਹਮੇਂ ਰਨ ਕੀ।
ਮੱਟੀ ਤਕ ਉੜਾ ਸਕਤੇ ਹੈਂ, ਦੁਸ਼ਮਨ ਕੇ ਚਮਨ ਕੀ।

ਜਦੋਂ ਦੂਰ ਤੋਂ ਦਰਿਆ ਦੇ ਕੰਢੇ ਵੇਖੇ ਤੇ ਬਹੁਤ ਸਾਰੇ ਪਿਆਰੇ ਸਾਥੀਆਂ ਨੂੰ ਸਰਸਾ ਨਦੀ ਦੇ ਪਾਣੀ ਵਿੱਚ ਡੁੱਬਿਆ ਤੱਕਿਆ ਤਾਂ ਸਾਰੇ ਗੁੱਸੇ ਨਾਲ ਤਿਲਮਿਲਾ ਗਏ ਤੇ ਗੁਰੂ ਮਹਾਰਾਜ ਦੇ ਪਿਆਰੇ ਪੁੱਤਰ ਰੋਹ ਵਿੱਚ ਆ ਗਏ। ਉਹ ਕਹਿ ਰਹੇ ਸਨ ਕਿ ਸਾਨੂੰ ਮਹਾਰਾਜ ਨੇ ਲੜਨ ਦਾ ਹੁਕਮ ਨਹੀਂ ਦਿੱਤਾ ਨਹੀਂ ਤਾਂ ਅਸੀਂ ਵੈਰੀ ਦੇ ਬਾਗ਼ਾਂ ਦੀ ਮਿੱਟੀ ਉਡਾ ਸਕਦੇ ਹਾਂ।



Sri Satguru Jagjit Singh Ji eLibrary NamdhariElibrary@gmail.com

3

ਤੂਫ਼ਾਂ-ਜ਼ਦਾ ਦਰਿਆ ਕੋ ਅਭੀ ਪਾਰ ਕਰੇਂਗੇ
ਠੋਕਰ ਸੇ ਹਰ ਇਕ 'ਮੌਜ' ਕੋ ਹਮਵਾਰ ਕਰੇਂਗੇ    ਲਹਿਰ
ਬਦ-ਅਹਿਦ ਸਿਤਮਗਾਰੋਂ ਸੇ 'ਪੈਕਾਰ' ਕਰੇਂਗੇ    ਜੰਗ
ਹਮ ਦੋਨੋਂ ਤੋ ਦਸ ਲਾਖ ਕੋ 'ਫ਼ਿੱਨਾਰ' ਕਰੇਂਗੇ    ਬਰਬਾਦ
ਦਾਦੀ ਹੈ ਕਿਧਰ ਮਾਂ ਹੈ ਕਿਧਰ, ਭਾਈ ਕਹਾਂ ਹੈਂ ?
ਆਂਖੋਂ ਸੇ ਕਈ ਖ਼ਾਲਸੇ ਪਿਆਰੇ ਭੀ 'ਨਿਹਾਂ' ਹੈਂ ?    ਓਹਲੇ

ਪਾਣੀ ਨਾਲ ਚੜ੍ਹੇ ਦਰਿਆ ਨੂੰ ਅਸੀਂ ਹੁਣ ਪਾਰ ਕਰਾਂਗੇ। ਅਸੀਂ ਹਰ ਲਹਿਰ ਨੂੰ ਪੈਰਾਂ ਨਾਲ ਪੱਧਰ ਕਰ ਦੇਵਾਂਗਾ। ਇਨ੍ਹਾਂ ਭੈੜੇ ਜ਼ਾਲਮਾਂ ਨਾਲ ਐਸੀ ਲੜਾਈ ਕਰਾਂਗੇ ਕਿ ਦੋਵੇਂ ਦਸ ਲੱਖ ਬੰਦਿਆਂ ਨੂੰ ਬਰਬਾਦ ਕਰ ਦੇਵਾਂਗੇ। ਸਾਡੀ ਦਾਦੀ, ਮਾਂ ਤੇ ਭਰਾ ਕਿੱਥੇ ਹਨ ਤੇ ਇਨ੍ਹਾਂ ਤੋਂ ਉਪਰੰਤ ਕਈ ਪਿਆਰੇ ਸਿੰਘ ਅੱਖਾਂ ਤੋਂ ਓਹਲੇ ਹੋ ਗਏ ਹਨ।

4

ਧੋਕਾ ਦੀਆ ਹਰ ਸਿੰਘ ਕੋ ਪੈਮਾਂ-ਸ਼ਿਕਨੋਂ ਨੇ
ਬੇ-ਮਿਹਰੋਂ ਨੇ ਬੇ-ਧਰਮੋਂ ਨੇ ਈਮਾਂ-ਸ਼ਿਕਨੋਂ ਨੇ
ਜਬ ਇਤਨਾ ਕਹਾ ਝੂਲ ਦੀਆਂ ਅਹਿਸਾਂ-ਸ਼ਿਕਨੋਂ ਨੇ
'ਪੇਸ਼ਾਨੀ ਪਿ ਬਲ ਡਾਲੇ ਪਰੇਸ਼ਾਂ ਸ਼ਿਕਨੋਂ ਨੇ
ਥੇ ਚੀਂ ਬਜਬੀਂ ਲਹਿਰਯਾ ਜੋਸ਼ ਮੇਂ ਪੜੀ ਥੀ।
ਮਾਥੇ ਪੈ ਪਸੀਨਾ ਥਾ, ਯਾ 'ਅਫ਼ਸ਼ਾਂ' ਸੀ ਜੜੀ ਥੀ।

ਧੋਖੇਬਾਜ਼ਾਂ, ਦਿਆਹੀਨਾਂ, ਅਧਰਮੀਆਂ ਅਤੇ ਬੇਈਮਾਨਾਂ ਨੇ ਹਰ ਸਿੰਘ ਨੂੰ ਧੋਖਾ ਦਿੱਤਾ। ਜਦੋਂ ਏਨੀ ਗੱਲ ਕਹੀ ਕਿ ਬੇਈਮਾਨਾਂ ਨੇ ਧੋਖਾ ਦਿੱਤਾ ਹੈ ਤਾਂ ਚਿੰਤਾਵਾਂ ਖ਼ਤਮ ਕਰਨ ਵਾਲੇ ਸਿੰਘਾਂ ਨੇ ਮੱਥੇ ਉੱਤੇ ਤਿਊੜੀਆਂ ਪਾ ਲਈਆਂ ਤੇ ਜੋਸ਼ ਦੀ ਲਹਿਰ ਦੌੜ ਗਈ। ਬਹਾਦਰਾਂ ਦੇ ਮੱਥੇ ਉੱਤੇ ਪਸੀਨਾ ਆ ਗਿਆ ਜਿਵੇਂ ਕਣੀਆਂ ਵਰ੍ਹੀਆਂ ਹੋਣ।

## 5

ਇਤਨੇ ਮੇਂ ਮੁਖ਼ਾਤਿਬ ਹੁਏ ਸਤਿਗੁਰ ਗੁਰੂ ਗੋਬਿੰਦ
ਵੋਹ 'ਸਾਬਰੋ' 'ਸ਼ਾਕਰ' ਵੁਹ ਬਹਾਦਰ ਗੁਰੂ ਗੋਬਿੰਦ
*ਸਬਰ ਵਾਲੇ, ਸ਼ੁਕਰ ਕਰਨ ਵਾਲੇ*
ਰਸਤੇ ਮੇਂ ਗੰਵਾ ਆਏ ਥੇ ਦੋ 'ਦੁਰ' ਗੁਰੂ ਗੋਬਿੰਦ *ਮੋਤੀ (ਬੇਟੇ)*
ਥੇ ਗ਼ਮ ਕੀ ਜਗਹ ਸ਼ਾਂਤੀ ਸੇ ਪੁਰ ਗੁਰੂ ਗੋਬਿੰਦ
ਫ਼ੁਰਮਾਏ ਵੁਹ ਸਭ ਸੇ ਨਹੀਂ ਮੌਕਾ ਯਿਹ 'ਗ਼ਜ਼ਬ' ਕਾ। *ਗੁੱਸਾ*
ਪੂਰਾ ਯਹੀਂ ਕੱਲ੍ਹ ਹੋਗਾ, ਇਰਾਦਾ ਮੇਰੇ ਰੱਬ ਕਾ।

ਇਨੇ ਨੂੰ ਗੁਰੂ ਗੋਬਿੰਦ ਸਿੰਘ ਸਬਰ ਦੇ ਪੁਤਲੇ ਅਤੇ ਪ੍ਰਮਾਤਮਾ ਦਾ ਸ਼ੁਕਰ ਕਰਨ ਵਾਲੇ ਜੋ ਦੋ ਮੋਤੀ (ਪੁੱਤਰ) ਰਾਹ ਵਿੱਚ ਗਵਾ ਕੇ ਆਏ ਸਨ ਅਤੇ ਗ਼ਮ, ਫ਼ਿਕਰ ਤਿਆਗ ਸ਼ਾਂਤੀ ਸਰੂਪ ਹੋ ਗਏ ਸਨ, ਸਭ ਨੂੰ ਫ਼ੁਰਮਾਉਣ ਲੱਗੇ ਕਿ ਇਹ ਗੁੱਸੇ ਵਿੱਚ ਆਉਣ ਦਾ ਮੌਕਾ ਨਹੀਂ ਹੈ। ਮੈਂ ਕੱਲ੍ਹ ਇਥੇ ਹੀ ਆਪਣਾ ਇਰਾਦਾ ਜ਼ਾਹਿਰ ਕਰੂੰਗਾ ਜਿਹੜਾ ਰੱਬ ਨੂੰ ਭਾਏਗਾ।

## 6

ਜਿਸ 'ਖ਼ਿੱਤੇ' ਮੇਂ ਹਮ ਕਹਤੇ ਥੇ, ਆਨਾ ਯਿ ਵੁਹੀ ਹੈ *ਪਾਸਾ, ਇਲਾਕਾ, ਟੁਕੜਾ*
ਕੱਲ੍ਹ ਲੁਟ ਕੇ ਹੈ ਜਿਸ ਜਗਹ ਸੇ ਜਾਨਾ ਯਿ ਵੁਹੀ ਹੈ
ਜਿਸ ਜਾ ਪੇ ਬੱਚੋਂ ਕੋ ਕਟਾਨਾ ਯਿ ਵੁਹੀ ਹੈ
ਮੱਟੀ ਕਹੇ ਦੇਤੀ ਹੈ ਠਿਕਾਨਾ ਯਿ ਵੁਹੀ ਹੈ।
ਇਕ ਮੋਰਚੇ ਮੇਂ ਫਿਰ ਵਹੀਂ ਸਰਕਾਰ ਦਰ ਆਏ।
ਜਾ ਪਹੁੰਚੇ ਅਕਾਲੀ ਵਹੀਂ ਸਤਿਗੁਰ ਜਿਧਰ ਆਏ।

ਜਿਹੜੇ ਪਾਸੇ ਅਸੀਂ ਆਉਣਾ ਚਾਹੁੰਦੇ ਸੀ, ਇਹ ਓਹੀ ਹੈ ਜਿੱਥੇ ਕੱਲ੍ਹ ਨੂੰ ਅਸੀਂ ਬਰਬਾਦ ਹੋਣਾ ਹੈ, ਓਹੀ ਹੈ। ਜਿਥੇ ਬੱਚਿਆਂ ਨੂੰ ਕਟਾਣਾ ਹੈ, ਓਹੀ ਹੈ। ਜਿਥੇ ਮਿੱਟੀ ਵਿੱਚ ਠਿਕਾਣਾ ਪ੍ਰਾਪਤ ਕਰਨਾ ਹੈ, ਓਹੀ ਹੈ। ਇਹ ਕਹਿ ਓਹ ਇੱਕ ਮੋਰਚੇ ਵਿੱਚ ਚਲੇ ਗਏ ਅਤੇ ਸਾਰੇ ਸਾਥੀ ਅਕਾਲੀ ਜਿਧਰ ਸਤਿਗੁਰੂ ਗਏ, ਪੁੱਜ ਗਏ।

## 7

ਜਬ ਕਿਲ੍ਹਾ ਮੇਂ ਜਾ ਉਤਰੀ ਥੀ ਸਤਿਗੁਰ ਕੀ ਸਵਾਰੀ
'ਵਾਹਿਗੁਰੂ ਕੀ ਫ਼ਤਹਿ' ਤਬ ਦਲੇਰੋਂ ਨੇ ਪੁਕਾਰੀ
ਵੁਹ 'ਹੁਮਹੁਮਾ' ਸ਼ੇਰੋਂ ਕਾ ਵੁਹ ਆਵਾਜ਼ ਭਾਰੀ ਚੜ੍ਹਤ
ਥਰ ਥਰਾ ਗਿਆ ਚਮਕੌਰ ਹੂਆ 'ਜ਼ਲਜ਼ਲਾ' ਭਾਰੀ ਭੂਚਾਲ
'ਸਕਤੇ' ਮੇਂ ਖ਼ੁਦਾਈ ਥੀ ਤੋ ਹੈਰਤ ਮੇਂ ਜਹਾਂ ਥਾ। ਸੁੰਨ
ਨਾਅਰਾ ਸੇ ਹੂਆ ਚਰਖ਼ ਭੀ 'ਸਾਕਿਨ' ਜਿ ਗੁਮਾਂ ਥਾ। ਰੋਕ

ਜਦੋਂ ਸਤਿਗੁਰੂ ਕਿਲ੍ਹੇ ਵਿੱਚ ਪੁੱਜ ਗਏ ਤਾਂ ਬਹਾਦਰਾਂ ਨੇ ਵਾਹਿਗੁਰੂ ਦੀ ਫ਼ਤਹਿ ਦਾ ਜੈਕਾਰਾ ਲਾਇਆ। ਬਹਾਦਰਾਂ ਦੀ ਚੜ੍ਹਤ ਨੇ ਉਨ੍ਹਾਂ ਦੀ ਅਵਾਜ਼ ਬਹੁਤ ਉੱਚੀ ਕਰ ਦਿੱਤੀ ਸੀ ਜਿਸ ਨੂੰ ਸੁਣ ਸਾਰਾ ਚਮਕੌਰ ਸਾਹਿਬ ਕੰਬ ਉਠਿਆ ਤੇ ਮਾਨੋ ਇੱਕ ਭੂਚਾਲ ਆ ਗਿਆ। ਸਾਰੀ ਪਬਲਿਕ ਸੁੰਨ ਹੋ ਗਈ ਸੀ ਤੇ ਸਾਰੀ ਦੁਨੀਆ ਹੈਰਾਨ, ਪ੍ਰੇਸ਼ਾਨ ਸੀ। ਇਉਂ ਲੱਗਦਾ ਸੀ ਕਿ ਨਾਅਰਾ ਸੁਣ ਕੇ ਆਸਮਾਨ ਵੀ ਘੁੰਮਣ ਤੋਂ ਰੁਕ ਗਿਆ ਸੀ।

## 8

ਖ਼ੇਮੇ ਕੀਏ 'ਇਸਤਾਦਹ' ਵਹੀਂ ਉਠਕੇ ਕਿਸੀ ਨੇ ਖੜੇ
ਖੋਲ੍ਹੀ ਕਮਰ ਆਰਾਮ ਕੋ ਹਰ ਏਕ 'ਜਰੀ' ਨੇ ਜੋਧੇ
ਰਹਿਰਾਸ ਕਾ ਦੀਵਾਨ ਸਜਾਇਆ ਗੁਰੂ ਜੀ ਨੇ
ਮਿਲਜੁਲ ਕਰ ਸਰੇ ਸ਼ਾਮ ਭਜਨ ਗਾਇਆ ਸਭੀ ਨੇ
ਖਾਨਾ ਕਈ ਵਕਤੋਂ ਮੇਂ 'ਮੁਯੱਸਰ' ਨ ਥਾ ਆਇਆ। ਪ੍ਰਾਪਤ
ਇਸ ਸ਼ਾਮ ਭੀ ਸ਼ੇਰੋਂ ਨੇ ਕੜਾਕਾ ਹੀ ਉਠਾਇਆ।

ਉਥੇ ਕਿਸੇ ਨੇ ਉਠ ਕੇ ਤੰਬੂ ਖੜ੍ਹੇ ਕਰ ਦਿੱਤੇ। ਹਰ ਇੱਕ ਜੋਧੇ ਨੇ ਆਰਾਮ ਕਰਨ ਲਈ ਕਮਰ ਕਸੇ ਲਾਹ ਦਿੱਤੇ। ਗੁਰੂ ਮਹਾਰਾਜ ਨੇ ਰਹਿਰਾਸ ਦਾ ਦੀਵਾਨ ਸਜਾ ਦਿੱਤਾ ਤੇ ਸਾਰਿਆਂ ਨੇ ਮਿਲ-ਜੁਲ ਕੇ ਸ਼ਾਮ ਦੇ ਭਜਨ ਗਾਉਣੇ ਆਰੰਭ ਕੀਤੇ। ਕਾਫ਼ੀ ਚਿਰ ਤੋਂ ਰੱਜਵਾਂ ਖਾਣਾ ਨਹੀਂ ਮਿਲਿਆ ਇਸ ਸ਼ਾਮ ਵੀ ਭੁੱਖੇ-ਭਾਣੇ ਰਹਿ ਕੇ ਸਾਰੇ ਬਹਾਦਰਾਂ ਨੇ ਜਾਗਦਿਆਂ ਹੀ ਰਾਤ ਬਿਤਾਈ।


Sri Satguru Jagjit Singh Ji eLibrary NamdhariElibrary@gmail.com

## 9

ਕੁੱਛ ਲੇਟ ਗਏ ਖ਼ਾਕ ਪਿ 'ਜ਼ੀ-ਪੋਸ਼' ਬਿਛਾ ਕਰ — *ਘੋੜੇ ਦਾ ਜ਼ੀਨ*
ਪਹਿਰਾ ਲਗਾ ਦੇਨੇ ਕੁਈ ਤਲਵਾਰ ਉਠਾ ਕਰ
ਗੋਬਿੰਦ ਭੀ 'ਸ਼ਬ ਬਾਸ਼' ਹੂਏ ਖ਼ੈਮਾਂ ਮੇਂ ਜਾਕਰ — *ਰਾਤ ਦਾ ਆਰਾਮ*
ਦੇਖਾ ਤੋ ਵਹਾਂ ਬੈਠੇ ਹੈਂ ਗਰਦਨ ਕੋ ਝੁਕਾ ਕਰ
ਵਾਹਿਗੁਰੂ, ਵਾਹਿਗੁਰੂ ਹੈ ਮੂੰਹ ਸੇ ਨਿਕਲਤਾ।
ਹੈ ਤੂੰ ਹੀ ਤੂੰ, ਤੂਹੀ ਤੂ, ਹੈ ਮੂੰਹ ਸੇ ਨਿਕਲਤਾ।

ਕੁਝ ਸਿੰਘ ਧਰਤੀ ਤੇ ਘੋੜੇ ਦੀ ਜ਼ੀਨ ਵਿਛਾ ਕੇ ਪੈ ਗਏ। ਕਈ ਤਲਵਾਰਾਂ ਚੁੱਕ ਕੇ ਪਹਿਰੇ 'ਤੇ ਖੜ੍ਹੇ ਹੋ ਗਏ। ਗੁਰੂ ਜੀ ਵੀ ਆਪਣੇ ਤੰਬੂ ਵਿੱਚ ਆਰਾਮ ਕਰਨ ਚਲੇ ਗਏ। ਜਦੋਂ ਜਾ ਕੇ ਸਿੰਘਾਂ ਨੇ ਤੱਕਿਆ ਤਾਂ ਵੇਖਿਆ ਕਿ ਉਹ ਗਰਦਨ ਝੁਕਾਈ ਬੈਠੇ ਹਨ ਤੇ ਵਾਹਿਗੁਰੂ ਦਾ ਨਾਮ ਜਪ ਰਹੇ ਹਨ ਤੇ ਮੂੰਹੋਂ 'ਤੂੰ ਹੀ', 'ਤੂੰ ਹੀ' ਦੀ ਅਵਾਜ਼ ਕੱਢ ਰਹੇ ਹਨ।

## 10

ਜਬ ਡੇਢ੍ਹ ਘੜੀ ਰਾਤ ਗਈ 'ਜ਼ਿਕਰਿ ਖ਼ੁਦਾ' ਮੇਂ — *ਰੱਬੀ ਯਾਦ*
'ਖ਼ੈਮੇ' ਸੇ ਨਿਕਲ ਆਏ ਸਰਕਾਰ ਹਵਾ ਮੇਂ — *ਤੰਬੂ*
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ 'ਦੁਆ' ਮੇਂ — *ਅਰਦਾਸ*
ਬੋਲੇ, 'ਐ ਖ਼ੁਦਾਵੰਦ! ਹੂੰ ਖ਼ੁਸ਼ ਤੇਰੀ ਰਜ਼ਾ ਮੇਂ
ਕਰਤਾਰ ਸੇ ਕਹਿਤੇ ਥੇ ਗੋਇਆ 'ਰੂਬਰੂ' ਹੋ ਕਰ — *ਸਾਹਮਣੇ*
'ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖ਼ਰੂ ਹੋ ਕਰ।'

ਜਦੋਂ ਵਾਹਿਗੁਰੂ ਯਾਦ ਕਰਦਿਆਂ ਡੇਢ ਘੜੀ ਰਾਤ ਲੰਘ ਗਈ ਤਾਂ ਗੁਰੂ ਜੀ ਤੰਬੂ ਵਿੱਚੋਂ ਨਿਕਲ ਕੇ ਬਾਹਰ ਹਵਾ ਵਿੱਚ ਆ ਗਏ। ਭਾਵੇਂ ਉਹ ਇਧਰ-ਉਧਰ ਟਹਿਲਦੇ ਫਿਰ ਰਹੇ ਸਨ ਪਰ ਧਿਆਨ ਸਿਮਰਨ ਵੱਲ ਹੀ ਸੀ ਤੇ ਕਹਿ ਰਹੇ ਸਨ ਕਿ ਹੇ ਵਾਹਿਗੁਰੂ! ਮੈਂ ਤੇਰੀ ਮਰਜ਼ੀ 'ਤੇ ਖ਼ੁਸ਼ ਹਾਂ, ਮਾਨੋ ਵਾਹਿਗੁਰੂ ਨੂੰ ਕਹਿ ਰਹੇ ਸੀ ਕਿ ਮੈਂ ਕੱਲ੍ਹ ਨੂੰ ਚਮਕੌਰ ਤੋਂ ਜਿੱਤ ਪ੍ਰਾਪਤ ਕਰਕੇ ਜਾਵਾਂਗਾ।



Sri Satguru Jagjit Singh Ji eLibrary NamdhariElibrary@gmail.com

## 11

'ਮੈਂ ਤੇਰਾ ਹੂੰ ਬੱਚੇ ਭੀ ਮਿਰੇ ਤੇਰੇ ਹੈਂ ਮੌਲਾ
ਥੇ ਤੇਰੇ ਹੀ, ਹੈਂ ਤੇਰੇ, ਰਹੇਂਗੇ ਮੇਰੇ ਦਾਤਾ
ਜਿਸ ਹਾਲ ਮੇਂ ਰੱਖੇਂ ਤੂ ਵਹੀ ਹਾਲ ਹੈ ਅੱਛਾ
'ਜੁਜ਼' ਸ਼ੁਕਰ ਆਨੇ ਕਾ ਜ਼ੁਬਾਂ ਪਰ ਨਹੀਂ ਸ਼ਿਕਵਾ *ਬਗ਼ੈਰ*
ਲੇਟੇ ਹੂਏ ਹੈਂ ਖ਼ਾਲਸਾ ਜੀ ਆਜ ਜ਼ਿਮੀਂ ਪਰ।
ਕਿਸ ਤਰਹ ਸੇ ਚੈਨ ਆਏ ਹਮੇਂ ਸ਼ਾਹਿ-ਨਸ਼ੀ ਪਰ।

ਰੱਬਾ! ਮੈਂ ਵੀ ਤੇ ਮੇਰੇ ਬੱਚੇ ਵੀ ਤੇਰੇ ਹਨ। ਹੇ ਦਾਤਾ! ਅਸੀਂ ਸਭ ਤੇਰੇ ਸੀ, ਤੇਰੇ ਹਾਂ ਤੇ ਤੇਰੇ ਹੀ ਰਹਾਂਗੇ। ਤੂੰ ਜਿਸ ਹਾਲ ਵਿੱਚ ਰੱਖੇਂਗਾ, ਚੰਗਾ ਹੈ। ਜ਼ੁਬਾਨ ਵਿੱਚੋਂ ਸ਼ੁਕਰ ਕਰ ਰਹੇ ਸੀ ਤੇ ਰਤੀ ਭਰ ਵੀ ਕੋਈ ਸ਼ਿਕਵਾ ਨਹੀਂ ਸੀ। ਭਾਵੇਂ ਸਾਰਾ ਖ਼ਾਲਸਾ ਧਰਤੀ ਉੱਤੇ ਲੇਟਿਆ ਪਿਆ ਸੀ ਪਰ ਅਜਿਹੇ ਸਮੇਂ ਸ਼ਾਂਤੀ ਆਸਣ ਉੱਤੇ ਕਿਵੇਂ ਨੀਂਦ ਆ ਸਕਦੀ ਸੀ।

## 12

ਯਿਹ ਕਹਕੇ ਗੁਰੂ 'ਲਸ਼ਕਰਿ ਖ਼ੁਫ਼ਤਾ' ਮੇਂ ਦਰ ਆਏ *ਸੁੱਤੀ ਫ਼ੌਜ*
ਪਹਰੇ ਪੇ ਜਵਾਂ ਊਂਘਤੇ ਅਕਸਰ ਨਜ਼ਰ ਆਏ
ਯੂੰ ਹਰ ਜਗ੍ਹਾ ਖ਼ਾਮੋਸ਼ ਗਏ, ਬੇਖ਼ਬਰ ਆਏ
ਸੋਏ ਹੂਏ ਬੱਚੋਂ ਕੇ 'ਕਰੀਂ' ਜੂੰ ਪਿਦਰ ਆਏ *ਪਾਸ, ਨੇੜੇ*
ਗਰਜ਼ਿ ਕਿ ਦਬੇ ਪਾਓਂ ਟਹਲਨੇ ਲਗੇ ਸਤਿਗੁਰ।
ਭਗਤੀ ਸੇ ਮੁਰੀਦੋਂ ਕੀ, ਬਹੱਲਨੇ ਲਗੇ ਸਤਿਗੁਰ।

ਏਦਾਂ ਸੋਚ ਕੇ ਗੁਰੂ ਜੀ ਆਪਣੀ ਸੁੱਤੀ ਪਈ ਫ਼ੌਜ ਵਿਚਕਾਰ ਪਰਤੇ। ਵੇਖਿਆ ਕਿ ਪਹਿਰੇ 'ਤੇ ਖੜ੍ਹੇ ਜਵਾਨ ਊਂਘ ਰਹੇ ਹਨ। ਏਦਾਂ ਉਹ ਚੁੱਪ-ਚਾਪ ਘੁੰਮਦੇ ਰਹੇ ਜਿਵੇਂ ਕੋਈ ਬਾਪ ਆਪਣੇ ਸੁੱਤੇ ਪਏ ਬੱਚੇ ਦੁਆਲੇ ਘੁੰਮਦਾ ਹੈ। ਗੱਲ ਕੀ ਕਿ ਹੌਲੀ-ਹੌਲੀ ਪੈਰ ਧਰਦੇ ਘੁੰਮਦੇ ਰਹੇ ਤੇ ਆਪਣੇ ਸਿੰਘਾਂ ਦੀ ਭਗਤੀ ਵੇਖ-ਵੇਖ ਮਨ ਬਹਿਲਾਉਂਦੇ ਰਹੇ।



Sri Satguru Jagjit Singh Ji eLibrary NamdhariElibrary@gmail.com

## 13

ਸਾਫ਼ੇ ਕਭੀ ਸਿੰਘੋਂ ਕੇ ਉਠਾਤੇ ਥੇ ਜ਼ਿਮੀਂ ਸੇ।
ਕੇਸ ਉਸਕੇ ਜੁ ਝਾੜੇ ਤੋ ਲੀ ਖ਼ਾਕ ਉਸਕੀ 'ਜਬੀਂ' ਸੇ — *ਮਸਤਕ*
ਸਰ ਠੀਕ ਕੀਏ ਸਰਕੇ ਹੂਏ 'ਬਾਲਿਸ਼ ਜ਼ੀਂ' ਸੇ — *ਕਾਠੀ ਦੇ ਤਕੀਏ*
ਤਰਤੀਬ ਦੀ ਹਰ ਚੀਜ਼ ਕੋ ਲਾ ਲਾ ਕੇ ਕਹੀਂ ਸੇ
ਹਾਸ਼ਾ! ਕਿਸੀ ਮੁਰਸ਼ਦ ਮੇਂ 'ਅਸਜਾਰ' ਨਹੀਂ ਹੈ। — *ਪਰਸੁਆਰਥ*
ਯਿਹ ਪਿਆਰ ਕਿਸੀ ਪੀਰ ਮੇਂ 'ਜ਼ਿਨਹਾਰ' ਨਹੀਂ ਹੈ। — *ਬਿਲਕੁਲ, ਹਰਗਿਜ਼*

ਕਦੇ ਕਈ ਸਿੰਘਾਂ ਦੇ ਧਰਤੀ ਉੱਤੋਂ ਸਾਫ਼ੇ ਚੁਕਦੇ ਸਨ। ਕਈਆਂ ਦੇ ਕੇਸ ਝਾੜਕੇ ਮਿੱਟੀ ਨੂੰ ਆਪਣੇ ਮਸਤਕ 'ਤੇ ਲਾਉਂਦੇ ਸਨ। ਸਿਰ ਕਾਠੀ ਦੇ ਤਕੀਏ ਤੋਂ ਜੋ ਸਰਕ ਗਏ ਸੀ, ਠੀਕ ਕਰਦੇ ਸਨ ਅਤੇ ਹਰ ਵਸਤ ਨੂੰ ਠੀਕ ਤਰ੍ਹਾਂ ਤਰਤੀਬ ਦੇਂਦੇ ਸਨ। ਆਫ਼ਰੀਨ ਹੈ ਕਿ ਕੋਈ ਵੀ ਮੁਰਸ਼ਦ ਏਦਾਂ ਪਰਸੁਆਰਥੀ ਨਹੀਂ ਦੇਖਿਆ ਤੇ ਨਾ ਹੀ ਏਦਾਂ ਦਾ ਆਪਣੇ ਸੇਵਕਾਂ ਪ੍ਰਤੀ ਪਿਆਰ ਕਿਸੇ ਪੀਰ ਵਿੱਚ ਹੋ ਸਕਦਾ ਹੈ।

## 14

ਥੇ ਦੇਖਤੇ ਹਰ ਇੱਕ ਕੋ ਦੀਦਾਏ ਤਰ ਸੇ
ਉਲਫ਼ਤ ਕੀ ਨਿਗਾਹੋਂ ਸੇ ਮੁਹੱਬਤ ਕੀ ਨਜ਼ਰ ਸੇ
ਬਾਂਧੇ ਹੁਏ ਪਟਕਾ ਪਏ ਖ਼ਿਦਮਤ ਥੇ ਕਮਰ ਸੇ
ਥਾ ਜਾਗਤਾ ਕੋਈ ਤੋ ਸਰਕ ਜਾਤੇ ਥੇ ਸਰ ਸੇ
ਨਫ਼ਰਤ ਥੀ ਯਹਾਂ ਤੱਕ ਸ਼ਹਿ ਬਾਲਾ ਕੋ 'ਰਿਆ' ਸੇ। — *ਦਿਖਾਵਾ*
ਨੇਕੀ ਕੋ ਛੁਪਾਤੇ ਥੇ ਸਦਾ 'ਮਾਓ ਸ਼ੁਮਾ' ਸੇ। — *ਲੋਕਾਂ ਵੱਲੋਂ*

ਹੰਝੂਆਂ ਨਾਲਭਰੀਆਂ ਅੱਖਾਂ ਨਾਲ ਗੁਰੂ ਜੀ ਸਭ ਵੱਲ ਦੇਖਦੇ ਸਨ। ਪਿਆਰ ਭਰੀਆਂ ਨਜ਼ਰਾਂ ਦੌੜਾ ਰਹੇ ਸਨ। ਲੋਕ ਸੇਵਾ ਵਿੱਚ ਲੱਕ ਬੰਨ੍ਹਕੇ ਜੁੱਟੇ ਹੋਏ ਸਨ। ਜੋ ਜਾਗਦਾ ਸੀ ਉਸਦਾ ਸਿਰ ਛੋਹ ਕੇ ਸੁਚੇਤ ਕਰਦੇ ਸਨ। ਵੱਡੇ ਸ਼ਹਿਨਸ਼ਾਹ ਨੂੰ ਦਿਖਾਵੇ ਤੋਂ ਏਨੀ ਨਫ਼ਰਤ ਸੀ ਕਿ ਆਪਣੇ ਕੀਤੇ ਪਰਉਪਕਾਰ ਵੀ ਨਹੀਂ ਜਤਾਉਂਦੇ ਸਨ।



Sri Satguru Jagjit Singh Ji eLibrary NamdhariElibrary@gmail.com

## 15

ਜਿਨ ਸਿੰਘੋਂ ਨੇ ਕੱਲ੍ਹ ਮੌਤ ਕੇ ਸਾਹਿਲ ਥਾ ਉਤਰਨਾ
ਕੱਲ੍ਹ ਸੁਬਹ ਥਾ ਜਿਨ ਖ਼ਾਲਸੋਂ ਨੇ ਜੰਗ ਮੇਂ ਮਰਨਾ
ਥਾਲੀਂ ਸੇ ਸ਼ਹੀਦੋਂ ਕੇ ਹੁਆ ਜਬਕਿ ਗੁਜ਼ਰਨਾ
ਮੁਸ਼ਕਲ ਹੁਆ ਇਸ ਜਾ ਸੇ ਕ਼ਦਮ ਆਗੇ ਕੋ ਧਰਨਾ

ਚੂਮਾ ਕਭੀ 'ਹਲਕੂਮ' 'ਦਹਨ' ਚੂਮਨੇ ਬੈਠੇ। ਗਲ, ਮੁਖ
ਜਬ 'ਪਾਇੰਤੀ' ਆਏ ਤੋ ਚਰਨ ਚੂਮਨੇ ਬੈਠੇ। ਪੈਂਦ ਵਲ

ਜਿਨ੍ਹਾਂ ਸਿੰਘਾਂ ਨੇ ਕੱਲ੍ਹ ਨੂੰ ਮੌਤ ਦੇ ਕੰਢੇ ਪੁੱਜਣਾ ਸੀ ਤੇ ਜਿਨ੍ਹਾਂ ਨੇ ਕੱਲ੍ਹ ਸਵੇਰੇ ਜੰਗ ਵਿੱਚ ਜਾਨ ਦੇਣੀ ਸੀ, ਜਿਨ੍ਹਾਂ ਨੇ ਸ਼ਹੀਦੀ ਰਾਹ ਗੁਜ਼ਰਨਾ ਸੀ। ਇਸ ਥਾਂ ਤੋਂ ਅੱਗੇ ਪੈਰ ਧਰਨਾ ਔਖਾ ਹੋ ਗਿਆ। ਉਨ੍ਹਾਂ ਦੇ ਕਦੀ ਗਲ ਤੇ ਕਦੀ ਮੂੰਹ ਚੁੰਮਣ ਲੱਗੇ ਜਦੋਂ ਉਹ ਗੁਰੂ ਜੀ ਦੇ ਪੈਰਾਂ ਵੱਲ ਉਨ੍ਹਾਂ ਦੇ ਕਦਮ ਚੁੰਮਣ ਲਈ ਆਏ।

## 16

ਫ਼ੁਰਮਾਇ, 'ਸਹਰ' ਸੇ ਯਿਹ ਹੁਸ਼ਿਆਰ ਨ ਹੋਂਗੇ ਤੜਕੇ
ਅਬ ਸੋ ਕੇ ਕਿ ਫਿਰ ਨੀਂਦ ਸੇ ਬੇਦਾਰ ਨ ਹੋਂਗੇ
ਹਮ ਹੋਂਗੇ ਮੁਸੀਬਤ ਮੇਂ ਮਗਰ ਯਾਰ ਨ ਹੋਂਗੇ
ਯੇ ਸਿੰਘ ਪਿਆਰੇ ਯਿਹ ਵਫ਼ਾਦਾਰ ਨ ਹੋਂਗੇ

ਸੋਏ ਹੁਏ ਸ਼ੇਰੋਂ ਕੋ ਗਲੇ ਅਪਨੇ ਲਗਾਇਆ।
ਸਤਿਗੁਰ ਨੇ ਦਲੇਰੋਂ ਕੋ ਗਲੇ ਅਪਨੇ ਲਗਾਇਆ।

ਕਹਿਣ ਲੱਗੇ ਕਿ ਇਹ ਹੁਣ ਸੌਂ ਕੇ ਤੜਕੇ ਤਿਆਰ ਨਹੀਂ ਹੋ ਸਕਣਗੇ। ਹੁਣ ਨੀਂਦ ਵਿੱਚ ਵਿਗੁੱਤੇ ਹੋ ਕੇ ਇਨ੍ਹਾਂ ਨੂੰ ਜਾਗਣਾ ਔਖਾ ਹੋ ਜਾਵੇਗਾ। ਅਸੀਂ ਮੁਸੀਬਤ ਵਿੱਚ ਹੋਵਾਂਗੇ ਪਰ ਇਹ ਮਿੱਤਰ ਪਾਸ ਨਹੀਂ ਹੋਣਗੇ ਤੇ ਇਹ ਪਿਆਰੇ ਤੇ ਵਫ਼ਾਦਾਰ ਸਿੰਘ ਨਾਲ ਨਹੀਂ ਹੋਣਗੇ। ਬਸ ਇਹ ਸੋਚ ਸੁੱਤੇ ਪਿਆਂ ਸਿੰਘਾਂ ਨੂੰ ਗਲ ਨਾਲ ਲਾਇਆ ਤੇ ਇਨ੍ਹਾਂ ਸਾਰੇ ਬਹਾਦਰਾਂ ਨੂੰ ਪਿਆਰ ਕੀਤਾ।


Sri Satguru Jagjit Singh Ji eLibrary NamdhariElibrary@gmail.com

## 17

ਇਨਸਾਫ਼ ਕਰੇ ਜੀ ਮੇਂ ਜ਼ਮਾਨਾ ਤੋ ਯਕ਼ੀਂ ਹੈ
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ
ਯਹ ਪਿਆਰ ਮੁਰੀਦੋਂ ਸੇ ਯੇਹ 'ਸ਼ਫ਼ਕ਼ਤ' ਭੀ ਕਹੀਂ ਹੈ ? — *ਕ੍ਰਿਪਾਲਤਾ*
ਭਗਤੀ ਮੇਂ ਗੁਰੂ ਅਰਸ਼, ਸੰਸਾਰ ਜ਼ਿਮੀਂ ਹੈ
ਉਲਫ਼ਤ ਕੇ ਯੇ ਜਜ਼ਬੇ ਨਹੀਂ ਦੇਖੇ ਕਹੀਂ ਹਮ ਨੇ।
ਹੈ ਦੇਖਨਾ ਇੱਕ ਬਾਤ ਸੁਨੇ ਭੀ ਨਹੀਂ ਹਮ ਨੇ।

ਏਹ ਸੱਚ ਜਾਣੋ। ਜੇ ਜ਼ਮਾਨਾ ਸੱਚੇ ਦਿਲ ਤੋਂ ਇਨਸਾਫ਼ ਨਾਲ ਕਹਿ ਦੇਵੇ ਤਾਂ ਮੰਨਣ ਯੋਗ ਹੈ ਕਿ ਗੁਰੂ ਗੋਬਿੰਦ ਸਿੰਘ ਦਾ ਦੁਨੀਆ ਵਿੱਚ ਕੋਈ ਸਾਨੀ ਨਹੀਂ ਹੈ। ਆਪਣੇ ਸੇਵਕਾਂ ਨਾਲ਼ ਏਨਾਂ ਪਿਆਰ ਤੇ ਏਨੀ ਕ੍ਰਿਪਾਲਤਾ ਕਦੇ ਕਿਸੇ ਨੇ ਨਹੀਂ ਕੀਤੀ ਹੈ। ਉਹ ਭਗਤੀ ਵਿੱਚ ਅਸਮਾਨ ਉੱਤੇ ਹੈ ਤੇ ਜ਼ੁਲਮ ਵਿਰੁੱਧ ਧਰਤੀ ਉੱਤੇ ਹੈ। ਅਸੀਂ ਕਦੀ ਵੀ ਪਿਆਰ ਭਰੇ ਜਜ਼ਬੇ ਨਹੀਂ ਦੇਖੇ, ਦੇਖਣਾ ਤਾਂ ਇਕ ਪਾਸੇ ਕਦੀ ਸੁਣਿਆ ਵੀ ਨਹੀਂ ਹੈ।

## 18

ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕ਼ਸਮ ਹੈ
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ
'ਹਰ ਚੰਦ' ਮਿਰੇ ਹਾਥ ਮੇਂ ਪੁਰਜ਼ੋਰ ਕ਼ਲਮ ਹੈ — *ਭਾਵੇਂ*
ਸਤਿਗੁਰ ਕੇ ਲਿਖੂੰ ਵਸਫ਼ ਕਹਾਂ 'ਤਾਬਿ ਰਕਮ' ਹੈ — *ਲਿਖਣ-ਸ਼ਕਤੀ*
ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ। — *ਸਮੁੰਦਰ*
'ਸਾਹਿਲ' ਕੋ ਯਾ ਮੰਝਦਾਰ ਕੋ ਯਾ ਲਹਿਰ ਕੋ ਦੇਖੇ। — *ਕੰਢਾ*

ਮੈਂ ਵਾਹਿਗੁਰੂ ਦੀ ਸੌਗੰਦ ਤੇ ਨਾਨਕ ਦੀ ਸਹੁੰ ਖਾਂਦਾ ਹਾਂ ਕਿ ਗੁਰੂ ਗੋਬਿੰਦ ਸਿੰਘ ਦੀ ਜਿੰਨੀ ਵੀ ਸਿਫ਼ਤ ਕੀਤੀ ਜਾਵੇ ਥੋੜ੍ਹੀ ਹੈ। ਭਾਵੇਂ ਮੇਰੇ ਹੱਥ ਵਿੱਚ ਬਹੁਤ ਸ਼ਕਤੀਸ਼ਾਲੀ ਕਲਮ ਹੈ ਫਿਰ ਵੀ ਸਤਿਗੁਰੂ ਦੀਆਂ ਖ਼ੂਬੀਆ ਜਿੰਨੀਆਂ ਵੀ ਲਿਖਾਂ ਘੱਟ ਹਨ, ਤੇ ਮੇਰੇ ਵਿੱਚ ਸ਼ਕਤੀ ਨਹੀਂ ਹੈ। ਮੈਂ ਇਕ ਬੁਲਬੁਲੇ ਦੀ ਨਿਆਈ ਹਾਂ, ਆਪਣੀ ਅੱਖ ਨਾਲ ਇੱਕ ਸਾਗਰ ਦਾ ਨਿਰਣਾ ਕਿਵੇਂ ਕਰ ਸਕਦਾ ਹਾਂ। ਮੈਂ ਤੱਟ ਨੂੰ ਵੇਖਾਂ, ਮੰਝਧਾਰ ਨੂੰ ਵੇਖਾਂ ਜਾਂ ਲਹਿਰ ਨੂੰ ਵੇਖਾਂ ?



Sri Satguru Jagjit Singh Ji eLibrary NamdhariElibrary@gmail.com

## 19

ਮੱਦਾਹ ਹੂੰ ਨਾਨਕ ਕਾ 'ਸਨਾ ਖ੍ਵਾਹ' ਹੂੰ ਤੇਰਾ *ਜਸ ਗਾਉਣ ਵਾਲਾ*
'ਪਿਨਹਾਂ' ਹੂੰ ਤੋ ਤੇਰਾ ਹੂੰ ਨੁਮਾਯਾ ਹੂੰ ਤੋ ਤੇਰਾ *ਗੁੱਝਾ*
ਸ਼ਾਦਾਂ ਹੂੰ ਤੋ ਤੇਰਾ ਹੂੰ ਸਨਾ-ਖ਼ਵਾਹ ਹੂੰ ਤੋ ਤੇਰਾ
ਹਿੰਦੂ ਹੂੰ ਤੋ ਤੇਰਾ ਹੂੰ ਮੁਸਲਮਾਂ ਹੂੰ ਤੋ ਤੇਰਾ
ਕੁਰਬਾਨੀਆਂ ਕੀਂ ਤੂ ਬਹੁਤ ਰਾਹੇ ਖ਼ੁਦਾ ਮੇਂ।
ਦਰਜਾ ਹੈ ਤਿਰਾ ਖ਼ਾਸ ਹੀ ਖ਼ਾਸਾਨੇ ਖ਼ੁਦਾ ਮੇਂ।

ਹੇ ਗੁਰੂ ਗੋਬਿੰਦ ਸਿੰਘ! ਮੈਂ ਤੇਰਾ ਅਤੇ ਗੁਰੂ ਨਾਨਕ ਜੀ ਦਾ ਜਸ ਗਾਉਣ ਵਾਲਾ ਹਾਂ। ਮੈਂ ਛੁਪਿਆ ਰਹਾਂ ਜਾਂ ਜ਼ਾਹਿਰਾ, ਤੇਰੇ ਵੱਲੋਂ ਖ਼ੁਸ਼ੀ ਮਾਨਣ ਵਾਲਾ ਹਾਂ ਜਾਂ ਤਾਰੀਫ਼ ਕਰਦਾ ਹਾਂ, ਤੇਰਾ ਹਾਂ। ਹਿੰਦੂ ਹਾਂ ਜਾਂ ਮੁਸਲਮਾਨ ਹਾਂ, ਤੇਰਾ ਹਾਂ, ਨੇਕੀ ਦੇ ਰਾਹਾਂ 'ਤੇ ਤੂੰ ਬੇਅੰਤ ਕੁਰਬਾਨੀਆਂ ਕੀਤੀਆਂ ਹਨ ਤੇ ਵਾਹਿਗੁਰੂ ਦੇ ਵਿਸ਼ੇਸ਼ ਦੇਵਤਿਆਂ ਵਿੱਚ ਤੇਰਾ ਵਿਲੱਖਣ ਦਰਜਾ ਹੈ।

## 20

ਐ ਸਤਿਗੁਰੂ ਗੋਬਿੰਦ! ਤੂੰ ਵੁਹ 'ਅਬਰਿ ਕਰਮ' ਹੈ *ਬਖ਼ਸ਼ਿਸ਼ ਦਾ ਬੱਦਲ*
ਐ ਸਤਿਗੁਰੂ ਗੋਬਿੰਦ! ਤੂੰ ਵੁਹ 'ਅਬਰਿ ਹਮਮ' ਹੈ *ਉਤਸ਼ਾਹ*
ਸਾਨੀ ਤੇਰਾ ਦਾਰਾ ਥਾ ਨ ਸਿਕੰਦਰ ਹੈ ਨ 'ਜਮ' ਹੈ *ਜਮਸ਼ੇਦ*
ਖਾਤਾ ਤੇਰੇ ਕ਼ਦਮੋਂ ਕੀ ਫਰੀਦੂੰ ਭੀ ਕ਼ਸਮ ਹੈ
ਹਾਤਮ ਕਾ 'ਸਖ਼ਾਵਤ' ਸੇ ਅਗਰ ਨਾਮ ਭੁਲਾਦਿਆ। *ਦਾਨ*
'ਜੁਰਅਤ' ਸੇ ਹਮੇਂ ਰੁਸਤਮੋਂ ਬਹਿਰਾਮ ਭੁਲਾਦਿਆ। *ਦਲੇਰੀ, ਬਹਾਦਰੀ*

ਐ ਗੁਰੂ ਗੋਬਿੰਦ ਸਿੰਘ! ਤੂੰ ਉਹ ਰਹਿਮ ਭਰਿਆ ਬੱਦਲ ਹੈਂ। ਐ ਗੁਰੂ ਗੋਬਿੰਦ ਸਿੰਘ! ਤੂੰ ਉਹ ਉਤਸ਼ਾਹ ਜਨਕ ਦਾਤਾ ਹੈਂ। ਦਾਰਾ, ਸਿਕੰਦਰ ਅਤੇ ਜਮਸ਼ੇਦ ਬਾਦਸ਼ਾਹ ਵੀ ਤੇਰਾ ਮੁਕਾਬਲਾ ਨਹੀਂ ਕਰ ਸਕਦੇ। ਇਸੇ ਲਈ ਫ਼ਰੀਦੂੰ ਵੀ ਤੇਰੇ ਚਰਨਾਂ ਦੀ ਸਹੁੰ ਖਾਂਦਾ ਹੈ। ਦਾਨ ਵਿੱਚ ਤੂੰ ਸਾਨੂੰ ਹਾਤਮ ਦਾ ਨਾਮ ਭੁੱਲਾ ਦਿੱਤਾ ਹੈ ਤਾਂ ਬਹਾਦਰੀ ਵਿੱਚ ਬਹਿਰਾਮ ਦੇ ਰੁਸਤਮ ਦਾ ਨਾਂ ਵੀ ਤੇਰੇ ਮੁਕ਼ਾਬਲੇ ਭੁੱਲ ਗਏ ਹਾਂ।


Sri Satguru Jagjit Singh Ji eLibrary NamdhariElibrary@gmail.com

21

ਕਿਸ ਸ਼ਾਨ ਕਾ ਰੁਤਬਾ ਤਿਰਾ ਅੱਲਾਹੁ ਗ਼ਨੀ ਹੈ
ਮਸਕੀਨ ਗ਼ਰੀਬੋਂ ਮੇਂ ਦਲੇਰੋਂ ਮੇਂ 'ਜਰੀ' ਹੈ ਜੋਧਾ
ਅੰਗਦ ਹੈ ਅਮਰਦਾਸ ਅਰਜਨ ਭੀ ਤੂ ਹੀ ਹੈ
ਨਾਨਕ ਸੇ ਲੇ, ਤਾ ਤੇਗ਼ ਬਹਾਦਰ ਤੂ ਸਭੀ ਹੈ
ਤੀਰਥ ਨਹੀਂ ਕੋਈ ਰੂਇ ਰੌਸ਼ਨ ਕੇ ਬਰਾਬਰ।
ਦਰਸ਼ਨ ਤਿਰੇ ਦਸ ਗੁਰੂਓਂ ਕੇ ਦਰਸ਼ਨ ਕੇ ਬਰਾਬਰ।

ਵੱਡੇ ਦੌਲਤਮੰਦਾਂ ਤੇ ਅਮੀਰਾਂ ਵਿੱਚ ਤੇਰਾ ਮਰਤਬਾ ਬਹੁਤ ਉੱਚੀ ਸ਼ਾਨ ਵਾਲਾ ਹੈ। ਗ਼ਰੀਬਾਂ ਵਿੱਚ ਤੂੰ ਫ਼ੱਕਰ ਤੇ ਬਹਾਦਰਾਂ ਵਿੱਚ ਜੋਧਾ ਹੈਂ। ਤੂੰ ਹੀ ਗੁਰੂ ਅੰਗਦ, ਗੁਰੂ ਅਮਰਦਾਸ ਤੇ ਅਰਜਨ ਹੈਂ। ਗੱਲ ਕੀ ਤੂੰ ਗੁਰੂ ਨਾਨਕ ਤੋਂ ਤੇਗ਼ ਬਹਾਦਰ ਤੱਕ ਆਪ ਹੀ ਹੈ ਤੇਰੇ ਸੁੰਦਰ ਚਿਹਰੇ ਦੀ ਰੌਸ਼ਨੀ ਸਮਾਨ ਕੋਈ ਤੀਰਥ ਨਹੀਂ ਹੈ ਅਤੇ ਤੇਰੇ ਦਰਸ਼ਨ ਦਸ ਗੁਰੂਆਂ ਦੇ ਦਰਸ਼ਨਾਂ ਬਰਾਬਰ ਹਨ।

22 .

ਕਿਸ ਸਬਰ ਸੇ ਹਰ ਏਕ ਕੜੀ ਤੂ ਨੇ ਉਠਾਈ
ਕਿਸ ਸ਼ੁਕਰ ਸੇ ਹਰ ਚੋਟ ਕਲੇਜੇ ਪੇ ਹੈ ਖਾਈ
ਵਾਲਦ ਕੋ ਕਟਾਇਆ ਕਭੀ ਔਲਾਦ ਕਟਾਈ
ਕੀ ਫ਼ਿਕਰ ਮੇਂ ਫ਼ਾਕੇ ਮੇਂ ਹਜ਼ਾਰੋਂ ਸੇ ਲੜਾਈ
ਹਿੰਮਤ ਸੇ ਤਿਰੀ ਸਭ ਸੇ 'ਸਲਾਤੀਨ' ਲਰਜ਼ਤੇ। ਬਾਦਸ਼ਾਹ
ਜੁਰੱਅਤ ਸੇ ਤਿਰੀ ਲੋਗ ਥੇ ਤਾ ਚੀਨ 'ਲਰਜ਼ਤੇ'। ਕੰਬਦੇ

ਤੂੰ ਕਿੰਨੇ ਸਬਰ ਨਾਲ ਹਰ ਔਕੜ ਦਾ ਸਾਹਮਣਾ ਕੀਤਾ ਹੈ। ਤੂੰ ਪ੍ਰਮਾਤਮਾ ਉੱਤੇ ਕਿੰਨੇ ਭਰੋਸੇ ਤੇ ਸ਼ੁਕਰ ਨਾਲ ਹਰ ਮੁਸੀਬਤ ਸਹੀ ਹੈ। ਕਦੀ ਪਿਤਾ ਤੇ ਕਦੀ ਔਲਾਦ ਨੂੰ ਸ਼ਹੀਦ ਕਰਵਾਇਆ ਤੇ ਭੁੱਖੇ ਤਿਹਾਏ ਰਹਿ ਕੇ ਹਜ਼ਾਰਾਂ ਨਾਲ ਜੰਗ ਕੀਤੀ। ਸਾਰੇ ਰਾਜੇ ਮਹਾਰਾਜੇ ਤੇਰੀ ਹਿੰਮਤ ਅੱਗੇ ਕੰਬਦੇ ਸਨ ਅਤੇ ਬਹਾਦਰੀ ਸਾਹਮਣੇ ਚੀਨ ਤੱਕ ਲੋਕਾਂ ਨੂੰ ਕਾਂਬਾ ਛਿੜਦਾ ਸੀ।


Sri Satguru Jagjit Singh Ji eLibrary NamdhariElibrary@gmail.com

## 23

'ਆਦਾ' ਨੇ ਕਭੀ ਤੁਝ ਕੋ ਸੰਭਲਨੇ ਨਾ ਦੀਆ ਥਾ ਦੁਸ਼ਮਣ
ਆਰਾਮ ਸੇ ਪਹਿਲੂ ਕੋ ਬਦਲਨੇ ਨਾ ਦੀਆ ਥਾ
ਗੁਲਸ਼ਨ ਕੋ ਤਿਰੇ ਫੂਲਨੇ ਫਲਨੇ ਨਾ ਦੀਆ ਥਾ
ਕਾਂਟਾ ਦਿਲਿ ਪੁਰ ਖੂੰ ਸੇ ਨਿਕਲਨੇ ਨਾ ਦੀਆ ਥਾ
ਜਿਸ ਰਨ ਮੇਂ ਲੜਾ ਬੇਸਰੋ ਸਾਮਾਨ ਲੜਾ ਤੂ।
ਸੌ ਸਿਘ ਲੀਏ ਲਾਖੋਂ ਪੈ ਜਾ ਜਾ ਕੇ ਪੜਾ ਤੂ।

ਦੁਸ਼ਮਣ ਨੇ ਤੈਨੂੰ ਸਾਰੀ ਉਮਰ ਟਿਕਣ ਨਹੀਂ ਦਿੱਤਾ ਅਤੇ ਆਰਾਮ ਨਾਲ ਜੀਵਨ ਕਟੀ ਨਹੀਂ ਕਰਨ ਦਿੱਤੀ। ਤੇਰੇ ਬਾਗ਼ਾ ਨੂੰ ਫੁੱਲਣ ਤੇ ਫਲਣ ਨਹੀਂ ਦਿੱਤਾ। ਤੇਰੇ ਖ਼ੂਨ ਨਾਲ ਭਰੇ ਦਿਲ 'ਚੋਂ ਕਦੀ ਕੰਡਾ ਬਾਹਰ ਨਹੀਂ ਨਿਕਲਣ ਦਿੱਤਾ। ਤੂੰ ਜਿਸ ਜੰਗ ਵਿੱਚ ਲੜਿਆ, ਬੇਸਹਾਰਾ ਲੜਿਆ ਤੇ ਸੌ ਕੁ ਸਿੰਘਾਂ ਨਾਲ ਲੱਖਾਂ ਦੀ ਗਿਣਤੀ ਵਾਲੇ ਵੈਰੀਆਂ ਨਾਲ ਟੱਕਰ ਲਈ।

## 24

ਜ਼ਕ ਦੀ ਕਭੀ ਨਵਾਬ ਕੋ ਰਾਜੋਂ ਕੋ ਭਗਾਯਾ
ਮੈਦਾਂ ਮੇਂ ਮੁਕਾਬਿਲ ਜੁ ਹੂਆ ਮਾਰ ਗਿਰਾਯਾ
ਘਮਸਾਨ ਮੇਂ ਜਬ ਆਨ ਕੇ ਤੇਗ਼ੋਂ ਕੋ ਫਿਰਾਯਾ
ਫਿਰ ਕਰ ਦੀਆ ਇੱਕ ਆਨ ਮੇਂ ਲਸ਼ਕਰ ਕਾ ਸਫ਼ਾਯਾ
ਕੱਲ੍ਹ ਕਹਤੇ ਹੈਂ ਚਮਕੌਰ ਮੇਂ ਫਿਰ ਖੇਤ ਪੜੇਗਾ।
ਗੋਬਿੰਦ 'ਸਹਰ' ਹੋਤੇ ਹੀ ਲਾਖੋਂ ਸੇ ਲੜੇਗਾ। ਸਵੇਰ

ਕਿਤੇ ਨਵਾਬ ਨੂੰ ਹਰਾਇਆ ਤੇ ਕਿਤੇ ਰਾਜਿਆਂ ਨੂੰ ਭਜਾਇਆ। ਜੋ ਵੀ ਜੰਗ ਵਿੱਚ ਸਾਹਮਣੇ ਆਇਆ ਤੂੰ ਖ਼ਤਮ ਕਰ ਦਿੱਤਾ। ਜਦੋਂ ਗਹਿਗੱਚ ਲੜਾਈ ਵਿੱਚ ਤਲਵਾਰਾਂ ਖੜਕੀਆਂ, ਤੂੰ ਘੜੀਆਂ ਪਲਾਂ ਵਿੱਚ ਫ਼ੌਜਾਂ ਨੂੰ ਤਬਾਹ ਕਰ ਦਿੱਤਾ। ਕਹਿੰਦੇ ਨੇ ਕਿ ਕੱਲ੍ਹ ਨੂੰ ਚਮਕੌਰ ਵਿੱਚ ਜੰਗ ਹੋਵੇਗੀ ਤੇ ਗੁਰੂ ਗੋਬਿੰਦ ਸਿੰਘ ਜੀ ਸਵੇਰ ਹੁੰਦਿਆਂ ਹੀ ਲੱਖਾਂ ਨਾਲ ਜੂਝਣਗੇ।



Sri Satguru Jagjit Singh Ji eLibrary NamdhariElibrary@gmail.com

## 25

ਬਾਕੀ ਥੀ ਘੜੀ ਰਾਤ ਗੁਰੂ ਖ਼ੇਮੇ ਮੇਂ ਆਏ
ਸ਼ਹਿਜ਼ਾਦੇ ਯਹਾਂ ਦੋਨੋਂ ਹੀ ਸੋਤੇ ਹੂਏ ਪਾਏ
ਦੋਨੋਂ ਕੇ ਰੁਖ਼ਿ ਪਾਕ ਸੇ ਗੇਸੂ ਜੋ ਹਟਾਏ
'ਅਫ਼ਲਾਕ' ਨੇ ਸ਼ਰਮਾ ਕੇ ਮਹੋ ਮਿਹਰ ਛਿਪਾਏ                ਆਸਮਾਨ
    ਸਤਿਗੁਰ ਨੇ 'ਦਹਨ' ਜਬ ਦਹਨ ਪਾਕ ਪੇ ਰੱਖਾ।                ਮੂੰਹ
    ਕੁਮਲਾ ਕੇ ਹਰ ਇੱਕ ਫੂਲ ਨੇ ਸਰ ਖ਼ਾਕ ਪੇ ਰੱਖਾ।

ਥੋੜ੍ਹਾ ਸਮਾਂ ਬਾਕੀ ਸੀ ਕਿ ਗੁਰੂ ਜੀ ਤੰਬੂ ਵਿੱਚ ਆਏ ਜਿੱਥੇ ਦੋਵੇਂ ਸ਼ਹਿਜ਼ਾਦੇ ਸੁੱਤੇ ਪਏ ਸੀ। ਗੁਰੂ ਜੀ ਨੇ ਦੋਨਾਂ ਦੇ ਮੂੰਹਾਂ ਤੋਂ ਵਾਲ਼ ਪਰੇ ਹਟਾਏ। ਅਸਮਾਨ ਨੇ ਸ਼ਰਮ ਦੇ ਮਾਰੇ ਚੰਦ-ਸੂਰਜ ਨੂੰ ਲੁਕਾਇਆ ਹੋਇਆ ਸੀ। ਜਦੋਂ ਮਹਾਰਾਜ ਨੇ ਆਪਣਾ ਮੂੰਹ ਪਵਿੱਤਰ ਮੂੰਹਾਂ ਤੇ ਰੱਖਿਆ ਤਾਂ ਹਰ ਫੁੱਲ ਨੇ ਮਾਨੋ ਕੁਮਲਾ ਕੇ ਆਪਣੇ ਸਿਰ ਮਿੱਟੀ ਤੇ ਰੱਖ ਦਿੱਤੇ।

## 26

ਮਰਘਟ ਕੀ ਤਰਹ ਇਸ ਘੜੀ ਸੁੰਨਸਾਨ ਜ਼ਿਮੀਂ ਥੀ
ਖ਼ਾਮੋਸ਼ੀ ਸੀ ਛਾਈ ਹੂਈ ਤਾ 'ਅਰਸ਼ਿ ਬਰੀਂ' ਥੀ                ਉੱਚੇ ਅਸਮਾਨੀਂ
ਵੈਰਾਨੀ ਥੀ ਐਸੀ ਨ ਉਦਾਸੀ ਪੇ ਕਹੀਂ ਥੀ
ਆਫ਼ਤ ਥੀ ਬਲਾ ਥੀ ਯੇਹ, ਕੋਈ ਰਾਤ ਨਹੀਂ ਥੀ
    ਦੁਨੀਆਂ ਪੇ ਥਾ ਛਾਇਆ ਹੂਆ ਇਸ ਤਰਹ ਅੰਧੇਰਾ।
    ਲੁੱਕ ਗੇਂਦ ਪੇ ਮਿਟੀ ਕੀ ਹੋ ਜਿਸ ਤਰਹ ਸੇ ਫੇਰਾ।

ਇਸ ਸਮੇਂ ਸ਼ਮਸ਼ਾਨ ਭੂਮੀ ਵਾਂਗੂ ਜ਼ਮੀਨ ਉਜਾੜ ਪਈ ਸੀ। ਅਸਮਾਨ ਤੋਂ ਧਰਤੀ ਤੱਕ ਚੁੱਪ ਛਾਈ ਹੋਈ ਸੀ। ਅਜਿਹੀ ਬਰਬਾਦੀ ਸੀ ਕਿ ਏਦਾਂ ਦੀ ਉਦਾਸੀ ਕਿਤੇ ਨਹੀਂ ਸੀ। ਇਹ ਰਾਤ ਨਹੀਂ ਸੀ ਸਗੋਂ ਆਫ਼ਤ ਅਤੇ ਮੁਸੀਬਤ ਸੀ। ਦੁਨੀਆ ਉੱਤੇ ਏਦਾਂ ਹਨੇਰਾ ਛਾਇਆ ਹੋਇਆ ਸੀ ਜਿਵੇਂ ਮਿੱਟੀ ਦੀ ਗੇਂਦ ਉੱਤੇ ਕਾਲੀ ਲੁੱਕ ਦਾ ਲੇਪ ਕੀਤਾ ਹੋਵੇ।

## 27

ਤਾਰੇ ਭੀ ਚਮਕਤੇ ਥੇ ਮਗਰ ਰਾਤ ਥੀ ਕਾਲੀ
ਘਟ ਘਟ ਕੇ ਹੁਆ 'ਮਾਹ' ਦੋ ਹਫ਼ਤਾ ਥਾ ਹਲਾਲੀ — ਚੰਦ
ਅੰਗੁਸ਼ਤ 'ਦਹਨ' ਮੇਂ ਥੀ ਫ਼ਲਕ ਨੇ ਗੋਯਾ ਡਾਲੀ — ਮੂੰਹ
ਅਫ਼ਸੋਸ ਮੇਂ ਸਤਿਗੁਰ ਕੇ ਯਹ ਸੂਰਤ ਥੀ ਬਨਾ ਲੀ
    ਹਸਰਤ ਥੇ ਸਭੀ ਕਲਗੀਓਂ ਵਾਲੇ ਕੋ ਥੇ ਤਕਤੇ।
    ਆਂਖੋਂ ਮੇਂ ਸਿਤਾਰੋਂ ਕੇ ਭੀ ਆਂਸੂ ਥੇ ਛਲਕਤੇ।

ਭਾਵੇਂ ਤਾਰੇ ਚਮਕਦੇ ਸਨ ਪਰ ਰਾਤ ਕਾਲੀ ਸੀ। ਚੰਦ ਘੱਟ-ਘੱਟ ਕੇ ਦੋ ਹਫ਼ਤੇ ਵਿੱਚ ਬਾਰੀਕ ਤਾਰ ਹੋ ਗਿਆ ਸੀ। ਅਸਮਾਨ ਮੂੰਹ 'ਚ ਉਂਗਲੀਆਂ ਦੇ ਕੇ ਰੋ ਰਿਹਾ ਸੀ ਅਤੇ ਉਸ ਨੇ ਸਤਿਗੁਰਾਂ ਦੇ ਦੁੱਖਾਂ ਦੇ ਅਫ਼ਸੋਸ ਵਿੱਚ ਇਹ ਸ਼ਕਲ ਬਣਾ ਲਈ ਸੀ। ਕਲਗੀ ਵਾਲੇ ਨੂੰ ਵੇਖਣ ਦੀ ਸਭ ਨੂੰ ਹਸਰਤ ਸੀ ਮਾਨੋ ਸਿਤਾਰਿਆਂ ਦੀਆਂ ਵੀ ਅੱਖਾਂ ਹੰਝੂਆਂ ਨਾਲ ਛਲਕ ਰਹੀਆਂ ਸਨ।

## 28

ਸੋਏ ਹੁਏ ਬੱਚੋਂ ਕੋ ਕਹਾ ਸਰ ਕੋ ਪਕੜ ਕਰ
ਚਲ ਦੋਗੇ ਅਬ 'ਅੱਬਾ' ਕੋ ਮੁਸੀਬਤ ਮੇਂ ਜਕੜ ਕਰ — ਪਿਤਾ
ਥੀ ਜ਼ਿੰਦਗੀ ਲਿਖੀ ਹੁਈ ਕਿਸਮਤ ਨੇ ਉਜੜ ਕਰ
ਫਿਰ ਮਿਲਨੇ ਕਾ ਵਾਅਦਾ ਤੋ ਕੀਏ ਜਾਓ ਬਿਛੜ ਕਰ
    ਥੇ ਚਾਰ, ਹੋ ਅਬ ਦੋ ਹੀ 'ਸਹਰ' ਯਿਹ ਭੀ ਨ ਹੋਂਗੇ। — ਸਵੇਰ
    ਹਮ ਸਬਰ ਕਰੇਂਗੇ ਜੁ ਅਗਰ ਯਿਹ ਭੀ ਨਾ ਹੋਂਗੇ।

ਸੁੱਤੇ ਪਏ ਬੱਚਿਆਂ ਨੂੰ ਉਨ੍ਹਾਂ ਦੇ ਸਿਰ ਹਿਲਾ ਕੇ ਕਿਹਾ, "ਹੁਣ ਤੁਸੀਂ ਪਿਤਾ ਨੂੰ ਮੁਸੀਬਤ ਵਿੱਚ ਛੱਡ ਕੇ ਤੁਰ ਜਾਣਾ ਹੈ। ਕਿਸਮਤ ਵਿੱਚ ਏਵੇਂ ਹੀ ਲਿਖਿਆ ਸੀ। ਪਰ ਹੁਣ ਵਿਛੜਨ ਲੱਗੇ ਫਿਰ ਮਿਲਣ ਦਾ ਵਾਅਦਾ ਤਾਂ ਕਰ ਜਾਵੇ। ਤੁਸੀਂ ਚਾਰ ਸੀ, ਹੁਣ ਦੋ ਰਹਿ ਗਏ ਹੋ। ਸਵੇਰ ਹੋਣ ਤੱਕ ਤੁਸੀਂ ਵੀ ਨਹੀਂ ਹੋਵੋਗੇ ਤੇ ਮੈਂ ਸਬਰ ਕਰਕੇ ਰਹਿ ਜਾਵਾਂਗਾ।"


Sri Satguru Jagjit Singh Ji eLibrary NamdhariElibrary@gmail.com

## 29

ਫ਼ਰਮਾਤੇ ਥੇ 'ਕੱਲ੍ਹ ਦੋਨੋਂ' ਹੀ ਪਰਵਾਨ ਚੜ੍ਹੋਗੇ
ਦੁਖ ਭੋਗੇਂਗੇ ਹਮ 'ਖ਼ੁਲਦ' ਮੇਂ ਤੁਮ ਚੈਨ ਕਰੋਗੇ     *ਸੁਰਗ*
ਹੋਤੇ ਹੀ ਸਹਰ ਦਾਗ਼ਿ ਜੁਦਾਈ ਹਮੇਂ ਦੋਗੇ
ਸੁਪਨੇ ਮੇਂ ਖ਼ਬਰ ਆ ਕੇ ਕਭੀ ਬਾਪ ਕੀ ਲੋਗੇ ?
ਐ ਪਿਆਰੇ ਅਜੀਤ! ਐ ਮੇਰੇ ਜੁੱਝਾਰ ਪਿਆਰੇ!
ਹਮ ਕਹਿਤੇ ਹੈਂ ਕੁੱਛ, ਸੁਨਤੇ ਹੋ ਦਿਲਦਾਰ ਪਿਆਰੇ ?

ਫ਼ਰਮਾਉਂਦੇ ਸਨ ਕਿ ਕੱਲ੍ਹ ਦੋਵੇਂ ਹੀ ਆਪਣੀ ਮੰਜ਼ਿਲ 'ਤੇ ਪੁੱਜ ਜਾਵੋਗੇ। ਤੁਸੀਂ ਸੁਰਗਾਂ ਵਿੱਚ ਅਰਾਮ ਨਾਲ ਰਹੋਗੇ ਤੇ ਦੁੱਖ ਅਸੀਂ ਭੋਗਾਂਗੇ। ਤੁਸੀਂ ਸਵੇਰ ਹੁੰਦੇ ਹੀ ਸਾਥੋਂ ਵਿਛੜ ਜਾਵੋਗੇ। ਕੀ ਕਦੀ ਸੁਪਨੇ ਵਿੱਚ ਆਪਣੇ ਪਿਉ ਦੀ ਵੀ ਖ਼ਬਰ ਲਵੋਗੇ? ਐ ਮੇਰੇ ਅਜੀਤ ਤੇ ਜੁਝਾਰ! ਕੀ ਮੇਰੇ ਪਿਆਰਿਓ! ਜੋ ਮੈਂ ਕਹਿ ਰਿਹਾ ਹਾਂ, ਸੁਣਦੇ ਵੀ ਹੋ?

## 30

'ਮਾਸੂਮ ਹੋ ਮਜ਼ਲੂਮ ਹੋ ਦੁਨੀਆਂ ਸੇ ਭਲੇ ਹੋ
ਲਖ਼ਤੇ ਦਿਲ ਗੋਬਿੰਦ ਹੋ, ਨਾਜ਼ੋਂ ਸੇ ਪਲੇ ਹੋ
ਦੁਨੀਆ ਹੁਈ ਅੰਧੇਰ ਜਬ ਆਂਖੋਂ ਸੇ ਟਲੇ ਹੋ
ਘਰ ਬਾਰ ਲੁਟਾ ਬਾਪ ਕਟਾ ਤੁਮ ਭੀ ਚਲੇ ਹੋ
ਬੱਚੇ ਇਸੀ ਹਾਲਤ ਮੇਂ ਅਬ ਸੋਏ ਪੜੇ ਥੇ।
'ਬਾਦੀਦਾ ਤਰ' ਸਤਿਗੁਰੂ 'ਬਾਲੀਂ' ਪੇ ਖੜੇ ਥੇ।     *ਰੋਂਦਾ, ਸਰ੍ਹਾਣਾ*

'ਤੁਸੀਂ ਬੇਗੁਨਾਹ ਹੋ, ਅੱਤਿਆਚਾਰ ਹੇਠ ਆ ਗਏ ਹੋ, ਦੁਨੀਆ ਨਾਲੋਂ ਚੰਗੇ ਹੋ, ਤੁਸੀਂ ਗੋਬਿੰਦ ਦੇ ਦਿਲ ਦੇ ਟੁਕੜੇ ਹੋ ਜੋ ਬੇਸ਼ੁਮਾਰ ਪਿਆਰ ਤੇ ਅਮੀਰੀ ਨਾਲ ਪਲੇ ਹੋ। ਹੁਣ ਤੁਸੀਂ ਜਦੋਂ ਮੇਰੀਆਂ ਅੱਖਾਂ ਦੇ ਓਹਲੇ ਹੋ ਗਏ ਹੋ ਤਾਂ ਸਾਰੀ ਦੁਨੀਆਂ ਮੈਨੂੰ ਹਨ੍ਹੇਰੀ ਲੱਗਦੀ ਹੈ। ਤੁਸੀਂ ਘਰ-ਬਾਰ ਲੁਟਾ ਕੇ ਬਾਪ ਤੋਂ ਵਿਛੋੜਾ ਲੈ ਕੇ ਤੁਰ ਚਲੇ ਹੋ।' ਬੱਚੇ ਅਜੇ ਸੌਣ ਦੀ ਹਾਲਤ ਵਿੱਚ ਸੀ ਤੇ ਬਾਪ ਰੋਂਦੀਆਂ ਅੱਖਾਂ ਨਾਲ ਸਰ੍ਹਾਣੇ ਕੋਲ ਖੜ੍ਹਾ ਸੀ।

31

ਇਕ ਬਾਰ 'ਸੂਇ ਫ਼ਲਕ' ਮੂੰਹ ਕਰਕੇ ਵੁਹ ਬੋਲੇ ਆਸਮਾਨ ਵੱਲ
ਹੋਨੀ ਹੈ ਜੋ ਕੁਛ ਆਸ਼ਕੋ ਸਾਦਿਕ ਪੈ ਵੁਹ ਹੋ ਲੇ
ਬਰਛੀ, ਹੈ ਇਜਾਜ਼ਤ ਤੋ ਕਲੇਜੇ ਮੇਂ ਗੜੋ ਲੇ
ਸਰ ਕਾਟ ਕੇ ਤਨ ਚਾਹੇ ਤੋ ਨੇਜ਼ੇ ਮੇਂ ਪ੍ਰੋ ਲੇ?
ਹੈ ਸ਼ੌਕ ਸ਼ਹਾਦਤ ਕਾ ਹਮੇਂ ਸਭ ਸੇ ਜ਼ਿਆਦਾ।
ਸੌ ਸਰ ਭੀ ਹੋਂ ਕੁਰਬਾਂ ਤੋਂ ਨਹੀਂ ਰੱਬ ਸੇ ਜ਼ਿਆਦਾ।

ਉਹ ਇੱਕ ਵਾਰੀ ਅਸਮਾਨ ਵੱਲ ਵੇਖ ਕੇ ਬੋਲੇ ਕਿ ਜੋ ਕੁੱਝ ਆਸ਼ਕ਼ੀ ਦੇ ਸ਼ੌਕੀਨਾਂ ਨਾਲ਼ ਵਾਪਰਨੀ ਹੈ ਵਾਪਰ ਜਾਵੇ। ਜੇ ਬਰਛੀ ਨੇ ਕਲੇਜੇ ਵਿੱਚ ਲੱਗਣਾ ਹੈ, ਲੱਗ ਜਾਵੇ ਤੇ ਭਾਵੇਂ ਸਿਰਾਂ ਨੂੰ ਕੱਟ ਕੇ ਬਰਛੇ ਵਿੱਚ ਕੋਈ ਪਰੋ ਲਵੇ। ਸਾਨੂੰ ਤਾਂ ਕੁਰਬਾਨੀ ਦਾ ਸ਼ੌਕ ਸਭ ਤੋਂ ਵੱਧ ਹੈ ਤੇ ਜੇ ਸਿਰ ਵੀ ਕੁਰਬਾਨ ਹੋ ਜਾਣ ਤਾਂ ਉਹ ਰੱਬ ਦੀ ਮਿਹਰ ਹੈ।

32

ਮੈਂ ਨੇ ਹੀ ਬਰਸ ਚੌਦਹ ਕਾ ਬਨਬਾਸ ਥਾ ਝੇਲਾ
ਮੈਂ ਵੁਹ ਹੂੰ ਜਸ਼ੋਧਾਂ ਕੀ ਜੋ ਆਗੋਸ਼ ਮੇਂ ਖੇਲਾ
ਮਾਰਾ ਥਾ ਕੰਸ ਮੈਂ ਨੇ ਥਾ ਅਰਜਨੁ ਮਿਰਾ ਚੇਲਾ
ਕੌਰਵ ਸੇ ਲੜਾ ਮੈਂ ਮਹਾਂ ਭਾਰਤ ਮੇਂ ਇਕੇਲਾ
ਥਾ ਬੁੱਧ ਭੀ ਮੈਂ ਬਾਅਦ ਮੇਂ ਸ਼ੰਕਰ ਭੀ ਬਨਾ ਹੂੰ।
ਨਾਨਕ ਕੇ ਭੀ ਚੋਲੇ ਮੇਂ ਮੈਂ ਬਾਬਰ ਕੋ ਮਿਲਾ ਹੂੰ।

ਮੈਂ ਹੀ ਸੀ ਜਿਸ ਨੇ 14 ਸਾਲ ਦਾ ਬਨਵਾਸ ਕੱਟਿਆ ਸੀ। ਮੈਂ ਉਹੀ ਹਾਂ ਜੋ ਜਸ਼ੋਧਾ ਦੀ ਗੋਦੀ ਵਿੱਚ ਖੇਡਦਾ ਰਿਹਾ ਹਾਂ। ਮੈਂ ਹੀ ਕੰਸ ਨੂੰ ਮਾਰਿਆ ਸੀ ਤੇ ਅਰਜਨ ਮੇਰਾ ਚੇਲਾ ਸੀ ਅਤੇ ਮੈਂ ਮਹਾਂਭਾਰਤ ਵਿੱਚ ਇਕੱਲਾ ਹੀ ਕੌਰਵਾਂ ਨਾਲ਼ ਜੰਗ ਕੀਤੀ ਸੀ। ਮੈਂ ਹੀ ਬੁੱਧ ਸੀ ਜਿਸ ਪਿੱਛੋਂ ਸ਼ੰਕਰ ਦਾ ਰੂਪ ਧਾਰਿਆ। ਮੈਂ ਨਾਨਕ ਦੇ ਚੋਲੇ ਦੇ ਰੂਪ ਵਿੱਚ ਹੀ ਬਾਬਰ ਨੂੰ ਮਿਲਿਆ ਸੀ।


Sri Satguru Jagjit Singh Ji eLibrary NamdhariElibrary@gmail.com

## 33

ਅਕਬਰ ਭੀ ਪਿਆਦਾ ਮਿਰੇ ਦਰਬਾਰ ਮੇਂ ਆਇਆ
ਬਰਕਤ ਨੇ ਮਿਰੀ ਫ਼ਤਹ ਥਾ ਆਸਾਮ ਕਰਾਇਆ
ਮੈਂ ਨੇ ਬੁਤ ਵ ਬੁਤਖ਼ਾਨਾ ਖ਼ੁਦਾਈ ਕੋ ਭੁਲਾਇਆ
ਭਗਵਾਨ ਕਾ ਘਰ ਮੈਂ ਨੇ ਹੀ ਮਸਜਿਦ ਥਾ ਬਨਾਇਆ
ਬਾਲੂ ਕੀ ਤਪੀ ਰੇਤ ਮਿਰੇ ਤਨ ਪੇ ਪੜੀ ਥੀ।
ਮੈਂ ਵੁਹ ਹੂੰ ਉਬਲਨੇ ਪੇ ਭੀ ਉਫ਼ ਤਕ ਨ ਕਰੀ ਥੀ।

ਅਕਬਰ ਵੀ ਮੇਰੇ ਦਰਬਾਰ 'ਚ ਪੈਦਲ ਆਇਆ ਸੀ। ਮੇਰੀ ਜਿੱਤ ਦੀ ਬਰਕਤ ਨਾਲ ਆਸਾਮ ਨੂੰ ਫ਼ਤਹਿ ਕਰਾਇਆ ਸੀ। ਮੈਂ ਬੁੱਤਾਂ, ਬੁੱਤਖ਼ਾਨਿਆਂ ਅਤੇ ਖ਼ੁਦਾਈ ਨੂੰ ਭੁੱਲਾ ਦਿੱਤਾ ਹੈ ਅਤੇ ਮੈਂ ਹੀ ਰੱਬ ਦੇ ਘਰ ਨੂੰ ਮਸਜਿਦ ਬਣਾਇਆ ਸੀ। ਮੈਂਹੀ ਸੀ ਜਿਸ ਦੇ ਸਰੀਰ 'ਤੇ ਰੇਤਾ ਗਰਮ ਕਰ ਕੇ ਪਾਇਆ ਗਿਆ ਸੀ। ਮੈਂ ਉਹੀ ਹਾਂ ਜਿਸ ਨੇ ਪਾਣੀ ਵਿੱਚ ਉਬਲਣ ਨਾਲ ਵੀ ਉਫ਼ ਨਹੀਂ ਸੀ ਕੀਤੀ।

## 34

ਹਿਮਤ ਕਾ ਮਿਰੀ ਆਪ ਮੀਆਂ ਮੀਰ ਹੈ 'ਸ਼ਾਹਦ' — ਗਵਾਹ
'ਅਜ਼ਮਤ' ਕਾ ਮੇਰੀ ਸ਼ਾਹਿ ਜਹਾਂਗੀਰ ਹੈ ਸ਼ਾਹਦ — ਬਜ਼ੁਰਗੀ
ਸਰ ਜਿਸ ਨੇ ਕਟਾ ਦਿਹਲੀ ਮੇਂ 'ਸ਼ਮਸ਼ੀਰ' ਹੈ ਸ਼ਾਹਦ — ਤਲਵਾਰ
ਤੋ ਸਭ ਸੇ ਜ਼ਿਆਦਾ 'ਫ਼ਲਕਿ' ਪੀਰ ਹੈ ਸ਼ਾਹਦ — ਆਸਮਾਨ
ਜਬ ਜ਼ੁਲਮ ਸੇ ਜ਼ਾਲਮ ਨੇ ਜਹਾਂ ਪੀਸ ਦੀਆ ਥਾ।
ਹਮ ਨੇ ਹੀ ਧਰਮ ਕੇ ਲੀਏ ਫਿਰ ਸੀਸ ਦੀਆ ਥਾ।

ਮੇਰੀ ਹਿੰਮਤ ਦਾ ਮੀਆਂ ਮੀਰ ਆਪ ਗਵਾਹ ਹੈ। ਬਾਦਸ਼ਾਹ ਜਹਾਂਗੀਰ ਮੇਰੀ ਬਜ਼ੁਰਗੀ ਦਾ ਗਵਾਹ ਹੈ। ਜਿਸਤਲਵਾਰ ਨਾਲ ਦਿੱਲੀ ਵਿੱਚ ਸਿਰ ਕਟਿਆ ਗਿਆ ਸੀ, ਗਵਾਹ ਹੈ ਅਤੇ ਸਭ ਤੋਂ ਵੱਧ ਗਵਾਹ ਅਸਮਾਨ ਹੈ। ਜਦੋਂ ਅੱਤਿਆਚਾਰੀ ਨੇ ਸਾਰੀ ਦੁਨੀਆਂ ਨੂੰ ਪੀਹ ਦਿੱਤਾ ਸੀ ਤਾਂ ਫਿਰ ਧਰਮ ਖ਼ਾਤਰ ਅਸੀਂ ਵੀ ਸਿਰਾਂ ਨੂੰ ਕਟਾਇਆ ਸੀ।


Sri Satguru Jagjit Singh Ji eLibrary NamdhariElibrary@gmail.com

## 35

ਜਬ ਜਬ ਭੀ ਜਰੂਰਤ ਹੁਈ ਬੰਦੋਂ ਕੋ ਹਮ ਆਏ
ਜ਼ਾਲਮ ਕਾ ਕੀਆ ਖ਼ਾਤਮਾ ਮਜ਼ਲੂਮ ਬਚਾਏ
ਚਿੜੀਓਂ ਸੇ ਅਗਰ ਚਾਹਾ ਤੋ ਫਿਰ ਬਾਜ਼ ਤੁੜਾਏ
ਦੇਖਾ ਜਿਸੇ ਹੱਕਦਾਰ ਉਸੇ ਤਖ਼ਤ ਦਿਲਾਏ
ਕਾਮ ਆਏ ਫ਼ਕੀਰੋਂ ਕੇ ਤੋ ਸ਼ਾਹੋਂ ਕੇ ਭੀ ਆਏ।
ਦੁਸ਼ਮਨ ਕੇ ਭੀ ਆਏ 'ਹਵਾ-ਖ਼੍ਵਾਹੋਂ' ਕੇ ਭੀ ਆਏ। *ਹਿੱਤੂ*

ਜਦੋਂ ਜਦੋਂ ਵੀ ਲੋਕਾਂ ਨੂੰ ਸਾਡੀ ਲੋੜ ਪਈ, ਅਸੀਂ ਹਾਜ਼ਰ ਹੋ ਗਏ ਤੇ ਜ਼ਾਲਮ ਨੂੰ ਖ਼ਤਮ ਕਰਕੇ ਜ਼ੁਲਮ ਸਹਿਣ ਵਾਲਿਆਂ ਨੂੰ ਬਚਾਇਆ। ਜੇ ਲੋੜ ਪਈ ਤਾਂ ਚਿੜੀਆਂ ਪਾਸੋਂ ਬਾਜ਼ ਨੂੰ ਮਰਵਾਇਆ। ਜਿਸ ਨੂੰ ਤਖ਼ਤ ਦਾ ਹੱਕਦਾਰ ਵੇਖਿਆ, ਉਸ ਨੂੰ ਤਖ਼ਤ ਦਿਵਾਇਆ। ਅਸੀਂ ਅਮੀਰਾਂ ਤੇ ਫ਼ਕੀਰਾਂ, ਦੋਨਾਂ ਦੇ ਕੰਮ ਆਏ ਹਾਂ ਅਤੇ ਦੁਸ਼ਮਣਾਂ ਦੇ ਵੀ ਕੰਮ ਆਏ ਤੇ ਹਿੱਤੂਆਂ ਦੇ ਵੀ।

## 36

ਲੁੱਖ-ਲੁੱਟ ਹੈ ਹਮੇਸ਼ਾਂ ਸੇ ਹੀ ਸਰਕਾਰ ਹਮਾਰੀ
ਖ਼ਾਲੀ ਨਹੀਂ ਜਾਤਾ ਹੈ ਜੋ ਆਤਾ ਹੈ ਭਿਖਾਰੀ
ਦੁਨੀਆਂ ਮੇਂ ਹੈਂ ਹਮ ਬਾਗ਼ ਮੇਂ ਜੂੰ ਬਾਦਿ ਬਹਾਰੀ
ਪਿਆਰੀ ਹਮੇਂ ਅੱਲਾਹ ਕੀ ਮਖ਼ਲੂਕ ਹੈ ਸਾਰੀ
ਸਿੱਖ ਜਾਨ ਸੇ ਪਿਆਰੇ ਹਮੇਂ ਬੱਚੋਂ ਸੇ ਸਿਵਾ ਹੈਂ।
ਤੋ ਹਿੰਦੂ ਮੁਸਲਮ ਪੇ ਭੀ ਦਰ ਫ਼ੈਜ਼ ਕੇ ਵਾ ਹੈਂ।

ਸਾਡੀ ਸਰਕਾਰ ਸਦਾ ਹੀ ਖੁੱਲ੍ਹੇ ਦਿਲ ਵਾਲੀ ਹੈ। ਇਸ ਦੇ ਦਰ ਤੋਂ ਕੋਈ ਮੰਗਤਾ ਵੀ ਖ਼ਾਲੀ ਨਹੀਂ ਜਾਂਦਾ। ਅਸੀਂ ਸੰਸਾਰ ਵਿੱਚ ਬਹਾਰ ਦੇ ਮੌਸਮ ਦੀ ਮਿੱਠੀ ਹਵਾ ਵਾਂਗੂ ਰਹਿ ਰਹੇ ਹਾਂ। ਸਾਨੂੰ ਸਾਰੀ ਦੁਨੀਆਂ ਹੀ ਬਹੁਤ ਪਿਆਰੀ ਹੈ। ਸਿੱਖ ਆਪਣੇ ਬੱਚਿਆਂ ਤੋਂ ਵੀ ਵੱਧ ਪਿਆਰੇ ਹਨ ਅਤੇ ਹਿੰਦੂ ਅਤੇ ਮੁਸਲਮਾਨ ਵੀ ਇਨ੍ਹਾਂ ਸਭ ਨਾਲੋਂ ਪਿਆਰੇ ਹਨ।



Sri Satguru Jagjit Singh Ji eLibrary NamdhariElibrary@gmail.com

37

ਮਰਦਾਨੇ ਕੋ ਹਮ ਨੇ ਹੀ 'ਰਫ਼ਾਕਤ' ਮੇਂ ਥਾ ਰੱਖਾ
ਕੌਲਾਂ ਕੋ ਭੀ ਹਮ ਨੇ ਹਿਫ਼ਾਜ਼ਤ ਮੇਂ ਥਾ ਰੱਖਾ
ਜਿਸ ਨੇ ਭੀ ਕਦਮ ਅਪਨੀ ਜਮਾਯਤ ਮੇਂ ਥਾ ਰੱਖਾ
ਮਹਿਫ਼ੂਜ਼ ਉਸੇ ਹਮ ਨੇ ਹਰ ਆਫ਼ਤ ਮੇਂ ਥਾ ਰੱਖਾ

ਅਬ ਭੀ ਵੁਹੀ ਆਦਤ ਵੁਹੀ ਨੀਅਤ ਹੈ ਹਮਾਰੀ।
ਯਕਸਾਂ ਹਰਮੋ ਦੋਰ ਸੇ 'ਸ਼ਫ਼ਕਤ' ਹੈ ਹਮਾਰੀ।

ਸਾਥੀ

ਮਿਹਰਬਾਨੀ

ਅਸੀਂ ਮਰਦਾਨੇ ਨੂੰ ਵੀ ਆਪਣਾ ਸਾਥੀ ਬਣਾ ਕੇ ਰੱਖਿਆ ਸੀ। ਨਾਲ ਹੀ ਸਾਰੇ ਲੋਕਾਂ ਦੀ ਰੱਖਿਆ ਕੀਤੀ ਸੀ। ਜੋ ਵੀ ਸਾਡੇ ਪੰਥ ਵਿੱਚ ਸ਼ਾਮਿਲ ਹੋਇਆ, ਅਸੀਂ ਸੁਰੱਖਿਆ ਪ੍ਰਦਾਨ ਕੀਤੀ। ਸਾਡੀ ਹੁਣ ਵੀ ਉਹ ਆਦਤ ਅਤੇ ਨੀਯਤ ਹੈ। ਆਪਣੇ-ਪਰਾਇਆਂ ਸਾਰਿਆਂ ਨਾਲ ਸਾਡੀ ਮਿਹਰਬਾਨੀ ਬਰਾਬਰ ਹੈ।

38

ਮਿਰਜ਼ੇ ਕਈ ਸੈਦੇ ਸੇ ਭੀ ਕੁਰਬਾਨ ਹੁਏ ਹੈਂ
ਮਾਮੂ ਸੇ 'ਤਸੱਦਕ' ਭੀ ਕਈ ਖ਼ਾਨ ਹੁਏ ਹੈਂ
ਚੰਦੂ ਸੇ ਭੀ ਗੰਗੂ ਸੇ ਭੀ ਸ਼ੈਤਾਨ ਹੁਏ ਹੈਂ
ਬਾਯਜ਼ੀਦ ਸੇ ਭੀ ਬਾਅਜ਼ ਬੇਈਮਾਨ ਹੁਏ ਹੈਂ

ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ।
ਦਿਲ ਠੀਕ ਹੈਂ ਜਿਨਕੇ ਵਹੀ ਇਨਸਾਨ ਹੈਂ ਅੱਛੇ।

ਕੁਰਬਾਨ

ਕਈ ਮਿਰਜ਼ੇ, ਸਯੱਦਾਂ ਉੱਤੇ ਵੀ ਕੁਰਬਾਨ ਹੋਏ ਹਨ। ਕਈ ਖ਼ਾਨ, ਮਾਮੂ ਉੱਤੇ ਨਿਛਾਵਰ ਹੋਏ ਹਨ। ਚੰਦੂ ਅਤੇ ਗੰਗੂ ਵਰਗੇ ਕਈ ਵਜ਼ੀਰ ਤੋਂ ਵੀ ਵੱਧ ਬੇਈਮਾਨ ਹੋਏ ਹਨ। ਨਾ ਸਾਰੇ ਹਿੰਦੂ ਹੀ ਚੰਗੇ ਹਨ ਤੇ ਨਾ ਸਾਰੇ ਮੁਸਲਮਾਨ ਚੰਗੇ ਹਨ। ਕੇਵਲ ਉਹ ਹੀ ਬੰਦੇ ਚੰਗੇ ਹਨ ਜਿਨ੍ਹਾਂ ਦੇ ਦਿਲ ਸਾਫ਼ ਹਨ।


Sri Satguru Jagjit Singh Ji eLibrary NamdhariElibrary@gmail.com

## 39

ਤਾਰੋਂ ਸੇ ਥਾ ਆਕਾਸ਼ ਚਰਾਗੋਂ ਭਰੀ ਥਾਲੀ
ਥੀ ਰੁੱਖ ਪੇ ਬੜੇ ਬੁਤ ਕੇ ਪੜੀ ਨੂਰ ਕੀ ਜਾਲੀ
ਅਬ ਜਲ ਚੁੱਕੀ ਥੀ ਚਰਖ਼ ਕੇ ਮੰਦਰ ਮੇਂ ਦੀਵਾਲੀ
ਥੀ ਪੂਜ ਚੁੱਕੀ ਜ਼ੁਹਰਾ 'ਜਬੀਂ' ਪੂਜਨੇ ਵਾਲੀ — *ਚਿਹਰਾ*
ਫਿਰ 'ਸ਼ਰਕ' ਕੀ ਜਾਨਬ ਸੇ ਸਫ਼ੇਦੀ ਨਿਕਲ ਆਈ। — *ਪੂਰਬ*
'ਜ਼ੁਲਮਾਤ' ਮੇਂ ਇਕ ਨੂਰ ਕੀ ਨੱਦੀ ਉਬਲ ਆਈ। — *ਹਨੇਰਾ*

ਤਾਰਿਆਂ ਨਾਲ ਭਰਿਆ ਅਸਮਾਨ ਦੀਵਿਆਂ ਨਾਲ ਭਰੀ ਥਾਲੀ ਵਾਂਗ ਲੱਗਦਾ ਸੀ। ਵੱਡੇ ਬੁੱਤ ਦੇ ਚਿਹਰੇ ਤੇ ਰੌਸ਼ਨੀ ਦੀ ਜਾਲੀ ਸੀ। ਅਸਮਾਨ ਦੇ ਮੰਦਿਰ ਵਿੱਚ ਦੀਵਾਲੀ ਮਨਾਈ ਜਾ ਚੁੱਕੀ ਸੀ। ਮੱਥਾ ਚੁੰਮਣ ਵਾਲੀ 'ਜ਼ੁਹਰਾ' ਸਿਜਦਾ ਕਰ ਚੁੱਕੀ ਸੀ। ਇਸ ਪਿੱਛੋਂ ਪੂਰਬ ਵੱਲੋਂ ਰੌਸ਼ਨੀ ਹੋਈ ਜਿਵੇਂ ਹਨੇਰੇ ਵਿੱਚੋਂ ਇਕ ਰੌਸ਼ਨੀ ਦੀ ਨਦੀ ਉਮੜ ਆਈ ਹੋਵੇ।

## 40

ਇਸ ਜ਼ੋਰ ਸੇ 'ਸੈਲਾਬ' ਹੂਆ ਨੂਰ ਕਾ ਜਾਰੀ — ਹੜ੍ਹ
'ਕਫ਼' ਕੀ ਤਰਹ ਬਹਨੇ ਲਗੀ ਅੰਜਮ ਕੀ ਕਿਆਰੀ — ਝੱਗ
ਤਾਰੋਂ ਨੇ ਸਹਰ ਕੇ ਅਭੀ ਹਿੰਮਤ ਨਾ ਥੀ ਹਾਰੀ
ਤੂਫ਼ਾਨ ਹੂਆ ਮਾਹ ਕੀ ਕਿਸ਼ਤੀ ਪੇ ਭੀ ਤਾਰੀ
ਇਸ 'ਸੈਲ' ਸੇ ਸਿਆਰੇ ਸਭੀ ਔਜ ਪੇ ਟੂਟੇ।
ਜਿਸ ਤਰਹ 'ਹੱਬਾਬ' ਆ ਕੇ ਸਰਿ ਮੌਜ ਪੇ ਟੂਟੇ। — ਬੁਲਬੁਲੇ

ਰੌਸ਼ਨੀ ਦਾ ਹੜ੍ਹ ਇੰਨੇ ਜ਼ੋਰ ਨਾਲ ਆਇਆ ਜਿਵੇਂ ਤਾਰਿਆਂ ਦੇ ਕਿਆਰੇ ਝੱਗ ਵਾਂਗੂ ਬਹਿ ਤੁਰੀ ਹੋਵੇ। ਅਜੇ ਸਵੇਰ ਵਾਲੇ ਤਾਰੇ ਅੱਖੋਂ ਓਹਲੇ ਨਹੀਂ ਸਨ ਹੋਏ ਤੇ ਤੂਫ਼ਾਨ ਚੰਦ ਦੀ ਸ਼ਕਲ ਉੱਤੇ ਵੀ ਛਾ ਗਿਆ ਸੀ। ਇਸ ਹਾਲਤ ਵਿੱਚ ਸਾਰੇ ਤਾਰੇ ਵੀ ਉਚਾਈ ਉੱਤੋਂ ਟੁੱਟ ਗਏ ਜਿਵੇਂ ਪਾਣੀ ਦੇ ਬੁਲਬੁਲੇ ਲਹਿਰ ਉੱਤੇ ਜਾਂਦੇ ਹੋਏ ਟੁਟਦੇ ਹਨ।


Sri Satguru Jagjit Singh Ji eLibrary NamdhariElibrary@gmail.com

## 41

ਜਿਤਨੀ ਭੀ ਕਮਾਂ ਨੂਰ ਕੀ ਖੈਂਚਤੀ ਚਲੀ ਆਤੀ
ਥੀ ਉਤਨੀ ਸਿਆਹੀ ਪੇ ਸਫ਼ੈਦੀ ਮਿਲ ਜਾਤੀ
ਹਰ ਇੱਕ ਕਿਰਨ ਤੀਰ ਕੀ ਤੇਜ਼ੀ ਥੀ ਦਿਖਾਤੀ
ਨੇਜ਼ੋਂ ਸੇ 'ਸ਼ੁਆਓਂ' ਕੇ ਛਨੀ ਚਰਖ਼ ਕੀ ਛਾਤੀ
'ਖ਼ੁਰਸ਼ੀਦ' ਨਿਕਲਨੇ ਹੀ ਕੋ ਥਾ ਅਬ ਕੋਈ ਦਮ ਮੇਂ। *ਸੂਰਜ*
ਹੋਨੇ ਕੋ ਥਾ ਫਿਰ ਹਸ਼ਰ ਬਪਾ 'ਅਰਸ਼ੇ ਅਜ਼ਮ' ਮੇਂ। *ਸਾਰੇ ਪਰਾਏ*

ਜਿਉਂ ਜਿਉਂ ਰੌਸ਼ਨੀ ਵੱਧਦੀ ਜਾ ਰਹੀ ਸੀ ਤਿਉਂ ਤਿਉਂ ਕਾਲਖ਼ ਉੱਤੇ ਸਫ਼ੈਦੀ ਆਉਂਦੀ ਜਾਂਦੀ ਸੀ। ਹਰ ਤੀਰ ਦੀਆਂ ਕਿਰਨਾਂ ਇੰਨੀਆਂ ਤੇਜ਼ ਸਨ ਕਿ ਨੇਜ਼ਾਂ ਨਾਲ ਅਸਮਾਨ ਦੀ ਛਾਤੀ ਛਲਣੀ ਕਰ ਦਿੱਤੀ। ਸੂਰਜ ਕੁੱਝ ਸਮੇਂ ਵਿੱਚ ਨਿਕਲਣ ਹੀ ਵਾਲਾ ਸੀ ਤੇ ਸਾਰੇ ਪਾਸੇ ਇੱਕ ਸ਼ੋਰ ਸ਼ਰਾਬਾ ਫ਼ੈਲਣ ਵਾਲਾ ਸੀ।

## 42

ਬੇਦਾਰ ਥੇ ਸਭ ਖ਼ਾਲਸਾ ਜੀ ਹੋ ਚੁੱਕੇ ਕਬ ਕੇ
ਨਹਾ ਧੋ ਕੇ ਬੈਠੇ ਹੁਏ ਥੇ ਧਿਆਨ ਮੇਂ ਰੱਬ ਕੇ
ਦੀਵਾਨ ਬੜੀ ਸ਼ਾਨ ਕਾ ਜਲਵੇ ਥੇ ਗ਼ਜ਼ਬ ਕੇ
ਖ਼ੁਦ ਰਖਤੇ ਥੇ ਤਸ਼ਰੀਫ਼ ਗੁਰੂ ਸਾਹਮਨੇ ਸਭ ਕੇ
ਥੇ ਪਾਸ ਅਜੀਤ ਔਰ ਥੇ ਜੁਝਾਰ ਪਿਆਰੇ।
'ਗੁਰਿਆਈ' ਕੇ ਚੜ੍ਹਤੇ ਹੁਏ ਦਰਿਆ ਕੇ ਕਿਨਾਰੇ। ਰਹਿਮਤ

ਵਾਹਿਗੁਰੂ ਰੂਪ ਖ਼ਾਲਸਾ ਪੂਰਾ ਜਾਗ ਚੁੱਕਿਆ ਸੀ ਤੇ ਨਹਾ, ਧੋ ਕੇ ਸਿਮਰਨ ਵਿੱਚ ਮਸਤ ਸੀ। ਪੂਰੀ ਸ਼ਾਨ ਨਾਲ ਦੀਵਾਨ ਦੀ ਝਲਕ ਦਿਸਦੀ ਸੀ ਤੇ ਸਾਰਿਆਂ ਦੇ ਸਾਹਮਣੇ ਗੁਰੂ ਜੀ ਹਾਜ਼ਰ ਸਨ। ਕੋਲ ਹੀ ਅਜੀਤ ਤੇ ਜੁਝਾਰ ਬੈਠੇ ਸਨ, ਮਾਨੋ ਗੁਰੂ ਜੀ ਦੀ ਰਹਿਮਤ ਦੇ ਦਰਿਆ ਦੇ ਕਿਨਾਰੇ ਸਨ।


Sri Satguru Jagjit Singh Ji eLibrary NamdhariElibrary@gmail.com

## 43

ਗੱਦੀ ਪੈ ਪਿਤਾ ਬੇਟੇ ਭੀ ਮਸਨਦ ਕੇ 'ਕਰੀਂ' ਥੇ
ਦੋ ਚਾਂਦ ਕੇ ਟੁਕੜੋਂ ਮੇਂ ਗਰਦ 'ਮਾਹ' ਮਥੀਂ ਥੇ *ਚੰਦ*
ਥੇ ਨੂਰ ਸੇ ਤਨ ਪੈਕਰਿ ਖ਼ਾਕੀ ਯਹ ਨਹੀਂ ਥੇ
ਸ਼ਹਿਜ਼ਾਦੋਂ ਸੇ ਸ਼ਹਿ-ਸ਼ਾਹ ਸੇ ਸ਼ਹਿਜ਼ਾਦੇ ਹੁਸੀਂ ਥੇ
'ਅਮਾਮੇ' ਪੈ ਕਲਗ਼ੀ ਕਾ ਅਜਬ ਤੁਰੱਰਾ ਸਜਾ ਥਾ। *ਪੱਗਾਂ*
'ਇਕ ਓਅੰਕਾਰ' ਸਾਫ਼ ਗੁਰਮੁਖੀ ਮੇਂ ਲਿਖਾ ਥਾ।

ਪਿਤਾ ਗੱਦੀ ਉੱਤੇ ਬੈਠੇ ਸਨ ਤੇ ਬੇਟੇ ਵੀ ਪਾਸ ਹੀ ਸਨ। ਚੰਦ ਦੇ ਦੋਵੇਂ ਟੁਕੜ ਚੰਦ ਨਾਲ ਚਮਕ ਰਹੇ ਸਨ। ਇਹ ਰੌਸ਼ਨੀ ਨਾਲ ਜਗਮਗ ਕਰ ਰਹੇ ਸਨ, ਕੋਈ ਖ਼ਾਕ ਦੇ ਪੁਤਲੇ ਨਹੀਂ ਸਨ। ਇਹ ਆਪਣੇ ਪਿਤਾ ਬਾਦਸ਼ਾਹ ਨਾਲੋਂ ਵੀ ਸੁੰਦਰ ਸਨ। ਪਗੜੀਆਂ ਉੱਤੇ ਕਲਗ਼ੀਆਂ ਦੀ ਸ਼ਾਨ ਅਜੀਬ ਸੀ ਜਿਨ੍ਹਾਂ ਉੱਤੇ ਗੁਰਮੁਖੀ ਵਿੱਚ 'ਇੱਕ ਓਅੰਕਾਰ' ਲਿਖਿਆ ਸੀ।

## 44

'ਪੇਸ਼ਾਨੀਏ' ਪੁਰ ਆਬ ਪੈ ਯੂੰ ਕੇਸ ਥੇ ਕਾਰੇ *ਮੱਥਾ*
ਸੁੰਬਲ ਕਾ ਗੋਯਾ ਖੇਤ ਥਾ ਦਰਿਆ ਕੇ ਕਿਨਾਰੇ
ਅਬਰੂ ਤਲੇ ਆਂਖੇਂ ਥੀਂ ਯਾ ਜੰਗਲ ਮੇਂ 'ਚਿਕਾਰੇ' *ਬਾਰਾਂ ਸਿੰਗਾ*
ਵੁਹ ਨਾਨਕ ਕਾ ਨਕ਼ਸ਼ਾ ਜੋ ਨ 'ਮਾਨੀ' ਭੀ ਉਤਾਰੇ *ਚਿਤ੍ਰਕਾਰ*
ਇਨ ਕਾਨੋਂ ਕੀ ਖ਼ੂਬੀ ਇਸੇ ਹੈਰਤ ਮੇਂ ਜਕੜ ਲੇ।
ਦੇਖੇ ਇਨ੍ਹੇ 'ਬਹਿਜ਼ਾਦ' ਤੋ ਕਾਨ ਅਪਨਾ ਪਕੜ ਲੇ। *ਈਰਾਨੀ ਚਿਤ੍ਰਕਾਰ*

ਪਸੀਨੇ ਨਾਲ ਭਰੇ ਮੱਥਿ 'ਤੇ ਕਾਲੇ ਕੇਸ ਇਉਂ ਸਨ ਜਿਵੇਂ ਖ਼ੂਬਸੂਰਤ ਸੁੰਬਲ ਘਾ ਦਾ ਦਰਿਆ ਕਿਨਾਰੇ ਖੇਤ ਹੋਵੇ। ਭਰਵੱਟਿਆਂ ਹੇਠ ਅੱਖਾਂ ਜੰਗਲੀ ਬਾਰਾਂਸਿੰਗਿਆਂ ਵਰਗੀਆਂ ਸਨ। ਇੰਜ ਲੱਗਦੇ ਸਨ ਜਿਵੇਂ ਗੁਰੂ ਨਾਨਕ ਦਾ ਹੀ ਚਿੱਤਰ ਹੋਵੇ ਜੋ ਕੋਈ ਚਿੱਤਰਕਾਰ ਵੀ ਨਹੀਂ ਬਣਾ ਸਕਦਾ। ਕੰਨ ਇੰਨੇ ਸੋਹਣੇ ਕਿ ਹੈਰਾਨ ਕਰਨ ਵਾਲੇ ਸਨ ਜਿਨ੍ਹਾਂ ਨੂੰ ਜੇ ਈਰਾਨੀ ਚਿੱਤਰਕਾਰ ਵੇਖ ਲਵੇ ਤਾਂ ਹੈਰਾਨ ਰਹਿ ਜਾਵੇ।


Sri Satguru Jagjit Singh Ji eLibrary NamdhariElibrary@gmail.com

## 45

ਦੋ ਚਾਂਦ ਕੇ ਟੁਕੜੇ ਹੈਂ ਯੇ ਰੁਖ਼ਸਾਰ ਨਹੀਂ ਹੈਂ
ਸੁਰਖ਼ ਹੋਨੇ ਪੇ ਭੀ ਨੂਰ ਹੈਂ ਯੇ 'ਨਾਰ' ਨਹੀਂ ਹੈਂ — *ਅੱਗ*
ਅਬ ਆਗੇ ਦਹਨ ਮਿਲਨੇ ਕੇ ਆਸਾਰ ਨਹੀਂ ਹੈਂ
'ਜੋਗੀ' ਜਿਸੇ ਪਾ ਲੇਂ ਵੁਹ ਅਸਰਾਰ ਨਹੀਂ ਹੈਂ
ਹੋਂਟੋਂ ਕੇ ਮੁਕਾਬਲੇ ਮੇਂ 'ਨਿਬਾਤ' ਹੋ ਨਹੀਂ ਸਕਤੀ। — *ਮਿਸਰੀ*
ਲਬ ਮਿਲਤੇ ਹੀ ਸ਼ੀਰੀਂ ਸੇ ਬਾਤ ਹੋ ਨਹੀਂ ਸਕਤੀ।

ਇਹ ਗੱਲ੍ਹਾਂ ਨਹੀਂ ਹਨ, ਚੰਦ ਦੇ ਦੋ ਟੁਕੜੇ ਹਨ। ਜੋ ਲਾਲ ਹੋਣ ਤੇ ਰੌਸ਼ਨੀ ਦਿੰਦੇ ਹਨ। ਇਹ ਰੌਸ਼ਨੀ ਅੱਗ ਦੀ ਨਹੀਂ ਹੈ। ਹੁਣ ਅੱਗੇ ਮੂੰਹ ਮਿਲਣ ਦੇ ਢੰਗ ਨਜ਼ਰ ਨਹੀਂ ਆਉਂਦੇ। ਇਹ ਉਹ ਭੇਤ ਨਹੀਂ ਜਿਨ੍ਹਾਂ ਨੂੰ ਮੈਂ 'ਜੋਗੀ' ਜਾਣ ਸਕਾਂ। ਬੁੱਲ੍ਹੀਆਂ ਇਨੀਆਂ ਮਿੱਠੀਆਂ ਕਿ ਮਿਸ਼ਰੀ ਵੀ ਮੁਕਾਬਲਾ ਨਹੀਂ ਕਰ ਸਕਦੀ। ਹੋਠ ਮਿਲਣ ਨਾਲ ਨਿਕਲੀ ਮਿੱਠੀ ਗੱਲ ਬਰਾਬਰ ਹੋਰ ਕੁਝ ਨਹੀਂ ਕਿਹਾ ਜਾ ਸਕਦਾ।

## 46

ਚਿਹਰਾ ਥਾ 'ਮਹਿ ਚਾਰ ਦਹਮ' ਰੀਸ਼ ਥੀ ਹਾਲਾ — *ਚੌਧਵੀਂ ਦਾ ਚੰਨ*
ਮੂਛੇਂ ਥੀਂ ਖ਼ਤੇ ਨੂਰ ਕੀ ਮਿਸਤਰ ਪੇ ਥਾ ਕਾਲਾ
ਕਹਤਾ ਲਬੇ ਲਾਅਲੀ ਕੋ ਥਾ ਹਰ ਦੇਖਨੇ ਵਾਲਾ
ਕਸਤੂਰੀ ਕੇ ਜੰਗਲ ਮੇਂ ਖਿਲਾ ਹੈ ਗੁਲੇ ਲਾਲਾ
ਗਰਦਨ ਪੇ ਹੁਏ ਸ਼ਾਹ ਕੀ ਤਮਸੀਲ ਕਿਆ ਲਿਖੂੰ।
ਥਾ ਪੀੜ੍ਹੇ ਪੇ ਗ੍ਰੰਥ 'ਮੁਕੱਦਸ' ਖੁਲ੍ਹਾ ਕਿਆ ਲਿਖੂੰ। — *ਪਵਿੱਤਰ*

ਚਿਹਰਾ ਚੌਧਵੀਂ ਦੇ ਚੰਨ ਵਰਗਾ ਸੀ ਅਤੇ ਥੋੜ੍ਹੀ-ਥੋੜ੍ਹੀ ਦਾੜ੍ਹੀ ਉਤਰੀ ਹੋਈ ਸੀ। ਰੌਸ਼ਨੀ ਦੀ ਬਰੀਕ ਲਕੀਰ ਵਰਗੀਆਂ ਕਾਲੀਆਂ ਮੁੱਛਾਂ ਸੀ। ਬੁੱਲ੍ਹਾਂ ਦੀ ਸੁਰਖ਼ੀ ਨੂੰ ਹਰ ਵੇਖਣ ਵਾਲਾ ਕਹਿੰਦਾ ਸੀ ਕਿ ਕਸਤੂਰੀ ਵਾਲੇ ਜੰਗਲ ਵਿੱਚ ਲਾਲਾ ਫੁੱਲ ਖਿੜਿਆ ਹੋਇਆ ਹੈ। ਗਰਦਨ ਦੀ ਖ਼ੂਬਸੂਰਤੀ ਦੀ ਕੀ ਸਿਫ਼ਤ ਕਰਾਂ ਜਿਵੇਂ ਪੀੜ੍ਹੇ ਉੱਤੇ ਪਵਿੱਤਰ ਗ੍ਰੰਥ ਖੋਲ੍ਹ ਕੇ ਰੱਖਿਆ ਹੋਵੇ।



Sri Satguru Jagjit Singh Ji eLibrary NamdhariElibrary@gmail.com

## 47

ਦਾੜ੍ਹੀ ਥੀ ਯਾ ਕਿ 'ਮੁਸਹਫ਼ਿ ਰੁਖ਼' ਕਾ ਗਿਲਾਫ਼ ਥਾ — *ਕੁਰਾਨ*
ਕਾਲੇ ਉਛਾੜ ਪਰ ਜੁ ਖੁਲ੍ਹਾ ਸਾਫ਼ ਸਾਫ਼ ਥਾ
'ਸ਼ਾਨੋ' ਕੀ ਸਾਜ ਕਾ ਗ਼ੈਰ ਕੋ ਭੀ 'ਇਅਤਰਾਫ਼' ਥਾ — *ਇਕਰਾਰ, ਅੰਦਾਜ਼ਾ*
ਬਾਜ਼ੂ ਕੇ ਬਲ ਕਾ 'ਗ਼ੁਲਗ਼ੁਲਾ' ਜਾ ਪਹੁੰਚਾ ਕਾਫ਼ ਥਾ — *ਸ਼ੋਰ, ਰੌਲਾ*
ਕੁੱਵਤ ਮੇਂ ਦੇਵ ਜਚਤੇ ਨ ਜਿਨ ਥੇ ਨਿਗਾਹ ਮੇਂ।
ਬਖ਼ਸ਼ਾ ਥਾ ਹੱਕ ਨੇ ਜ਼ੋਰ ਵੁਹ ਬਾਜ਼ੂਇ ਸ਼ਾਹ ਮੇਂ।

ਦਾੜ੍ਹੀ ਪਵਿੱਤਰ ਕੁਰਾਨ ਦੇ ਗਿਲਾਫ਼ ਵਰਗੀ ਸੀ ਜਿਹੜੀ ਕਾਲੇ ਰੰਗ ਨਾਲ ਖੁੱਲ੍ਹੀ ਚਮਕ ਰਹੀ ਸੀ। ਮੋਢਿਆਂ ਦੀ ਸਜਾਵਟ ਬਾਰੇ ਪਰਾਏ ਬੰਦੇ ਵੀ ਭੁਲੇਖਾ ਜਿਹਾ ਪੈਂਦਾ ਸੀ ਅਤੇ ਬਾਹਾਂਦੀ ਸ਼ਕਤੀ ਬਾਰੇ ਬਹੁਤ ਰੋਲਾ ਪੈ ਚੁੱਕਿਆ ਸੀ। ਤਾਕਤ ਵਿੱਚ ਦੇਵ ਦੈਂਤ ਵੀ ਨਜ਼ਰਾਂ ਵਿੱਚ ਨਹੀਂ ਜਚਦੇ ਸਨ। ਸ਼ਾਹੀ ਬਾਜ਼ੂਆਂ ਵਿੱਚ ਪ੍ਰਮਾਤਮਾ ਨੇ ਇੰਨਾ ਜ਼ੋਰ ਬਖ਼ਸ਼ ਰਖਿਆ ਸੀ।

## 48

ਕੁਹਨੀ ਗਠੀ ਹੂਈ ਥੀ ਕਲਾਈ ਭਰੀ ਹੂਈ
ਕੁੱਵਤ ਸੇ ਯੇਹ ਭੀ ਔਰ ਥੀ ਵੁਹ ਭੀ ਭਰੀ ਹੂਈ
ਪੰਜੇ ਮੇਂ ਪਾਂਚ ਸ਼ੇਰੋਂ ਕੀ ਕਸ ਥੀ ਭਰੀ ਹੂਈ
ਉਂਗਲੀ ਕੀ ਪੋਰ ਪੋਰ ਮੇਂ ਬਿਜਲੀ ਭਰੀ ਹੂਈ
ਸੀਨਾ ਮਿਸਲ 'ਆਈਨੇ' ਕੀ ਪਾਕ ਸਾਫ਼ ਥਾ। — *ਸ਼ੀਸ਼ਾ*
ਸਤਿਗੁਰ ਕੇ ਦੁਸ਼ਮਨੋਂ ਕੋ ਭੀ ਯੇ ਇਅਤਰਾਫ਼ ਥਾ।

ਕੁਹਣੀਆਂ ਸ਼ਕਤੀਸ਼ਾਲੀ ਸਨ, ਕਲਾਈ ਬਹੁਤ ਮਜ਼ਬੂਤ ਸੀ, ਇਹ ਸ਼ਕਤੀ ਨਾਲ ਭਰੀ ਹੋਈ ਸੀ। ਪੰਜਾ, ਪੰਜ ਸ਼ੇਰਾਂ ਦੀ ਤਾਕਤ ਦੇ ਬਰਾਬਰ ਸੀ ਤੇ ਉਂਗਲੀ ਦੀ ਹਰ ਗੱਠ ਵਿੱਚ ਬਿਜਲੀ ਭਰੀ ਹੋਈ ਸੀ। ਛਾਤੀ ਸ਼ੀਸ਼ੇ ਵਾਂਗ ਸਾਫ਼ ਸੀ। ਇਸ ਗੱਲ ਦਾ ਗੁਰੂ ਜੀ ਦੇ ਵੈਰੀਆਂ ਨੂੰ ਵੀ ਪਤਾ ਸੀ।


Sri Satguru Jagjit Singh Ji eLibrary NamdhariElibrary@gmail.com

## 49

ਯੇ ਪੁਸ਼ਤਿ ਪਾਕ 'ਪੁਸ਼ਤਿ ਪਨਾਹ', ਜਹਾਨ ਹੈ
ਸਿੱਖਾਂ ਕੋ ਇਸ ਕਾ ਫ਼ਖ਼ਰ ਹੈ ਸਿੱਖੋਂ ਕੋ ਮਾਨ ਹੈ
ਬਖ਼ਤੀ ਇਸੀ ਕੇ ਸਾਯਾ ਮੇਂ ਬੇਕਸ ਕੀ ਜਾਨ ਹੈ
ਹਿੰਦੁਸਤਾਨ ਕੀ ਢਾਲ ਯੇਹੀ 'ਬੇਗੁਮਾਨ' ਹੈ — ਬਿਨਾਂ ਸ਼ੱਕ
ਜਿਸ ਸਰ ਪਿ ਛਾਈ ਉਸ ਪੇ ਫਿਰ ਆਫ਼ਤ ਗਿਰੀ ਨਹੀਂ।
ਹੈ 'ਚਰਖ਼' ਭੀ ਗਵਾਹ ਯਿ ਰਨ ਮੇਂ ਫਿਰੀ ਨਹੀਂ। — ਆਸਮਾਨ

ਇਹ ਸਿੱਖਾਂ ਦਾ ਜਹਾਨ ਸਭ ਨੂੰ ਰਖਿਆ ਦੇਣ ਵਾਲ਼ਾ ਹੈ। ਜਿਸ ਤੇ ਸਿੱਖਾਂ ਨੂੰ ਫ਼ਖ਼ਰ ਤੇ ਮਾਣ ਹੈ। ਹਰ ਬੇਸਹਾਰਾ ਇਨ੍ਹਾਂ ਦੀ ਪਨਾਹ ਭਾਲ਼ਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਹਿੰਦੁਸਤਾਨ ਦੀ ਢਾਲ ਹਨ। ਜਿਸ ਸਿਰ ਉੱਤੇ ਇਨ੍ਹਾਂ ਦਾ ਹੱਥ ਹੋਇਆ, ਉਸ ਅੱਗੋ ਫੇਰ ਕੋਈ ਔਕੜ ਨਹੀਂ ਆਈ। ਇਸ ਗੱਲ ਦਾ ਅਸਮਾਨ ਗਵਾਹ ਹੈ ਕਿ ਇਹ ਹਾਰਦੇ ਨਹੀਂ ਹਨ।

## 50

ਪਿਛੇ ਗ੍ਰੰਥ ਪਾਕ ਕੇ ਬੈਠੇ ਹਜ਼ੂਰ ਥੇ
ਉਪਦੇਸ਼ ਸੁਨ ਕੇ ਹੋ ਚੁੱਕੇ ਸਭ ਕੇ ਸਰੂਰ ਥੇ
ਜਿਤਨੇ ਭੀ 'ਸਾਮਈਨ' ਵੁਹ ਨਜ਼ਦੀਕੋ ਦੂਰ ਥੇ
ਉਨ ਸਭ ਕੇ ਰੁਖ਼ ਪੈ ਨੂਰ ਕੇ ਪੈਦਾ ਜ਼ਹੂਰ ਥੇ
ਤਾਸੀਰ ਥੀ ਜ਼ੁਬਾਂ ਮੇਂ ਯੇ ਤਾਕਤ ਬਿਆਨ ਮੇਂ।
ਰੂਹ ਫੂਕ ਗਈ ਧਰਮ ਕੀ ਥੀ ਇਕ ਇਕ ਜਵਾਨ ਮੇਂ।

ਗੁਰੂ ਜੀ ਸ੍ਰੀ ਗੁਰੂ ਗ੍ਰੰਥ ਦੀ ਤਾਬੇ ਬੈਠੇ ਸਨ। ਸਾਰੇ ਹੀ ਮਹਾਰਾਜ ਦਾ ਉਪਦੇਸ਼ ਸੁਣ ਕੇ ਖ਼ੁਸ਼ ਹੋ ਚੁੱਕੇ ਸਨ। ਜਿੰਨੇ ਵੀ ਸਰੋਤੇ ਦੂਰ-ਨੇੜੇ ਬੈਠੇ ਸਨ, ਸਾਰਿਆਂ ਦੇ ਚਿਹਰਿਆਂ 'ਤੇ ਖ਼ੁਸ਼ੀ ਛਾਈ ਹੋਈ ਸੀ। ਮਹਾਰਾਜ ਦੀ ਜ਼ੁਬਾਨ ਵਿੱਚ ਪੂਰਾ ਪ੍ਰਭਾਵ ਸੀ ਤੇ ਬੋਲ-ਚਾਲ ਵਿੱਚ ਪੂਰੀ ਤਾਕਤ ਸੀ ਜਿਸ ਨੂੰ ਸੁਣ ਕੇ ਹਰ ਇੱਕ ਵਿੱਚ ਆਪਣੇ ਧਰਮ ਦੀ ਰੂਹ ਪ੍ਰਵੇਸ਼ ਕਰ ਗਈ ਸੀ।



Sri Satguru Jagjit Singh Ji eLibrary NamdhariElibrary@gmail.com

## 51

ਦੀਵਾਨ ਕਾ ਅਭੀ ਨ ਹੂਆ 'ਇਖ਼ਤਤਾਮ' ਥਾ — *ਖ਼ਾਤਮਾ*
ਗਰਦਸ਼ ਮੇਂ ਅਭੀ 'ਬਾਦਾਇ ਇਰਫ਼ਾਂ' ਕਾ ਜਾਮ ਥਾ — *ਆਤਮ-ਗਿਆਨ*
ਇਤਨੇ ਮੇਂ ਆ ਕੇ ਕਹਿਨੇ ਲਗਾ ਇੱਕ ਗ਼ੁਲਾਮ ਥਾ
ਪਹਿਰੇ ਪੈ ਜੁ ਖੜਾ ਹੂਆ 'ਬਾਲਾਏ ਬਾਮ' ਥਾ — *ਕੋਠੇ ਤੇ ਹੀ*
ਬੋਲਾ, 'ਅਦੂ' ਕੀ ਫ਼ੌਜ ਹੈ ਘੇਰੇ 'ਹਿਸਾਰ' ਕੋ। — *ਦੁਸ਼ਮਣ, ਕਿਲ੍ਹਾ*
ਕਿਆ ਹੁਕਮ ਅਬ ਹਜ਼ੂਰ ਕਾ ਹੈ 'ਜਾਂ-ਨਿਸਾਰ' ਕੋ ? — *ਜਾਨ ਕੁਰਬਾਨ ਕਰਨ ਵਾਲਾ*

ਅਜੇ ਲੱਗਿਆ ਦੀਵਾਨ ਖ਼ਤਮ ਨਹੀਂ ਹੋਇਆ ਸੀ। ਅਜੇ ਆਤਮ ਗਿਆਨ ਚਾਰੇ ਪਾਸੇ ਫ਼ੈਲਿਆ ਹੋਇਆ ਸੀ। ਇਨੇ ਵਿੱਚ ਇਕ ਸੇਵਕ ਜੋ ਕੋਠੇ 'ਤੇ ਖੜ੍ਹਾ ਪਹਿਰਾ ਦੇ ਰਿਹਾ ਸੀ, ਆ ਕੇ ਕਹਿਣ ਲੱਗਾ ਕਿ ਦੁਸ਼ਮਣ ਦੀ ਫ਼ੌਜ ਨੇ ਆ ਕੇ ਕਿਲ੍ਹਾ ਘੇਰ ਲਿਆ ਹੈ, ਮੈਨੂੰ ਦੱਸੋ ਕਿ ਹਜ਼ੂਰ ਦਾ ਹੁਣ ਕੀ ਹੁਕਮ ਹੈ?

## 52

'ਅਰਸ਼ਾਦ' ਹੋ ਤੋ ਸਭ ਕੋ ਅਕੇਲਾ ਭਗਾ ਕੇ ਆਊਂ — *ਹੁਕਮ ਹੋਵੇ*
ਅਜਮੇਰ ਚੰਦ ਖ਼ਾਨ ਮੈਂ ਕੈਦੀ ਬਨਾ ਕੇ ਆਊਂ
ਬਾਜ਼ੀਦ ਖ਼ਾਂ ਕਾ ਸਰ ਭੀ ਅਭੀ ਜਾ ਕੇ ਮੈਂ ਉੜਾਊਂ
ਏਕ ਸਿੰਘ, ਏਕ ਲਾਖ ਪੈ ਗ਼ਾਲਿਬ ਹੂਆ ਦਿਖਾਊਂ ?
'ਸ਼ਾਬਾਸ਼ !' ਕਹਿ ਕੇ ਸਤਿਗੁਰ ਫ਼ੌਰਨ ਖੜੇ ਹੂਏ।
'ਜੁਰੱਅਤ' ਪਿ ਪਹਿਰਾਦਾਰ ਕੀ ਵੁਹ ਖ਼ੁਸ਼ ਬੜੇ ਹੂਏ। — *ਦਲੇਰੀ*

ਹੁਕਮ ਹੋਵੇ ਤਾਂ ਮੈਂ ਇਕੱਲਾ ਹੀ ਸਾਰਿਆਂ ਨੂੰ ਭਜਾ ਆਵਾਂ। ਮੈਂ ਅਜਮੇਰ ਚੰਦ ਨੂੰ ਤੁਰੰਤ ਹੀ ਕੈਦੀ ਬਣਾ ਕੇ ਲੈ ਆਵਾਂਗਾ। ਮੈਂ ਹੁਣੇ ਜਾ ਕੇ ਬਜ਼ੀਦ ਖ਼ਾਂ ਦਾ ਸਿਰ ਵੱਢ ਦੇਵਾਂਗਾ। ਤੁਸੀਂ ਦੇਖੋਗੇ ਕਿ ਇੱਕ ਸਿੰਘ, ਇੱਕ ਲੱਖ ਉੱਤੇ ਛਾ ਜਾਵੇਗਾ। ਇਹ ਸੁਣ ਸਤਿਗੁਰਾਂ ਨੇ ਸ਼ਾਬਾਸ਼ ਦਿੱਤੀ ਤੇ ਖੜ੍ਹੇ ਹੋ ਗਏ ਤੇ ਪਹਿਰੇਦਾਰ ਦੀ ਦਲੇਰੀ ਵੇਖ ਕੇ ਬੇਅੰਤ ਪ੍ਰਸੰਨ ਹੋਏ।



Sri Satguru Jagjit Singh Ji eLibrary NamdhariElibrary@gmail.com

## 53

ਖ਼ੇਮੇ ਕੋ ਅਪਨੇ ਅਪਨੇ ਰਵਾਂ ਫਿਰ ਜਵਾਂ ਹੂਏ
ਹਥਿਆਰ ਕਸਕੇ ਓ ਪੰਜੋ ਸ਼ੇਰਿ 'ਜਿਆਂ' ਹੂਏ — *ਜਾਹਰ*
ਜਬ ਕਿਲਾ ਮੇਂ ਬੁਲੰਦ ਗੁਰੂ ਕੇ ਨਿਸ਼ਾਂ ਹੂਏ
ਸਾਹਮਨੇ ਜੰਗ ਦੇਖ ਕੇ ਸਭ 'ਸ਼ਾਦਮਾਂ' ਹੂਏ — *ਖ਼ੁਸ਼*
ਸਿੰਘੋਂ ਕੀ ਫ਼ੌਜ ਹੋ ਚੁੱਕੀ 'ਆਹਨ' ਮੇਂ ਗ਼ਰਕ ਥੀ। — *ਲੋਹਾ*
ਥੇ ਸਰ ਪੇ ਖ਼ੋਦ 'ਬਰਮਿ' ਜਿਰਹਾ ਤਾਬ ਫ਼ਰਕ ਥੀ। — *ਢਾਲ*

ਫਿਰ ਸਾਰੇ ਜਵਾਨ ਆਪਣੇ-ਆਪਣੇ ਤੰਬੂ ਵੱਲ ਚਲੇ ਗਏ। ਪੰਜੋ ਸਿੰਘ ਹਥਿਆਰ ਲੈ ਕੇ ਨਿਕਲੇ। ਜਦੋਂ ਸਭ ਨੇ ਗੁਰੂ ਜੀ ਨੂੰ ਵੀ ਕਿਲ੍ਹੇ ਵਿੱਚ ਤਿਆਰ-ਬਰ-ਤਿਆਰ ਵੇਖਿਆ ਤਾਂ ਸਭ ਦੇ ਹੌਂਸਲੇ ਤੇ ਖ਼ੁਸ਼ੀਆਂ ਦੋਬਾਲਾ ਹੋ ਗਈਆਂ। ਸਾਰੀ ਖ਼ਾਲਸਾ ਫ਼ੌਜ ਲੋਹੇ ਨਾਲ਼ ਲੈਸ ਹੋ ਗਈ ਸੀ ਤੇ ਸਾਰਿਆਂ ਦੇ ਹੱਥਾਂ ਵਿੱਚ ਢਾਲਾਂ, ਤਲਵਾਰਾਂ ਚਮਕਦੀਆਂ ਸਨ।

## 54

ਖ਼ੇਮੋਂ ਸੇ ਲੈਸ ਹੋ ਕੇ ਅਕਾਲੀ ਨਿਕਲ ਪੜੇ
ਖੰਜਰ ਉਠਾਯਾ ਤੇਗ਼ਾ ਸੰਭਾਲੀ ਨਿਕਲ ਪੜੇ
ਲੇ ਕਰ ਤੁਫ਼ੰਗ ਬਾਅਜ਼ ਦੋਨਾਲੀ ਨਿਕਲ ਪੜੇ
ਇਤਨੇ ਮੇਂ ਗੁਲ ਹੂਆ ਸ਼ਾਹਿ ਆਲੀ ਨਿਕਲ ਪੜੇ
ਖ਼ੁਰਸ਼ੀਦ ਦੇਖ 'ਸਰਵਰੇ ਫ਼ੌਜਿ' ਅਕਾਲ ਕੋ। — *ਫ਼ੌਜ ਦਾ ਆਗੂ*
ਕਿਬਲ ਅਜ਼ ਦੁਪਹਿਰ ਸ਼ਰਮ ਸੇ ਪਹੁੰਚਾ 'ਜ਼ਵਾਲ' ਕੋ। — *ਪਤਨ*

ਫਿਰ ਤੰਬੂਆਂ 'ਚੋਂ ਤਿਆਰ ਹੋ ਕੇ ਅਕਾਲੀ ਬਾਹਰ ਆ ਗਏ। ਤੇਗ਼ਾਂ, ਬਰਛੇ ਤੇ ਹੋਰ ਹਥਿਆਰ ਚੁੱਕ ਖੜ੍ਹੇ ਹੋ ਗਏ। ਕਈਆਂ ਕੋਲ਼ ਤੀਰ ਕਮਾਨ ਅਤੇ ਦੋਨਾਲੀ ਬੰਦੂਕਾਂ ਸਨ। ਇੰਨੇ ਨੂੰ ਸੂਰਜ ਛਿਪ ਗਿਆ। ਸਾਰੀ ਫ਼ੌਜ ਅੱਗੇ ਮਹਾਰਾਜ ਆਪ ਸਨ ਜੋ ਮੋਹਰੀ ਸਨ। ਇਹ ਵੇਖ ਦੁਪਹਿਰ ਹੋਣ ਤੋਂ ਪਹਿਲਾਂ ਹੀ ਦੁਸ਼ਮਣ ਦੇ, ਸੂਰਜ ਦੀ ਚਮਕ ਸ਼ਰਮ ਨਾਲ ਢਲ ਚੁੱਕੀ ਸੀ।


Sri Satguru Jagjit Singh Ji eLibrary NamdhariElibrary@gmail.com

## 55

ਜਿਸ ਜਾ ਕੀਆ ਹਜ਼ੂਰ ਨੇ ਜਾ ਕਰ ਕਿਆਮ ਥਾ
ਚਮਕੌਰ ਕੀ ਗੜ੍ਹੀ ਮੇਂ ਯਿਹ ਇੱਕ ਊਂਚਾ 'ਬਾਮ' ਥਾ — *ਕੋਠਾ*
ਉਸ ਜਾ ਸੇ ਚਾਰ ਖੂੰਟ ਕਾ ਨੱਜ਼ਾਰਾ ਆਮ ਥਾ
ਦਿਖਤਾ ਯਹਾਂ ਸੇ ਲਸ਼ਕਰਿ 'ਆਅਦਾ' ਤਮਾਮ ਥਾ — *ਦੁਸ਼ਮਣ*
ਅਸਵਾਰ ਹੀ ਅਸਵਾਰ ਥੇ, ਫੈਲੇ ਹੁਏ ਰਨ ਮੇਂ।
ਪਿਆਦੇ ਥੇ, ਯਾ ਥੀ 'ਆਦਮੀ-ਘਾਸ' ਉਗ ਪੜੀ ਬਨ ਮੇਂ।

ਜਿੱਥੇ ਜਾ ਕੇ ਮਹਾਰਾਜ ਨੇ ਮੋਰਚਾ ਲਗਾਇਆ ਉਹ ਚਮਕੌਰ ਦੀ ਗੜ੍ਹੀ ਵਿੱਚ ਉੱਚਾ ਕੋਠਾ ਸੀ ਜਿੱਥੋਂ ਚਾਰੇ ਪਾਸੇ ਨਜ਼ਰ ਦੌੜਾਈ ਜਾ ਸਕਦੀ ਸੀ ਤੇ ਵੈਰੀ ਦੀ ਸਾਰੀ ਫ਼ੌਜ ਨਜ਼ਰ ਆਉਂਦੀ ਸੀ। ਮੈਦਾਨ ਵਿੱਚ ਘੋੜ ਸਵਾਰ ਹੀ ਘੋੜ ਸਵਾਰ ਦਿਸਦੇ ਸਨ। ਪੈਦਲ ਸਿਪਾਹੀ ਇਸ ਤਰ੍ਹਾਂ ਦਿਸਦੇ ਸਨ ਜਿਵੇਂ ਬਣ ਵਿੱਚ ਲੰਬਾ-ਲੰਬਾ ਘਾਹ ਉੱਗਿਆ ਹੋਵੇ।

## 56

ਸਤਿਗੁਰ ਨੇ ਮੌਕਾ ਮੌਕਾ ਸੇ ਸਭ ਕੋ ਬਿਠਾ ਦੀਆ
ਹਰ ਬੁਰਜ ਪਿ 'ਫ਼ਸੀਲ' ਪਿ ਪਹਿਰਾ ਲਗਾ ਦੀਆ — *ਦੀਵਾਰ*
ਯਿਹ ਮੋਰਚਾ ਇਸੇ, ਉਸੇ ਬੁਹ ਦਮਦਮਾ ਦੀਆ
ਸਿੰਘੋਂ ਕਾ ਇਕ 'ਹਿਸਾਰ' ਕਿਲਾ ਮੇਂ ਬਨਾ ਦੀਆ — *ਕਿਲ੍ਹਾ*
ਦੀਵਾਰੋ ਦਰ ਪੇ, ਪੁਸ਼ਤੋਂ ਪੇ ਜਬ ਸਿੰਘ ਡਟ ਗਏ।
ਡਰ ਕਰ 'ਮੁਹਾਸਰੀਨ' ਸਭੀ ਪੀਛੇ ਹਟ ਗਏ। — *ਘੇਰਾ ਪਾਉਣ ਵਾਲੇ*

ਸਤਿਗੁਰਾਂ ਨੇ ਹਰ ਪਾਸੇ ਦੇਖ-ਰੇਖ ਕਰਕੇ ਸਾਰਿਆਂ ਨੂੰ ਬਿਠਾ ਕੇ ਕੰਧ ਦੇ ਹਰ ਬੁਰਜ ਕੋਲ ਪਹਿਰੇ ਲਾ ਦਿੱਤੇ। ਕਿਸੇ ਨੂੰ ਕੋਈ ਤੇ ਕਿਸੇ ਨੂੰ ਕੋਈ ਮੋਰਚਾ ਸੰਭਾਲ ਦਿੱਤਾ। ਇਸ ਤਰ੍ਹਾਂ ਕਿਲ੍ਹੇ ਵਿੱਚ ਸਿੰਘਾਂ ਦਾ ਇੱਕ ਹੋਰ ਕਿਲ੍ਹਾ ਬਣਾ ਦਿੱਤਾ। ਜਦੋਂ ਦਰਾਂ, ਕੋਨਿਆਂ, ਕੰਧਾਂ ਉੱਤੇ ਸਿੰਘ ਹਰ ਪਾਸੇ ਡਟ ਗਏ ਤਾਂ ਘੇਰਾ ਪਾਉਣ ਵਾਲੀ ਫ਼ੌਜ ਡਰ ਕੇ ਪਿੱਛੇ ਹੱਟ ਗਈ।

57

ਫ਼ੁਰਮਾਏ ਕੁਲਗ਼ੀਧਰ ਕਿ ਅਬ ਇੱਕ ਇੱਕ ਜਵਾਂ ਚਲੇ
ਪਾ ਪਾ ਕੇ ਹੁਕਮ ਭੇੜੋਂ ਮੇਂ ਸ਼ੇਰਿ-ਜਿਆਂ ਚਲੇ
ਬਚ ਕਰ ਅਦੂ ਕੇ ਦਾਉ ਸੇ ਯੂੰ ਪਹਿਲਵਾਂ ਚਲੇ
ਦਾਂਤੋਂ ਮੇਂ ਜੈਸੇ ਘਿਰ ਕੇ 'ਦਹਨ' ਮੇਂ ਜ਼ਬਾਂ ਚਲੇ ਮੂੰਹ
ਘੁਸਤੇ ਹੀ ਰਨ ਮੇਂ ਜੰਗ ਕਾ ਪੱਲਾ ਝੁਕਾ ਦੀਆ।
ਜਿਸ 'ਸਿਮਤ' ਤੇਗ਼ਾ ਤੋਲ ਕੇ ਪਹੁੰਚਾ ਭਗਾ ਦੀਆ। ਪਾਸੇ

ਕਲਗ਼ੀਧਰ ਮਹਾਰਾਜ ਨੇ ਫਿਰ ਕਿਹਾ ਕਿ ਹੁਣ ਇੱਕ-ਇੱਕ ਸਿੰਘ ਬਾਹਰ ਜਾਵੇ। ਬੱਸ ਹੁਕਮ ਸੁਣਦਿਆਂ ਬਹਾਦੁਰ ਜਵਾਨ, ਸ਼ੇਰਾਂ ਵਾਂਗੂ ਦੁਸ਼ਮਣ ਦੇ ਦਾਓ ਪੇਚਾਂ ਤੋਂ ਬਚਦੇ ਹੋਏ ਤੁਰ ਪਏ। ਉਹ ਇਸ ਤਰ੍ਹਾਂ ਲੱਗਦੇ ਹਨ ਜਿਵੇਂ ਦੰਦਾਂ ਵਿਚਕਾਰ ਜ਼ੁਬਾਨ ਆਪਣੇ ਆਪ ਨੂੰ ਬਚਾਉਂਦੀ ਹੈ। ਮੈਦਾਨਿ ਜੰਗ ਵਿੱਚ ਵੜਦਿਆਂ ਹੀ ਪਾਸਾ ਬਦਲ ਦਿੱਤਾ ਤੇ ਜਿਧਰ ਤਲਵਾਰ ਚੁੱਕਣ, ਦੁਸ਼ਮਣ ਨੂੰ ਭਜਾ ਦੇਣ।

58

ਏਕ ਏਕ ਲਾਖ ਲਾਖ ਸੇ ਮੈਦਾਨ ਮੇਂ ਲੜਾ
ਜਿਸ ਜਾ ਪੈ ਸਿੰਘ ਅੜ ਗਏ ਝੰਡਾ ਵਹਾਂ ਗੜਾ
'ਚਸ਼ਮਿ ਫ਼ਲਕ' ਨੇ ਥਾ ਜੁ ਨਾ ਦੇਖਾ ਵੁਹ ਰਨ ਪੜਾ ਅਸਮਾਨੀ ਅੱਖ
ਘੋੜੇ ਪੈ ਝੂਮਤਾ ਇੱਕ ਅਕਾਲੀ ਜਵਾਂ ਬੜ੍ਹਾ
ਗ਼ੁਲ ਮਚ ਗਿਆ ਯਿਹ ਪਾਂਚ ਪਿਆਰੋਂ ਮੇਂ ਏਕ ਹੈ।
ਬੇਮਿਸਾਲ ਹੈ 'ਸ਼ੁਜਾਅ' ਹਜ਼ਾਰੋਂ ਮੇਂ ਏਕ ਹੈ। ਬਹਾਦਰ

ਮੈਦਾਨ ਵਿੱਚ ਇੱਕ-ਇੱਕ ਸਿੰਘ ਸੌ-ਸੌ ਨਾਲ ਲੜਿਆ। ਜਿੱਥੇ ਜਾ ਖੜ੍ਹਦੇ, ਝੰਡਾ ਗੱਡ ਦਿੰਦੇ। ਮੈਦਾਨ ਵਿੱਚ ਇਸ ਤਰ੍ਹਾਂ ਵਾਪਰੀ ਜੋ ਅਸਮਾਨੀ ਅੱਖ ਨੇ ਕਦੀ ਨਾ ਦੇਖੀ ਹੋਵੇ। ਇਹ ਅਕਾਲੀ ਜਵਾਨ ਘੋੜੇ ਉੱਤੇ ਝੂਮ ਰਿਹਾ ਸੀ। ਰੌਲਾ ਪੈ ਗਿਆ ਕਿ ਇਹ ਪੰਜ ਪਿਆਰਿਆਂ 'ਚੋਂ ਇੱਕ ਹੈ ਜਿਸ ਦਾ ਕੋਈ ਸਾਨੀ ਨਹੀਂ ਹੈ ਤੇ ਇਹ ਹਜ਼ਾਰਾਂ ਵਿੱਚੋਂ ਇੱਕ ਬਹਾਦਰ ਹੈ।



Sri Satguru Jagjit Singh Ji eLibrary NamdhariElibrary@gmail.com

59

ਚਿੱਲਾਏ ਬਾਅਜ਼ ਲੋ ਵੋਹ ਦਯਾ ਸਿੰਘ ਜੀ ਬੜ੍ਹੇ
ਖੰਡਾ ਪਕੜ ਕੇ ਹਾਥ ਮੇਂ ਜੀਵਤ ਬਲੀ ਬੜ੍ਹੇ
ਸਤਿਗੁਰ ਕੇ ਬਾਗ਼ਾ ਕੇ ਹੈਂ ਜਿਹ ਸਰੂ ਸਹੀ ਬੜ੍ਹੇ
ਲਾਸ਼ੋਂ ਕੇ ਪਾਟਨੇ ਕੋ ਸਫ਼ਰ ਜਨਅਤੀ ਬੜ੍ਹੇ
ਇਨ ਸਾ ਦਲੇਰ ਕੋਈ ਨਹੀਂ ਹੈ ਸਿਪਾਹ ਮੇਂ।
ਸਰ ਨਜ਼ਰ ਕਰ ਚੁੱਕੇ ਹੈਂ ਜਿਹ ਮੌਲਾ ਕੀ ਰਾਹ ਮੇਂ।

ਕਈ ਉੱਚੀ ਅਵਾਜ਼ ਵਿੱਚ ਕਹਿਣ ਲੱਗੇ ਕਿ ਵੇਖੋ ਔਹ ਦਯਾ ਸਿੰਘ ਅੱਗੇ ਵਧਿਆ ਹੈ, ਜਿਸ ਦੇ ਹੱਥ ਵਿੱਚ ਖੰਡਾ ਹੈ। ਇਹ ਸਤਿਗੁਰੂ ਦੇ ਬਾਗ਼ ਦਾ ਸਰੂ ਕੱਦ ਪੌਦਾ ਹੈ, ਜੋ ਲਾਸ਼ਾਂ ਦੇ ਢੇਰ ਲਾਉਣ ਲਈ ਅੱਗੇ ਆਇਆ ਹੈ। ਸਾਰੇ ਸਿਪਾਹੀਆਂ ਵਿੱਚ ਇਸ ਵਰਗਾ ਹੋਰ ਕੋਈ ਬਹਾਦਰ ਨਹੀਂ ਹੈ, ਜੋ ਰੱਬ ਦੀ ਰਾਹ ਵਿੱਚ ਆਪਣਾ ਸਿਰ ਭੇਟ ਕਰ ਚੁੱਕਿਆ ਹੈ।

60

ਮੁਹਕਮ ਕੀ ਸ਼ਕਲ ਦੇਖ ਕੇ ਲੋਹੂ ਨੁਚੜ ਗਿਆ
ਧੱਬਾ ਅਦੂ ਕੇ ਜਾਮਏ ਜੁਅਰਤ ਪੇ ਪੜ ਗਿਆ
ਪਟਖਾ ਮਰੋੜ ਕਰ ਉਸੇ ਹੱਥੇ ਜੁ ਚੜ੍ਹ ਗਿਆ
ਦਹਿਸ਼ਤ ਸੇ ਹਰ ਜਵਾਂ ਕਾ ਹੁਲੀਆ ਬਿਗੜ ਗਿਆ
ਸਾਹਿਬ ਕੋ ਦੇਖ 'ਮਸਖ਼ ਖ਼ਤੋ ਖ਼ਾਲ' ਹੋ ਗਏ। *ਹੁਲੀਏ ਬਦਲ ਗਏ*
ਡਰ ਸੇ ਸਫ਼ੈਦ ਜ਼ਾਲਮੋਂ ਕੇ ਵਾਲ ਹੋ ਗਏ।

ਮੋਹਕਮ ਚੰਦ 'ਸਿੰਘ' ਦੀ ਸ਼ਕਲ ਦੇਖ ਕੇ ਦੁਸ਼ਮਣ ਦਾ ਖ਼ੂਨ ਨੁਚੜ ਗਿਆ। ਦੁਸ਼ਮਣਾਂ ਦੀ ਦਲੇਰੀ ਮੰਦੀ ਪੈ ਗਈ। ਜੋ ਵੀ ਉਸ ਦੇ ਧੱਕੇ ਚੜ੍ਹਿਆ, ਧਰਤੀ ਨਾਲ ਪਟਕਾ ਮਾਰਿਆ। ਜਿਸ ਨੇ ਵੀ ਦੇਖਿਆ, ਹੈਰਾਨ, ਪ੍ਰੇਸ਼ਾਨ ਰਹਿ ਗਿਆ, ਸਾਹਿਬਾਂ ਨੂੰ ਦੇਖ ਕੇ ਦੁਸ਼ਮਣ ਦੇ ਹੁਲੀਏ ਬਦਲ ਗਏ ਤੇ ਡਰ ਦੇ ਮਾਰਿਆਂ ਵਾਲ ਵੀ ਚਿੱਟੇ ਹੋ ਗਏ।



Sri Satguru Jagjit Singh Ji eLibrary NamdhariElibrary@gmail.com

## 61

ਜਿਸ 'ਸਿਮਤ' ਗ਼ੁਲ ਮਚਾ ਥਾ ਉਧਰ ਜਬ ਨਿਗ੍ਹਾ ਕੀ
ਆਵਾਜ਼ ਸਾਫ਼ ਆਨੇ ਲਗੀ ਆਹ ਆਹ ਕੀ
ਇੱਕ ਖ਼ਾਲਸੇ ਨੇ ਹਾਲਤਿ ਲਸ਼ਕਰ, ਤਬਾਹ ਕੀ
ਰਣ ਮੇਂ ਕਹੀਂ ਜਗ੍ਹਾ ਨ ਰਹੀ ਥੀ ਪਨਾਹ ਕੀ

ਭਾਗੇ ਕਿ ਅਬ ਬਚਾਉ ਕੀ ਸੂਰਤ ਨਹੀਂ ਰਹੀ।
ਆਏ 'ਧਰਮ' ਤੋ ਜੰਗ ਕੀ ਹਿਮਤ ਨਹੀਂ ਰਹੀ।

ਜਿਸ ਪਾਸੇ ਸ਼ੋਰ ਪਿਆ, ਉਸ ਵੱਲ ਤੱਕਿਆ ਤਾਂ ਹਾੜਿਆਂ ਦੀਆਂ ਅਵਾਜ਼ਾਂ ਸੁਣਾਈ ਦੇਣ ਲੱਗੀਆਂ। ਖ਼ਾਲਸੇ ਨੇ ਮੈਦਾਨ ਵਿੱਚ ਦੁਸ਼ਮਣ ਫ਼ੌਜ ਦੀ ਅਜਿਹੀ ਤਬਾਹੀ ਕੀਤੀ ਕਿ ਬੱਚ ਕੇ ਨਿਕਲਣ ਨੂੰ ਕੋਈ ਜਗ੍ਹਾ ਨਾ ਰਹੀ। ਦੁਸ਼ਮਣ ਦੇ ਸਿਪਾਹੀ ਭੱਜ ਰਹੇ ਸਨ ਕਿਉਂਕਿ ਹੁਣ ਬਚਣ ਦੀ ਸੂਰਤ ਨਹੀਂ ਸੀ ਤੇ ਨਾ ਜੰਗ ਕਰਨ ਦੀ ਸ਼ਕਤੀ ਸੀ।

## 62

ਲਾਖੋਂ ਕੋ ਕਤਲ ਕਰਕੇ ਪਿਆਰੇ ਗੁਜ਼ਰ ਗਏ
ਏਕ ਏਕ ਕਰਕੇ ਖ਼ਾਲਸੇ ਸਾਰੇ ਗੁਜ਼ਰ ਗਏ
ਸਦਹਾ ਫ਼ਨਾਹ ਕੇ ਘਾਟ ਉਤਾਰੇ ਗੁਜ਼ਰ ਗਏ
ਭੂਸ ਮੇਂ ਲਗਾ ਕੇ ਆਗ 'ਸ਼ਰਾਰੇ' ਗੁਜ਼ਰ ਗਏ    *ਚੰਗਿਆੜੇ*

ਜ਼ਖ਼ਮੋਂ ਸੇ ਸਿੰਘ ਸੂਰਮੇਂ ਜਬ ਚੂਰ ਹੋ ਗਏ।
ਸਰਦਾਰ ਸਰ ਕਟਾਨੇ ਪੈ ਮਜਬੂਰ ਹੋ ਗਏ।

ਲੱਖਾਂ ਨੂੰ ਪਾਰ ਬੁਲਾ ਕੇ, ਪਿਆਰੇ ਖ਼ਾਲਸੇ ਦੇ, ਇੱਕ-ਇੱਕ ਕਰਕੇ ਸਾਰੇ ਬਹਾਦਰ ਚਲ ਬਸੇ। ਸੈਂਕੜੇ ਹੀ ਦੁਸ਼ਮਣ ਸਿਪਾਹੀ ਮੌਤ ਦੇ ਘਾਟ ਉਤਾਰ ਦਿੱਤੇ ਤੇ ਆਪ ਭੂਸ ਨੂੰ ਅੱਗ ਲਾ ਕੇ ਚੰਗਿਆੜੇ ਬਣ ਚਲੇ ਗਏ। ਜਦੋਂ ਸਾਰੇ ਹੀ ਸਿੰਘ ਜ਼ਖ਼ਮਾਂ ਨਾਲ ਥੱਕ ਗਏ ਅੰਤ ਸਿਰ ਕਟਾਉਣ ਲਈ ਆਮਾਦਾ ਹੋ ਗਏ।


Sri Satguru Jagjit Singh Ji eLibrary NamdhariElibrary@gmail.com

63

ਫ਼ੱਵਾਰਾਏ ਖ਼ੂੰ ਹਰ 'ਬੁਨਿ ਮੂ' ਸੇ ਰਵਾਂ ਹੂਆ ਵਾਲਾਂ ਦੇ ਜੜ੍ਹੋਂ
ਜ਼ਖ਼ਮੋਂ ਸੇ ਚੂਰ ਚੂਰ ਇਕ ਇਕ ਜਵਾਂ ਹੂਆ
ਖਾ ਖਾ ਤੀਰ ਸਿਖ ਹਰ ਇਕ 'ਨਾਤਵਾਂ' ਹੂਆ ਕਮਜ਼ੋਰ
ਸਰ ਤਨ ਪੈ ਸ਼ੌਕਿ ਕ਼ਤਲ ਮੇਂ 'ਬਾਰਿਗਿਰਾਂ' ਹੂਆ ਬੋਝਲ
    ਲਾਖੋਂ ਕੀ ਜਾਨ ਲੇ ਕੇ ਦਲੇਰੋਂ ਨੇ ਜਾਨ ਦੀ।
    ਸਤਿਗੁਰੂ ਗੁਰੂ ਗੋਬਿੰਦ ਕੇ ਸ਼ੇਰੋਂ ਨੇ ਜਾਨ ਦੀ।

ਹਰ ਵਾਲ ਦੀ ਜੜ੍ਹ ਵਿੱਚੋਂ ਖ਼ੂਨ ਚੋ ਰਿਹਾ ਸੀ ਤੇ ਹਰ ਜਵਾਨ ਜ਼ਖ਼ਮਾਂ ਨਾਲ ਛਲਣੀ ਹੋ ਗਿਆ ਸੀ। ਹਰ ਇਕ ਸਿੱਖ ਹੁਣ ਤੀਰ ਦੇ ਨਾਲ ਕਮਜ਼ੋਰ ਹੋ ਗਿਆ ਸੀ। ਕਤਲ ਦੇ ਸ਼ੌਕ਼ ਵਿੱਚ ਸਰੀਰ ਉੱਪਰ ਸਿਰ ਭਾਰਾ ਲੱਗਣ ਲੱਗ ਪਿਆ ਸੀ। ਫਿਰ ਬਹਾਦਰਾਂ ਨੇ ਲੱਖਾਂ ਦੀਆਂ ਜਾਨਾਂ ਲੈ ਕੇ ਆਪਣੀ ਜਾਨ ਕੁਰਬਾਨ ਕੀਤੀ। ਇਸ ਤਰ੍ਹਾਂ ਸਤਿਗੁਰੂ ਜੀ ਗੁਰੂ ਗੋਬਿੰਦ ਸਿੰਘ ਦੇ ਬਹਾਦਰ ਸ਼ੇਰ ਸ਼ਹੀਦ ਹੋਏ।

64

ਐ ਤਬਏ-ਰਸਾ! ਆਜ ਦਿਖਾ ਅਪਨੀ ਰਸਾਈ
ਐ ਤੇਗ਼ੇ ਸੁਖ਼ਨ! ਤੂ ਭੀ ਬਤਾ ਅਪਨੀ ਸਫ਼ਾਈ
ਸ਼ਹਬਾਜ਼ ਨੇ ਮੇਰੇ ਕਭੀ ਮੂੰਹ ਕੀ ਨਹੀਂ ਖਾਈ
ਹੈਂ ਦੁਰ ਦੇ ਅਸਰ-ਖ਼ੇਜ਼ ਸੇ ਦੋਨੋਂ ਸਗੇ ਭਾਈ
    ਖ਼ਾਕ ਉਡਨੇ ਲਗੇ 'ਬਹਰ' ਮੇਂ ਗਰ ਆਹ ਕਰੂੰ ਮੈਂ। ਸਾਗਰ
    'ਗੁਲਬੁਨ' ਬਨੇ ਗੁਲਜ਼ਾਰ ਅਗਰ ਵਾਹ ਕਰੂੰ ਮੈਂ। ਗੁਲਾਬ

ਐ ਕਾਵਿ ਉਡਾਰੀ! ਅੱਜ ਤੂੰ ਆਪਣੀ ਪਹੁੰਚ ਤੇ ਸ਼ਕਤੀ ਜ਼ਾਹਰ ਕਰ। ਐ ਸੁੰਦਰ ਤਿੱਖੇ ਬੋਲੋ! ਆਪਣਾ ਨਿਰਣਾ ਦੱਸੋ। ਮੇਰੇ ਬਹਾਦਰਾਂ ਨੇ ਕਦੀਵੀ ਹਾਰ ਨਹੀਂ ਮੰਨੀ। ਦੋਵੇਂ ਭਾਈ ਕੀਮਤੀ ਮੋਤੀ ਹਨ। ਜੇ ਮੈਂ ਆਹ ਭਰਾਂ ਤਾਂ ਸਾਗਰ ਵਿੱਚ ਮਿੱਟੀ ਉੱਡ ਪਵੇਗੀ ਤੇ ਜੇ ਵਾਹ-ਵਾਹ ਕਰਾਂਗਾ ਤਾਂ ਗੁਲਾਬ ਨਾਲ ਭਰੀ ਫੁਲਵਾੜੀ ਬਣ ਜਾਵੇਗੀ।



Sri Satguru Jagjit Singh Ji eLibrary NamdhariElibrary@gmail.com

## 65

ਗੁਲਸ਼ਨ ਮੇਂ ਚਹਕ ਮੁਝ ਸੇ ਹਜ਼ਾਰੋਂ ਨੇ ਉੜਾਈ
ਗੁਲਬੁਨ ਮੇਂ ਮਹਕ ਮੁਝ ਸੇ ਹੀ ਸਾਰੋਂ ਨੇ ਉੜਾਈ
ਬਿਜਲੀ ਨੇ ਤੜਪ 'ਜ਼ੂਇ' ਸਤਾਰੋਂ ਨੇ ਉੜਾਈ — *ਰੌਸ਼ਨੀ*
'ਜੋਗੀ' ਸੇ 'ਖਟਕ' ਬਨ ਮੇਂ ਹੈ ਖ਼ਾਰੋਂ ਨੇ ਉੜਾਈ — *ਡਰ*
    ਨਸ਼ਤਰ ਕੁਈ ਰੱਖ ਦੇਤਾ ਹੂੰ ਹਰ ਮਿਸਰਾਇ ਤਰ ਮੇਂ।
    ਕਾਂਟਾ ਹੂੰ ਜਬੀ 'ਗੁਲਸ਼ਨਿ ਆਲਮ' ਕੀ ਨਜ਼ਰ ਮੇਂ। — *ਦੁਨੀਆਂ ਦਾ ਬਾਗ਼*

ਹਜ਼ਾਰਾਂ ਨੇ ਬਾਗ਼ ਵਿੱਚੋਂ ਮੇਰੀ ਜ਼ੁਬਾਨ ਬੰਦ ਕਰਨ ਦੀ ਕੋਸ਼ਿਸ਼ ਕੀਤੀ। ਫੁਲਵਾੜੀ ਵਿੱਚੋਂ ਮੇਰੇ ਕੋਲੋਂ ਸਭ ਨੇ ਖ਼ੁਸ਼ਬੂ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ। ਬਿਜਲੀ ਨੇ ਚਮਕ ਕੇ ਸਿਤਾਰਿਆਂ ਦੀ ਰੌਸ਼ਨੀ ਮੱਧਮ ਪਾਉਣੀ ਚਾਹੀ। ਕੰਡਿਆਂ ਨੇ ਐ ਜੋਗੀ! ਬਣ ਵਿੱਚ ਖਲਾਰਾ ਪਾ ਦਿੱਤਾ। ਪਰ ਮੈਂ ਹਰ ਤਰਦੇ ਸ਼ੇਅਰ ਵਿੱਚ ਅਜਿਹੀ ਤੇਜ਼ ਅੱਗ ਭਰ ਦਿੰਦਾ ਹਾਂ ਭਾਵੇਂ ਮੈਂ ਸੰਸਾਰੀ ਬਾਗ਼ ਦੀ ਨਜ਼ਰ ਵਿੱਚ ਇਕ ਕੰਡੇ ਦੀ ਨਿਆਈਂ ਹਾਂ।

## 66

ਮੈਦਾਂ ਮੇਂ ਅਦੂ ਮੇਰੀ ਹਵਾ ਕੋ ਨਹੀਂ ਪਹੁੰਚਾ
'ਸ਼ਬਦੇਜ਼ਿ ਸੁਖਨ' ਕੇ ਸੁਮਿ ਪਾ ਕੋ ਨਹੀਂ ਪਹੁੰਚਾ — *ਕਾਵਿ-ਤੁਰੰਗ*
ਤਾ ਅਰਸ਼ ਗਿਆ 'ਤਬਾਇ ਰਸਾ' ਕੋ ਨਹੀਂ ਪਹੁੰਚਾ — *ਮੰਜ਼ਲ*
ਬੰਦਾ ਕੋਈ ਜਿਸ ਤਰਹ ਖ਼ੁਦਾ ਕੋ ਨਹੀਂ ਪਹੁੰਚਾ
    'ਖ਼ਾਮਾ' ਤੋ ਨਹੀਂ ਹਾਥ ਮੇਂ ਮੂਸਾ ਕਾ ਅਸਾ ਹੈ। — *ਕਲਮ*
    ਫ਼ਰਊਨਿ ਅਦੂ ਕੀ ਮਿਰੀ ਮੁੱਠੀ ਮੇਂ 'ਕਜ਼ਾ' ਹੈ। — *ਮੌਤ*

ਮੈਦਾਨ ਵਿੱਚ ਕੋਈ ਦੁਸ਼ਮਣ ਮੇਰੀ ਹਵਾ ਵੱਲ ਝਾਕ ਨਹੀਂ ਸਕਿਆ। ਮੇਰੀ ਕਾਵਿ-ਤੁਰੰਗ ਦੇ ਪੈਰਾਂ ਦੇ ਨਹੁਆਂ ਤੱਕ ਨਹੀਂ ਪੁੱਜ ਸਕਿਆ। ਅਸਮਾਨ ਤੇ ਜਾ ਕੇ ਮੰਜ਼ਿਲ ਪ੍ਰਾਪਤ ਨਹੀਂ ਕਰ ਸਕਿਆ। ਬਸ ਇਸ ਤਰ੍ਹਾਂ ਜਿਵੇਂ ਕੋਈ ਵੀ ਰੱਬ ਤੱਕ ਨਹੀਂ ਪੁੱਜ ਸਕਿਆ। ਹੱਥ ਵਿੱਚ ਕਲਮ ਨਹੀਂ, ਹਜ਼ਰਤ ਮੂਸਾ ਵਾਲਾ ਸੋਟਾ ਹੈ। ਮੇਰੀ ਮੁੱਠੀ ਵਿੱਚ ਦੁਸ਼ਮਣ ਫ਼ਰਊਨ ਦੀ ਮੌਤ ਹੈ।


Sri Satguru Jagjit Singh Ji eLibrary NamdhariElibrary@gmail.com

## 67

ਅਸ਼ਆਰ ਸੇ ਮੁਰਦੋਂ ਕੋ ਭੀ ਜ਼ਿੰਦਾ ਕੀਆ ਮੈਂ ਨੇ
ਕਿਤਨੇ ਹੀ ਮਰੀਜ਼ੋਂ ਕੋ ਮਸੀਹਾ ਕੀਆ ਮੈਂ ਨੇ
'ਉਰਦੂਇ ਮੁਅੱਲਾ' ਕੋ 'ਮੁਜੱਲਾ' ਕੀਆ ਮੈਂ ਨੇ — *ਵਿਦਵਾਨ, ਰੌਸ਼ਨ*
ਨਾ ਪੈਦ ਥਾ ਜੁ ਰੰਗ ਵੁਹ ਪੈਦਾ ਕੀਆ ਮੈਂ ਨੇ
'ਤਹਸੀਂ' ਲੀਆ ਕਰਤਾ ਹੂੰ ਟੂਟੇ ਹੂਏ ਦਿਲ ਸੇ। — *ਅਸੀਸ*
ਬਸ ਇਸ਼ਕ਼ ਕੇ ਮਾਰੇ ਹੂਏ ਲੂਟੇ ਹੂਏ ਦਿਲ ਸੇ।

ਮੈਂ ਆਪਣੇ ਸ਼ੇਅਰਾਂ ਨਾਲ ਮੁਰਦਿਆਂ ਨੂੰ ਵੀ ਜਿਊਂਦਾ ਕਰ ਦਿੱਤਾ ਅਤੇ ਬਹੁਤ ਸਾਰੇ ਬੀਮਾਰਾਂ ਨੂੰ ਰਿਸ਼ਟ-ਪੁਸ਼ਟ ਕਰ ਦਿੱਤਾ। ਮੈਂ ਉਰਦੂ ਦੇ ਮਾਹਰਾਂ ਨੂੰ ਰੌਸ਼ਨੀ ਦਿੱਤੀ। ਜਿਹੜਾ ਰੰਗ ਹੋਂਦ ਵਿੱਚ ਹੀ ਨਹੀਂ ਸੀ ਮੈਂ ਉਸ ਨੂੰ ਪੈਦਾ ਕੀਤਾ। ਮੈਂ ਟੁੱਟੇ ਹੋਏ ਤੇ ਇਸ਼ਕ਼ ਮਾਰੇ ਦਿਲਾਂ ਤੋਂ ਅਸੀਸ ਪ੍ਰਾਪਤ ਕਰਦਾ ਹਾਂ।

## 68

ਜਿਸ ਦਿਲ ਕੋ ਨਹੀਂ ਇਸ਼ਕ਼ਿ ਹਕ਼ੀਕ਼ੀ ਸੇ ਸਰੋਕਾਰ
ਪੱਥਰ ਕਾ ਵੁਹ ਟੁਕੜਾ ਹੈ ਵੁਹ ਦਿਲ ਨਹੀਂ 'ਜ਼ਿਨਹਾਰ' — *ਬਿਲਕੁਲ*
ਖ਼ਾਲਕ਼ ਕਾ ਪਿਆਰਾ ਹੈ ਜੋ ਖ਼ਲਕ਼ਤ ਕੋ ਕਰੇ ਪਿਆਰ
ਇਤਨਾ ਹੈ ਫ਼ਕ਼ਤ ਕਾਫ਼ਰੋ 'ਦੀਂਦਾਰ' ਕਾ ਮੱਯਾਰ — *ਧਰਮੀ*
ਸਿੱਖੀ ਭੀ ਸਿਖਾਤੀ ਹੈ ਫ਼ਨ੍ਹਾ ਜ਼ਾਤ ਮੇਂ ਹੋ ਜਾ।
'ਪੈਰੋ' ਗੁਰੂ ਨਾਨਕ ਕਾ ਹਰ ਇੱਕ ਬਾਤ ਮੇਂ ਹੋ ਜਾ। — *ਚੇਲਾ*

ਜਿਸ ਦਿਲ ਦਾ ਸੱਚੇ ਇਸ਼ਕ ਨਾਲ ਮਤਲਬ ਨਹੀਂ ਹੈ ਉਹ ਕਿਸੇ ਕੀਮਤ 'ਤੇ ਦਿਲ ਨਹੀਂ ਕਹਾ ਸਕਦਾ, ਪੱਥਰ ਦਾ ਇੱਕ ਟੁਕੜਾ ਹੈ। ਜੋ ਮਾਨਵਤਾ ਨੂੰ ਪਿਆਰ ਕਰਦਾ ਹੈ ਉਹ ਹੀ ਲੋਕਾਂ ਨੂੰ ਪਿਆਰਾ ਹੈ। ਐ ਲੋਕੋ! ਇਹੋ ਹੀ ਕਾਫ਼ਰ ਤੇ ਧਰਮੀ ਦਾ ਫ਼ਰਕ ਹੈ। ਸਿੱਖੀ ਵੀ ਆਪਣੇ ਧਰਮ ਵਿੱਚ ਫ਼ਨਾਂਹ ਹੋ ਜਾਣ ਦਾ ਸਬਕ ਦਿੰਦੀ ਹੈ। ਸੋ ਤੂੰ ਹਰ ਗੱਲ ਵਿੱਚ ਗੁਰੂ ਨਾਨਕ ਦਾ ਸ਼ਰਧਾਲੂ ਬਣ ਜਾ।


Sri Satguru Jagjit Singh Ji eLibrary NamdhariElibrary@gmail.com

## 69

ਮਿਲ ਸ਼ੇਖ਼ ਕੋ ਐ ਸਿਘ ! ਤੂ ਮਰਦਾਨਾ ਸਮਝ ਕਰ
ਵਾਹਿਗੁਰੂ ਕੀ ਸ਼ਮਾਅ ਕਾ ਪਰਵਾਨਾ ਸਮਝ ਕਰ
ਕਰ 'ਤ੍ਵਾਫ਼ਿ ਹਰਮ' ਭੀ ਦਰਿ ਜਾਨਾਨਾ ਸਮਝ ਕਰ  *ਕਾਅਬੇ ਦੀ ਪ੍ਰਕਰਮਾ*
ਕਾਸ਼ੀ ਮੇਂ ਭੀ ਜਾ ਰਾਮ ਕਾ 'ਕਾਸ਼ਾਨਾ' ਸਮਝ ਕਰ  *ਘਰ, ਦੁਆਰ*
  ਵਾਹਿਗੁਰੂ ਕੀ ਫ਼ਤਹਿ ਤੂ ਮੰਦਰ ਮੇਂ ਗਜਾ ਦੇ।
  ਨਾਅਰਾ ਸ਼੍ਰੀ ਅਕਾਲ ਕਾ ਮਸਜਿਦ ਮੇਂ ਲਗਾ ਦੇ।

ਐ ਗੁਰੂ ਦੇ ਸਿੱਖਾ! ਤੂੰ ਸ਼ੇਖ਼ ਨੂੰ ਵੀ ਬਹਾਦਰ ਜਾਣ ਕੇ ਮਿਲ ਅਤੇ ਉਸ ਨੂੰ ਵਾਹਿਗੁਰੂ ਦੀ ਸਮ੍ਹਾਂ ਦਾ ਹੀ ਪ੍ਰਵਾਨਾ ਜਾਣ। ਤੂੰ ਸੁਰਗ ਦਾ ਬੂਹਾ ਜਾਣ ਕੇ ਕਾਅਬੇ ਦੀ ਪ੍ਰਕਰਮਾ ਕਰ। ਕਾਸ਼ੀ ਵਿੱਚ ਵੀ ਰਾਮ ਦੁਆਰੇ ਜਾਹ। ਤੂੰ ਮੰਦਿਰ ਵਿੱਚ ਵਾਹਿਗੁਰੂ ਦੀ ਫ਼ਤਹਿ ਦਾ ਬੋਲ ਬਾਲਾ ਕਰ ਦੇ ਅਤੇ ਮਸੀਤ ਵਿੱਚ ਸਤਿ ਸ੍ਰੀ ਅਕਾਲ ਦਾ ਨਾਅਰਾ ਗੁੰਜਾ ਦੇ।

## 70

ਜਬ ਤੱਕ ਤੇਰੀ ਨਜ਼ਰੋਂ ਮੇਂ ਕੋਈ ਗ਼ੈਰ ਹੈ ਬਾਕ਼ੀ
ਤਬ ਤੱਕ ਹੀ 'ਤਮੀਜ਼ਿ ਹਰਮੋ ਦੈਰ' ਹੈ ਬਾਕ਼ੀ  *ਮੰਦਰ ਮਸੀਤ ਦਾ ਫ਼ਰਕ*
ਦੇ ਸ਼ੇਖ਼ ਔ ਬ੍ਰਾਹਮਨ ਕੋ ਕੁੱਛ ਬੈਰ ਹੈ ਬਾਕ਼ੀ
ਕਹਤੇ ਹੈਂ ਗੁਰੂ 'ਸ਼ਰ ਹੈ' ਫ਼ਨ੍ਹਾ 'ਖ਼ੈਰ ਹੈ' ਬਾਕ਼ੀ। *1. ਬੁਰਾਈ, ਨੇਕੀ 2. ਕੁਰਬਾਨੀ*
  ਨੇਕੀ ਹੀ ਵੁਹ ਦੌਲਤ ਹੈ ਜੋ ਛੁਟ ਨਹੀਂ ਸਕਤੀ।
  ਸਰਹੰਦ ਤੋ ਲੁਟ ਸਕਤਾ ਹੈ ਯਿਹ ਲੁਟ ਨਹੀਂ ਸਕਤੀ।

ਜਦੋਂ ਤੱਕ ਤੇਰੀਆਂ ਨਜ਼ਰਾਂ ਵਿੱਚ ਕੋਈ ਪਰਾਇਆ ਹੈ ਉਦੋਂ ਤੱਕ ਹੀ ਮੰਦਿਰ, ਮਸੀਤ ਦਾ ਫ਼ਰਕ ਦਿਸਦਾ ਹੈ। ਜੇ ਤੈਨੂੰ ਕੋਈ ਵੈਰ ਨਜ਼ਰ ਆਉਂਦਾ ਹੈ ਉਹ ਤੂੰ ਬ੍ਰਾਹਮਣ ਅਤੇ ਮੁੱਲਾਂ ਨੂੰ ਬਖ਼ਸ਼ ਦੇ ਕਿਉਂਕਿ ਗੁਰੂ ਜੀ ਦਾ ਫ਼ੁਰਮਾਨ ਹੈ ਕਿ ਬੁਰਾਈ ਨੇ ਫ਼ਨਾਹ ਹੋ ਜਾਣਾ ਹੈ ਤੇ ਨੇਕੀ ਨੇ ਅਮਰ ਰਹਿਣਾ ਹੈ। ਨੇਕੀ ਰੂਪੀ ਦੌਲਤ ਕਦੀ ਜੁਦਾ ਨਹੀਂ ਹੋ ਸਕਦੀ। ਇਸੇ ਪ੍ਰਕਾਰ ਸਰਹਿੰਦ ਤਾਂ ਲੁੱਟੀ ਜਾ ਸਕਦੀ ਹੈ, ਜੋ ਕੁਰਬਾਨੀ ਹੈ ਉਹ ਰਹਿੰਦੀ ਦੁਨੀਆਂ ਤੱਕ ਅਮਰ ਰਹਿਣੀ ਹੈ।


Sri Satguru Jagjit Singh Ji eLibrary NamdhariElibrary@gmail.com

## 71

'ਤੌਹੀਦ' ਕੇ ਪ੍ਰਚਾਰ ਸੇ ਸਭ ਨੇਕੀਆਂ ਕਮ ਹੈਂ — *ਅਦਵੈਤ*
ਮੁਹਤਾਜ ਇਸੀ ਚੀਜ਼ ਕੇ ਅਬ ਦੀਨੋ ਧਰਮ ਹੈਂ
ਸਾਗ਼ਰ ਮੈਇ ਤੌਹੀਦ ਕਾ ਗੋ ਪੀ ਚੁੱਕੇ ਹਮ ਹੈਂ
ਲੇਕਿਨ ਦਿਲੇ ਮੁਸਲਿਮ ਮੇਂ ਭੀ ਮੌਜੂਦ ਸਨਮ ਹੈਂ
ਹੈ 'ਸ਼ਿਰਕਿ ਖ਼ਫ਼ੀ' 'ਸ਼ਿਰਕਿ ਜਲੀ' ਆਮ ਨਹੀਂ ਹੈ। — *ਲੁਕਿਆ ਹੋਇਆ, ਗੁਪਤ ਪ੍ਰਗਟ*
'ਤਾਹਮ' ਜੁ ਹੈ ਇਸਲਾਮ ਵੁਹ ਇਸਲਾਮ ਨਹੀਂ ਹੈ। — *ਫੇਰ ਵੀ*

ਸਾਰੀਆਂ ਨੇਕੀਆਂ ਅਦਵੈਤ ਦੇ ਸਾਹਮਣੇ ਤੁੱਛ ਹਨ। ਹੁਣ ਦੀਨ ਤੇ ਧਰਮ ਇਸ ਵਸਤੂ ਦੇਹੀ ਦੇ ਮੁਹਤਾਜ ਹਨ। ਭਾਵੇਂ ਅਸੀਂ ਅਦਵੈਤ ਦਾ ਪਿਆਲਾ ਪੀ ਚੁੱਕੇ ਹਾਂ ਪਰ ਮੁਸਲਮਾਨਾਂ ਦੇ ਦਿਲਾਂ ਵਿੱਚ ਵੀ ਜੇ ਦੇਖਿਆ ਜਾਵੇ ਅੱਲ੍ਹਾ ਪਿਆਰਾ ਹਾਜ਼ਰ ਹੈ। ਪਰ ਉਹ ਪਿਆਰ ਗੁਪਤ ਪ੍ਰਗਟ ਹੋਇਆ ਆਮ ਨਜ਼ਰ ਨਹੀਂ ਆਉਂਦਾ। ਫਿਰ ਵੀ ਜੇ ਗਹੁ ਨਾਲ ਵੇਖੀਏ ਤਾਂ ਇਹ ਇਸਲਾਮ ਹੁਣ ਉਹ ਨਹੀਂ ਰਿਹਾ।

## 72

ਉਠ ਸਾਕ਼ੀਆ! ਉਠ 'ਸਾਗ਼ਰੇ ਤੌਹੀਦ' ਪਿਲਾਦੇ — *ਅਦ੍ਵੈਤ ਦਾ ਪਿਆਲਾ*
ਅੰਜਾਮਿ ਧਰਮੁ ਦੀਨ ਕੀ 'ਤਮਹੀਦ' ਪਿਲਾਦੇ — *ਸੋਝੀ*
ਐ ਮੇਰੇ ਸਖ਼ੀ! ਐ ਮੇਰੇ ਜਮਸ਼ੇਦ! ਪਿਲਾਦੇ
ਹੋ ਜਾਇ ਫ਼ਕੀਰੋਂ ਕੀ ਭੀ ਆਜ ਈਦ, ਪਿਲਾਦੇ
ਤਾ 'ਮਜ਼ਹਬਿ ਉੱਸ਼ਾਕ' ਸੇ ਸਰ ਲੇ ਕੇ ਨ ਜਾਏਂ। — *ਕਤਲਗਾਹ*
ਮਾਨਿੰਦ ਇਬ੍ਰਾਹੀਮ 'ਪਿਸਰ' ਲੇ ਕੇ ਨ ਜਾਏਂ।' — *ਪੁੱਤਰ*

ਐ ਸਾਕ਼ੀ! ਉੱਠ ਅਤੇ ਅਦ੍ਵੈਤ ਦਾ ਪਿਆਲਾ ਪਿਲਾ ਦੇ। ਤੂੰ ਦੀਨ ਧਰਮ ਦੀ ਸੁਝ ਅਟੁਟ ਕਰ। ਐ ਮੇਰੇ ਸਖ਼ੀ ਤੇ ਜਮਸ਼ੇਦ! ਮਿਹਰਬਾਨੀ ਸਦਕਾ ਐਧਰ ਪਿਆਲਾ ਪਿਲਾ ਤਾਂ ਜੋ ਸਾਡੇ ਵਰਗੇ ਫ਼ੱਕਰਾਂ ਦੀ ਵੀ ਈਦ ਮਨਾਈ ਜਾਵੇ। ਅਸੀਂ ਕਤਲਗਾਹ ਵਿੱਚੋਂ ਕੁਰਬਾਨੀ ਕੀਤੇ ਬਿਨਾਂ ਸਿਰਾਂ ਨੂੰ ਨਾ ਲੈ ਜਾਈਏ ਤੇ ਪੁੱਤਰਾਂ ਨੂੰ ਲੈ ਕੇ ਭੱਜ ਜਾਈਏ ਸਗੋਂ ਜਿਵੇਂ ਇਬਰਾਹੀਮ ਨੇ ਪੁੱਤਰ ਕੁਰਬਾਨ ਕੀਤੇ ਸੀ, ਕੁਰਬਾਨ ਕਰ ਦੇਈਏ।



Sri Satguru Jagjit Singh Ji eLibrary NamdhariElibrary@gmail.com

## 73

ਇਕ ਖ਼ਾਬ ਸਾ ਦੁਨੀਆਂ ਕਾ 'ਵਜੂਦ', ਔਰ 'ਅਦਮ' ਹੈ — ਹੋਂਦ, ਅਣਹੋਂਦ
ਦਿਲ ਮੇਂ ਮਿਰੇ ਜਿਸਕਾ ਯਿਹ ਸਬ 'ਜਾਹੋ ਹਸ਼ਮ' ਹੈ — ਨੌਕਰਾਂ-ਚਾਕਰਾਂ ਦੀ ਥਾਂ
ਨਜ਼ਾਮਿ ਦੁਆਲਮ ਮਿਰੇ ਆਗਾਜ਼ ਸੇ ਕਮ ਹੈ
ਆਜ਼ਾਦ ਹੂੰ ਬੇਫ਼ਿਕਰ ਹੂੰ ਨ ਸ਼ਾਦੀ ਹੈ ਨ ਗ਼ਮ ਹੈ
'ਸੇਰ' ਇਤਨਾ ਹੂੰ ਹਰ ਬੇਸ਼ ਮੁਝੇ ਕਮ ਨਜ਼ਰ ਆਇਆ। — ਰੱਜਿਆ-ਪੁੱਜਿਆ
ਇਕ ਬੂੰਦ ਸੇ ਬੜ੍ਹ ਕਰ ਨ ਮੁਝੇ 'ਯਮ' ਨਜ਼ਰ ਆਇਆ। — ਦਰਿਆ

ਹੋਂਦ ਅਤੇ ਅਣਹੋਂਦ ਦੁਨੀਆਂ ਵਿੱਚ ਇੱਕ ਸੁਫ਼ਨਾ ਜਿਹਾ ਹੈ ਜੋ ਮੇਰੇ ਦਿਲ ਵਿੱਚ ਨੌਕਰਾਂ-ਚਾਕਰਾਂ ਸਮਾਨ ਹੈ। ਮੇਰੀ ਹੋਂਦ ਅੱਗੇ ਦੋਵਾਂ ਜਹਾਨਾਂ ਦੀ ਦੌਲਤ ਤੇ ਹਕੂਮਤ ਕਿਸੇ ਕੰਮ ਦੀ ਨਹੀਂ ਹੈ। ਮੈਂ ਅਜ਼ਾਦ ਹਾਂ, ਬੇਫ਼ਿਕਰ ਹਾਂ ਤੇ ਮੈਨੂੰ ਖ਼ੁਸ਼ੀ-ਗ਼ਮੀ ਦੀ ਵੀ ਕੋਈ ਚਿੰਤਾ ਨਹੀਂ ਹੈ। ਮੈਂ ਇਨਾ ਰੱਜਿਆ-ਪੁੱਜਿਆ ਹਾਂ ਕਿ ਹਰ ਸ਼ੈ ਮੇਰੀ ਨਜ਼ਰ ਵਿੱਚ ਹੇਚ ਹੈ। ਮੈਨੂੰ ਦਰਿਆ ਵੀ ਇਕ ਬੂੰਦ ਦੀ ਨਿਆਈ ਦਿਸਦਾ ਹੈ।

## 74

ਉਂਧਾਏ ਹੁਏ ਮਸਤ ਪਿਆਲਾ ਕੋ ਹੈਂ ਕਬ ਸੇ
ਬਾਤ ਹੋ ਨਹੀਂ ਸਕਤੀ ਹੈ 'ਨਕਾਹਤ' ਕੇ ਸਬੱਬ ਸੇ — ਕਮਜ਼ੋਰੀ
ਅਬ ਤੱਕ ਨ ਕਹਾ ਹਮ ਨੇ ਤਕੱਲਫ਼ ਸੇ ਅਦਬ ਸੇ
ਬੇਹਾਲ ਹੈਂ ਮੈ-ਕਸ਼ ਤੇਰੀ 'ਬਾਦਾ' ਕੀ ਤਲਬ ਸੇ — ਸ਼ਰਾਬ
'ਸ਼ੀਸ਼ੇ' ਮੇਂ ਡੁਬੋ ਦੇ ਹਮੇਂ 'ਸਾਗਰ' ਮੇਂ ਡੁਬੋ ਦੇ। — ਸੁਰਤ, ਪਿਆਲਾ
ਸੰਤੋਖ ਕੇ ਤਾਲਾਬ ਮੇਂ ਕੌਸਰ ਮੇਂ ਡੁਬੋ ਦੇ।

ਮਸਤ ਲੋਕ ਕਦੋਂ ਦੇ ਪਿਆਲੇ ਨਾਲ ਉਲਝੇ ਹੋਏ ਹਨ। ਕਮਜ਼ੋਰੀ ਕਾਰਨ ਉਹ ਬੋਲਣੋਂ ਵੀ ਔਖੇ ਹਨ। ਹੁਣ ਤੱਕ ਅਸੀਂ ਬੇਨਤੀ ਨਹੀਂ ਕੀਤੀ ਤੇ ਅਦਬ ਨਾਲ ਨਹੀਂ ਕਿਹਾ। ਸ਼ਰਾਬੀ ਲੋਕ ਤੇਰੀ ਸ਼ਰਾਬ ਦੀ ਇੱਛਾ ਵਿੱਚ ਬੇਹਾਲ ਹੋਏ ਪਏ ਹਨ। ਸਾਨੂੰ ਭਾਵੇਂ ਸੁਰਾਹੀ ਵਿੱਚ, ਭਾਵੇਂ ਪਿਆਲੇ ਵਿੱਚ ਡਬੋਦੇ ਅਤੇ ਭਾਵੇਂ ਸਬਰ ਦੇ ਤੇ ਸ਼ਹਿਦ ਦੇ ਦਰਿਆ ਵਿੱਚ ਧੱਕਾ ਦੇ ਦੇ।



Sri Satguru Jagjit Singh Ji eLibrary NamdhariElibrary@gmail.com

ਦੇ ਇਸ਼ਕ ਕੇ 'ਇਰਫ਼ਾਂ' ਕੇ ਵਾਹਦਤ ਕੇ ਪਿਆਲੇ — ਰੱਬੀ ਪਛਾਣ
ਦਸ ਬੀਸ ਪਿਲਾਦੇ ਮੈਅ ਅੰਮ੍ਰਿਤ ਕੇ ਪਿਆਲੇ
ਉਲਫ਼ਤ ਕੇ ਪਿਆਲੇ ਵੁਹ ਮੁਹੱਬਤ ਕੇ ਪਿਆਲੇ
ਦੁਨੀਆਂ ਮੇਂ ਦਿਲਾ 'ਕੌਸਰਿ ਜੰਨਤ' ਕੇ ਪਿਆਲੇ — ਸੁਰਗੀ ਅੰਮ੍ਰਿਤ
ਨਸ਼ਾ ਹੋ ਫਿਰ ਐਸਾ ਕਿ ਦੂਈ ਦਿਲ ਸੇ ਜੁਦਾ ਹੋ।
ਜਿਸ ਚੀਜ਼ ਕੋ ਦੇਖੂੰ, ਮੁਝੇ 'ਦੀਦਾਰਿ ਖ਼ੁਦਾ' ਹੋ। — ਰੱਬੀ ਦਰਸ਼ਨ

ਮੈਨੂੰ ਇਸ਼ਕ, ਰੱਬੀ ਪਛਾਣ ਅਤੇ ਉਸਦੀ ਬੰਦਗੀ ਦੇ ਪਿਆਲੇ ਬਖ਼ਸ਼ ਦੇ। ਦਸ-ਵੀਹ ਅੰਮ੍ਰਿਤ ਰੂਪੀ ਸ਼ਰਾਬ ਦੇ ਪਿਆਲੇ ਪਿਲਾ ਦੇ। ਉਸਦੇ ਇਸ਼ਕ ਦੇ ਪਿਆਲੇ ਪਿਆਰ ਨਾਲ ਭਰਪੂਰ, ਪਿਆਲੇ ਹਨ ਤੇ ਦੁਨੀਆਂ ਵਿੱਚ ਸੁਰਗੀ ਅੰਮ੍ਰਿਤ ਅਤੁਟ ਕਰਦੇ। ਬਸ ਉਹ ਅਜਿਹਾ ਨਸ਼ਾ ਹੋਵੇਗਾ ਕਿ ਦਿਲ 'ਚੋਂ ਘ੍ਰਿਣਾ ਖ਼ਤਮ ਹੋਵੇਗੀ ਤੇ ਜਿਸ ਵਸਤੂ ਵੱਲ ਨਜ਼ਰ ਮਾਰੂੰਗਾ, ਰੱਬੀ ਨੂਰ ਹੀ ਦਿੱਸੇਗਾ।



ਐ ਕ਼ਤਰਾਇ ਨਾਚੀਜ਼ ਮੇਂ ਜਾਂ ਡਾਲਨੇ ਵਾਲੇ!
ਐ 'ਰਹਮ' ਕੇ ਸਾਂਚੇ ਮੇਂ ਹੁਸੀਂ ਢਾਲਨੇ ਵਾਲੇ! — ਗਰਭ
ਐ ਰੰਗ ਰੰਗੀਲੇ, ਐ ਹਮੇਂ ਪਾਲਨੇ ਵਾਲੇ!
ਆਫ਼ਾਤ ਕੋ ਐ ਬਨ ਕੇ, 'ਸਿਪਰ' ਟਾਲਨੇ ਵਾਲੇ! — ਢਾਲ
ਨਾਅਹਿਲ ਹੂੰ ਦਾਤਾ! ਤੂ ਮੁਝੇ 'ਅਹਲ' ਬਨਾ ਦੇ। — ਜਾਣਕਾਰ
ਮੁਸ਼ਕਲ ਜਿਸੇ ਸਮਝੂੰ ਤੂ ਉਸੇ ਸਹਲ ਬਨਾ ਦੇ।

ਹੇ ਮੇਰੇ ਜਿਹੇ ਤੁੱਛ ਵਿੱਚ ਜਾਨ ਪਾਉਣ ਵਾਲੇ! ਗਰਭ ਵਿੱਚ ਸੁੰਦਰ ਪੁਤਲਾ ਬਣਾਉਣ ਵਾਲੇ! ਹੇ ਰੰਗੀਲੇ ਮਾਲਿਕ! ਸਾਨੂੰ ਪਾਲਣ ਵਾਲੇ! ਢਾਲ ਬਣ ਕੇ ਮੌਤ ਨੂੰ ਟਾਲਣ ਵਾਲੇ! ਮੈਂ ਤਾਂ ਬੇਸਮਝ ਹਾਂ, ਮੈਨੂੰ ਅਕਲ ਬਖ਼ਸ਼ ਤਾਂ ਜੋ ਹਰ ਔਕੜ ਨੂੰ ਤੇਰੀ ਮਿਹਰ ਸਦਕਾ ਆਸਾਨ ਬਣਾ ਸਕਾਂ।



Sri Satguru Jagjit Singh Ji eLibrary NamdhariElibrary@gmail.com

77

ਹਾਂ, ਮੁਲਕਿ ਸੁਖ਼ਨ ਕੀ ਮੁਝੇ ਜਾਗੀਰ 'ਅਤਾ ਕਰ' — *ਬਖ਼ਸ਼*
ਲਫ਼ਜ਼ੋਂ ਕੋ ਮਿਰੇ 'ਬੁਰਸ਼ਿ ਸ਼ਮਸ਼ੀਰ' ਅਤਾ ਕਰ — *ਤਲਵਾਰ ਵਰਗੀ ਕਾਟ*
ਬੇ ਮਿਸਾਲ ਮੁਝੇ ਕੁੱਵਤਿ ਤਹਿਰੀਰ ਅਤਾ ਕਰ
ਤੂ ਆਪ ਮਅੱਸਰ ਹੋ ਵੁਹ ਤਾਸੀਰ ਅਤਾ ਕਰ
ਮੁਸ਼ਕਲ ਤੋ ਨਹੀਂ ਗਰ ਮੇਰੇ ਮੌਲਾ ਕਾ 'ਕਰਮ' ਹੋ। — *ਕਿਰਪਾ*
ਬਾਬ ਸੀ ਸ਼ੈ 'ਗੰਜੇ ਸ਼ਹੀਦਾਂ' ਜਿਹ 'ਰਕ਼ਮ' ਹੋ। — *ਲਿਖੀ ਜਾਵੇ*

ਮੈਨੂੰ ਲਿਖਣ-ਪੜ੍ਹਨ ਦੀ ਜਾਂਚ ਤੇ ਦੌਲਤ ਬਖ਼ਸ਼ ਦੇ। ਮੇਰੇ ਸ਼ਬਦਾਂ ਵਿੱਚ ਤਲਵਾਰ ਦੀ ਕਾਟ ਵਰਗੀ ਸ਼ਕਤੀ ਭਰ ਦੇ। ਮੇਰੀ ਲਿਖਣ ਸ਼ਕਤੀ ਦਾ ਕੋਈ ਮੁਕਾਬਲਾ ਨਾ ਹੋਵੇ ਤੇ ਮੇਰੀ ਲਿਖਤ ਵਿੱਚ ਅਜਿਹਾ ਅਸਰ ਪੈਦਾ ਕਰ ਕਿ ਜਿਸ ਸ਼ੈ ਦਾ ਤੂੰ ਆਪ ਵੀ ਅਸਰ ਕਬੂਲ ਕਰੇਂ। ਹੇ ਪ੍ਰਭੂ! ਜੇ ਤੇਰੀ ਰਹਿਮਤ ਤੇ ਮਿਹਰ ਹੋ ਜਾਵੇ ਤਾਂ ਕੁੱਝ ਵੀ ਔਖਾ ਨਹੀਂ ਹੈ ਤਾਂ ਜੋ ਮੇਰੀ ਇਹ ਪੁਸਤਕ 'ਗੰਜਿ ਸ਼ਹੀਦਾਂ' ਮੇਰੇ ਪਾਸੋਂ ਲਿਖੀ ਜਾਵੇ।

78

ਗੋਬਿੰਦ ਕੇ 'ਦਿਲਦਾਰ' ਕ਼ਿਲ੍ਹੇ ਸੇ ਨਿਕਲ ਆਏ — *ਪਿਆਰੇ*
ਵੁਹ ਦੇਖੀਏ ਸਰਕਾਰ ਕ਼ਿਲ੍ਹੇ ਸੇ ਨਿਕਲ ਆਏ
ਘੋੜ੍ਹੇ ਪੈ ਹੋ ਅਸਵਾਰ ਕ਼ਿਲ੍ਹੇ ਸੇ ਨਿਕਲ ਆਏ
ਲੇ ਹਾਥ ਮੇਂ ਤਲਵਾਰ ਕ਼ਿਲ੍ਹੇ ਸੇ ਨਿਕਲ ਆਏ
ਕਿਆ ਵਸਫ਼ ਹੋ ਉਸ ਤੇਗ਼ ਕਾ ਇਸ ਤੇਗ਼ਿ ਜ਼ਬਾਂ ਸੇ।
ਵੁਹ ਮਿਆਂ ਸੇ ਨਿਕਲੀ ਨਹੀਂ ਨਿਕਲੀ ਜਿਹ 'ਦਹਾਂ' ਸੇ। — *ਮੂੰਹ*

ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰੇ ਕਿਲ੍ਹੇ ਵਿੱਚੋਂ ਬਾਹਰ ਆ ਗਏ। ਵੇਖੋ ਸਰਕਾਰ ਆਪ ਵੀ ਕਿਲ੍ਹਿਓਂ ਬਾਹਰ ਨਿਕਲ ਆਏ। ਘੋੜੇ ਉੱਤੇ ਸਵਾਰ ਹਨ ਤੇ ਹੱਥ ਵਿੱਚ ਤਲਵਾਰ ਹੈ। ਉਸ ਤਲਵਾਰ ਦੀ ਮੈਂ ਆਪਣੀ ਜ਼ੁਬਾਨ ਨਾਲ ਕੀ ਸਿਫ਼ਤ ਕਰਾਂ ਜਿਹੜੀ ਮਿਆਨ ਵਿੱਚੋਂ ਬਾਹਰ ਚਮਕ ਰਹੀ ਹੈ।



Sri Satguru Jagjit Singh Ji eLibrary NamdhariElibrary@gmail.com

## 79

ਕਿਸ ਮੂੰਹ ਸੇ ਕਰੂੰ ਤੇਗ਼ਿ ਖ਼ਮਦਾਰ ਕੀ ਤਾਰੀਫ਼
ਗੋਬਿੰਦ ਕੀ ਬਖ਼ਸ਼ੀ ਹੂਈ ਤਲਵਾਰ ਕੀ ਤਾਰੀਫ਼
ਪਰਕਾਲੀਏ ਆਤਸ਼ ਕੀ 'ਸ਼ਰਰਬਾਰ' ਕੀ ਤਾਰੀਫ਼ *ਅੱਗ-ਵਰਸਾਊ*
ਬਾਂਕੀ ਕੀ ਨੁਕੀਲੀ ਕੀ ਤਰਹਦਾਰ ਕੀ ਤਾਰੀਫ਼
ਥੀ 'ਦੋਸ਼' ਪੈ ਸ਼ਮਸ਼ੀਰ ਯਾ ਕਾਂਧੇ ਪੈ ਪਰੀ ਥੀ। *ਮੋਢਾ*
ਥੀ ਤਿਸ਼ਨਾਇ-ਖ਼ੂੰ ਇਸ ਲੀਏ ਗ਼ੁਸਿ ਮੇਂ ਭਰੀ ਥੀ।

ਮੈਂ ਉਸ ਚਮਕਦੀ ਤਲਵਾਰ ਦੀ ਕਿਵੇਂ ਤਾਰੀਫ਼ ਕਰਾਂ ਜੋ ਮਹਾਰਾਜ ਦੀ ਬਖ਼ਸ਼ੀ ਹੋਈ ਹੈ ਤੇ ਅੱਗ ਬਰਸਾ ਰਹੀ ਹੈ ਅਤੇ ਜਿਸ ਦੀ ਨੂਰਾਨੀ, ਨੁਕੀਲੀ ਅਤੇ ਤਿੱਖੀ ਧਾਰ ਸਭ ਕੁੱਝ ਸਿਫ਼ਤ ਦੇ ਕ਼ਾਬਲ ਹੈ। ਸਮਝ ਨਹੀਂ ਪੈਂਦੀ ਸੀ ਕਿ ਮੋਢੇ ਉੱਤੇ ਤਲਵਾਰ ਸੀ ਜਾਂ ਕੋਈ ਪਰੀ ਸੀ। ਉਹ ਖ਼ੂਨ ਦੀ ਪਿਆਸੀ ਲੱਗਦੀ ਸੀ ਕਿਉਂਕਿ ਗ਼ੁਸੇ ਨਾਲ ਭਰੀ ਹੋਈ ਸੀ।

## 80

ਅਜ਼ ਦੀਦਾਰਿ ਜੌਹਰ ਇਸੇ ਦੇਖਾ ਉਸੇ ਦੇਖਾ
ਕੁਛ ਦੇਰ ਬਰਾਬਰ ਇਸੇ ਦੇਖਾ ਉਸੇ ਦੇਖਾ
ਪਹਲੂ ਕੋ ਬਦਲ ਕਰ ਇਸੇ ਦੇਖਾ ਉਸੇ ਦੇਖਾ
ਸਦਕੇ ਹੂਈ ਸਰ ਪਰ ਇਸੇ ਦੇਖਾ ਉਸੇ ਦੇਖਾ
ਅਬ ਕਿਆ ਥਾ ਗਿਰੀ 'ਬਰਕਿ ਬਲਾ' ਬਨਕੇ ਗਿਰੀ ਵੁਹ। *ਬਿਜਲੀ ਵਾਂਗ*
ਮੂੰਹ ਫਿਰ ਗਏ ਲਾਖੋਂ ਹੀ ਕੇ ਜਿਸ 'ਸਿਮਤ' ਫਿਰੀ ਵੁਹ। *ਪਾਸੇ*

ਫਿਰ ਉਸ ਨੂੰ ਇਧਰ-ਉਧਰ ਬਹਾਦਰੀ ਨਾਲ ਚੱਲਦਿਆਂ ਤੱਕਿਆ। ਕੁੱਝ ਸਮੇਂ ਦੇ ਬਰਾਬਰ ਚੱਲਦੀ ਰਹੀ। ਫਿਰ ਇਧਰ-ਉਧਰ ਪਾਸੇ ਬਦਲ ਕੇ ਤੱਕਿਆ ਤੇ ਉਹ ਸਿਰਾਂ ਉੱਤੇ ਚੱਲ ਰਹੀ ਸੀ। ਫਿਰ ਕੀ ਸੀ ਕਿ ਉਹ ਬਿਜਲੀ ਬਣਕੇ ਡਿੱਗੀ। ਉਹ ਜਿਸ ਪਾਸੇ ਵੀ ਚਲੀ, ਲੱਖਾਂ ਦੇ ਮੂੰਹ ਘੁੰਮਾ ਦਿੱਤੇ।


Sri Satguru Jagjit Singh Ji eLibrary NamdhariElibrary@gmail.com

## 81

ਕਹਤੇ ਥੇ ਅਦੂ, 'ਬਰਕ' ਹੈ, ਤਲਵਾਰ ਨਹੀਂ ਹੈ *ਬਿਜਲੀ*
ਇਸ ਕਾਟ ਕਾ ਦੇਖਾ ਕਭੀ ਹਥਿਆਰ ਨਹੀਂ ਹੈ
'ਨੌ-ਮਸ਼ਕ' ਜਵਾਂ ਯਿਹ ਕੋਈ ਜ਼ਿਨਹਾਰ ਨਹੀਂ ਹੈ *ਸਿਖਾਂਦਰੂ*
ਸਤਿਗੁਰ ਹੈਂ ਯੇ ਫ਼ਰਜ਼ੰਦਿ ਵਫ਼ਾਦਾਰ ਨਹੀਂ ਹੈ

ਲਲਕਾਰੇ ਅਜੀਤ ਔਰ ਮੁਖ਼ਾਤਿਬ ਹੁਏ ਸਭ ਸੇ।
ਫ਼ਰਮਾਏ ਅਦੂ ਸੇ ਨ ਨਿਕਲੁ ਹੱਦਿ ਅਦਬ ਸੇ।

ਦੁਸ਼ਮਣ ਇਹ ਕਹਿ ਰਹੇ ਸਨ ਕਿ ਇਹ ਤਲਵਾਰ ਨਹੀਂ, ਬਿਜਲੀ ਹੈ। ਅਜਿਹੀ ਕਾਟ ਵਾਲ਼ਾ ਕੋਈ ਹਥਿਆਰ ਕਦੀ ਨਹੀਂ ਦੇਖਿਆ। ਇਹ ਨਵੇਂ ਸਿਖੇ ਹੋਏ ਸਿਖਾਂਦਰੂ ਨਹੀਂ ਹਨ। ਇਹ ਤਾਂ ਆਪ ਹੀ ਸਤਿਗੁਰੂ ਜੀ ਹਨ, ਉਨ੍ਹਾਂ ਦੇ ਵਫ਼ਾਦਾਰ ਪੁੱਤਰ ਨਹੀਂ ਹਨ, ਅਜੀਤ ਸਿੰਘ ਨੂੰ ਸੰਬੋਧਨ ਕਰਕੇ ਸਾਰਿਆਂ ਨੂੰ ਕਹਿਣ ਲੱਗੇ ਕਿ ਨਿਸ਼ਚਿਤ ਹੱਦ ਤੋਂ ਬਾਹਰ ਦੁਸ਼ਮਣ ਸਾਹਮਣੇ ਨਾ ਜਾਹ।

## 82

ਸਤਿਗੁਰ ਗੁਰ ਗੋਬਿੰਦ ਕੇ 'ਹਮਸਰ' ਨਹੀਂ ਹਮ ਹੈਂ ਬਰਾਬਰ
ਉਨਕੇ ਤੋ 'ਕਫ਼ੇ ਪਾ' ਕੇ ਬਰਾਬਰ ਨਹੀਂ ਹਮ ਹੈਂ *ਪਾਤੌਲੀਆਂ*
ਖ਼ਾਦਮ ਹੈਂ ਹਰ ਇਕ ਸਿੰਘ ਕੇ ਅਫ਼ਸੁਰ ਨਹੀਂ ਹਮ ਹੈਂ
ਜੋ ਤੁਮ ਸਮਝਤੇ ਵੁਹ ਮੁਕੱਰਰ ਨਹੀਂ ਹਮ ਹੈਂ

ਫ਼ਰਜ਼ੰਦ ਹੈਂ ਦਿਲਬੰਦ ਹੈਂ ਹਮਸਰ ਤੋ ਨਹੀਂ ਹੈਂ।
ਹਮ ਕਲਗੀਓਂ ਵਾਲੇ ਕੇ ਬਰਾਬਰ ਤੋ ਨਹੀਂ ਹੈਂ।

ਅਸੀਂ ਗੁਰੂ ਗੋਬਿੰਦ ਸਿੰਘ ਦੇ ਸਮਾਨ ਨਹੀਂ ਹਾਂ। ਅਸੀ ਤਾਂ ਉਨ੍ਹਾਂ ਦੇ ਪੈਰਾਂ ਦੀਅ ਪਾਤਲੀਆਂ ਸਮਾਨ ਵੀ ਨਹੀਂ ਹਾਂ, ਅਸੀਂ ਤਾਂ ਹਰ ਸਿੰਘ ਦੇ ਸੇਵਕ ਹਾਂ ਅਫ਼ਸਰ ਨਹੀਂ। ਤੁਸੀਂ ਜੋ ਸਮਝਦੇ ਹੋ, ਅਸੀਂ ਉਹ ਬਿਲਕੁਲ ਵੀ ਨਹੀਂ ਹਾਂ। ਅਸੀਂ ਕੁਲਗੀ ਵਾਲ਼ੇ ਦੇ ਹੁਕਮ ਦੇ ਤਾਬੇਦਾਰ ਪੁੱਤਰ ਹਾਂ। ਕੁਲਗੀ ਵਾਲ਼ੇ ਦੇ ਬਰਾਬਰ ਨਹੀਂ ਹਾਂ।


Sri Satguru Jagjit Singh Ji eLibrary NamdhariElibrary@gmail.com

83

ਉਸ ਹਾਥ ਮੇਂ ਥੇ ਬਾਜ਼ੂਇ ਗੋਬਿੰਦ ਕੇ ਕਸ ਬਲ
ਫਰਜ਼ੰਦ ਕੀ ਤਲਵਾਰ ਸੇ ਥਰਰਾ ਗਏ ਜਲ ਥਲ
ਜ਼ਿੰਦੋਂ ਕਾ ਤੋ ਕਿਆ ਜ਼ਿਕਰ ਹੈ ਮੁਰਦੇ ਹੂਏ ਬੇਕਲ
ਸ਼ਮਸ਼ਾਨ ਮੇਂ ਥਾ ਸ਼ੋਰ ਮਜ਼ਾਰੋਂ ਮੇਂ ਥੀ ਹਲਚਲ
ਜਮਨਾ ਕੇ ਭੀ ਪਾਨੀ ਮੇਂ 'ਤਲਾਤਮ' ਸਾ ਬਪਾ ਥਾ। ਹਜ਼
ਗੰਗਾ ਕੇ ਭੀ ਚੱਕਰੋਂ ਮੇਂ ਅਜਬ ਜੋਸ਼ ਭਰਾ ਥਾ।

ਉਸ ਦੇ ਹੱਥਾਂ ਵਿੱਚ ਗੁਰੂ ਗੋਬਿੰਦ ਸਿੰਘ ਦੇ ਬਾਜ਼ੂਆਂ ਦੀ ਸ਼ਕਤੀ ਸੀ। ਗੁਰੂ-ਪੁੱਤਰ ਦੀ ਤਲਵਾਰ ਨਾਲ਼ ਜਲ ਤੇ ਥਲ ਕੰਬ ਉੱਠੇ। ਜਿਉਂਦਿਆਂ ਬਾਰੇ ਕੀ ਕਹੀਏ, ਮੁਰਦੇ ਵੀ ਬੇਚੈਨ ਹੋ ਉੱਠੇ। ਮੜ੍ਹੀਆਂ ਵਿੱਚ ਸ਼ੋਰ ਮਚ ਗਿਆ ਸੀ ਤੇ ਕਬਰਾਂ ਵਿੱਚ ਪਏ ਮੁਰਦੇ ਵੀ ਹਰਕਤ ਵਿੱਚ ਆ ਗਏ। ਯਮੁਨਾ ਨਦੀ ਦਾ ਪਾਣੀ ਉਛਲਣ ਲੱਗ ਪਿਆ ਸੀ ਤੇ ਗੰਗਾ ਦਰਿਆ ਦੇ ਰੋੜੇ ਦੇ ਕਿਣਕੇ ਕੁਰਲਾ ਉੱਠੇ ਸਨ।

84

ਦੇਵ ਲੋਕ ਕੇ ਸਭ ਦੇਵਤੇ ਫ਼ਿਰਦੌਸ ਸੇ ਝਾਂਕੇ
ਰੁਸਤਮ ਸੇ ਜਵਾਂ ਭੀਮ ਸੇ ਯਲ ਨਲ ਸੇ ਬਾਂਕੇ
ਹੈਰਾਂ ਥੇ ਹੁਨਰ ਸੇ ਪਿਸਰਿ ਪੀਰਿ ਜਿਆਂ ਕੇ
ਆਕਾਸ਼ ਕੀ ਮਖ਼ਲੂਕ ਕੋ ਖ਼ਤਰੇ ਹੂਏ ਜਾਂ ਕੇ
ਤਲਵਾਰ ਵੁਹ ਖ਼ੂੰਖ਼ਾਰ ਥੀ ਤੌਬਾ ਹੀ ਭਲੀ ਹੈ।
ਲਾਖੋਂ ਕੀ ਹੀ ਜਾਂ ਲੇ ਕੇ ਬਲਾ ਸਰ ਸੇ ਟਲੀ ਹੈ।

ਸੁਰਗਾਂ ਵਿੱਚੋਂ ਦੇਵਤੇ ਵੀ ਝਾਤੀਆਂ ਮਾਰਨ ਲੱਗ ਪਏ। ਰੁਸਤਮ ਬਲਵਾਨ ਵਰਗੇ ਜਵਾਨ ਤੇ ਨਲ ਵਰਗੇ ਬਾਂਕੇ ਮਹਾਰਾਜ ਦੇ ਪੁੱਤਰਾਂ ਦੀ ਬਹਾਦਰੀ ਤੋਂ ਹੈਰਾਨ ਸਨ ਤੇ ਅਸਮਾਨ ਦੇ ਵਾਸੀਆਂ ਨੂੰ ਜਾਨ ਦਾ ਖ਼ਤਰਾ ਹੋ ਗਿਆ ਪ੍ਰਤੀਤ ਹੁੰਦਾ ਸੀ। ਤਲਵਾਰ ਇਸ ਤਰ੍ਹਾਂ ਖ਼ੂਨ ਨਾਲ਼ ਲੱਥ-ਪੱਥ ਸੀ ਕਿ ਤੌਬਾ ਹੀ ਭਲੀ ਹੈ ਜਿਸ ਨੇ ਲੱਖਾਂ ਨੂੰ ਹੀ ਮੌਤ ਦੇ ਘਾਟ ਉਤਾਰ ਦਿੱਤਾ।



Sri Satguru Jagjit Singh Ji eLibrary NamdhariElibrary@gmail.com

## 85

ਪਲਟਨ ਪੈ ਗਿਰੀ ਕਾਟ ਦੀਆ ਪਲ ਮੇਂ ਰਸਾਲਾ
ਸਰ ਉਸ ਕਾ ਉਛਾਲਾ ਕਭੀ ਧੜ ਉਸ ਕਾ ਉਛਾਲਾ
ਲਾਸ਼ੋਂ ਸੇ ਢੂਹ ਜਾ ਪਟ ਗਈ ਸਾਯਾ ਜਹਾਂ ਡਾਲਾ
ਥਾ ਖੈਂਚ ਲੀਆ ਡਰ ਸੇ 'ਮਾਹੇ ਮਹਰ' ਨੇ ਹਾਲਾ — *ਚੰਦ, ਸੂਰਜ*
ਤੌਂਦਲ ਛਲਕੇ ਪੀਰ ਖੜਾ ਹਾਂਪ ਰਹਾ ਥਾ।
'ਮਰਯਖ਼' ਕੋ ਲਰਜ਼ਾ ਥਾ 'ਜ਼ੁਹਲ' ਕਾਂਪ ਰਹਾ ਥਾ। — *ਸਤਾਰੇ*

ਤਲਵਾਰ ਦੀ ਕਾਟ ਜਿਉਂ ਹੀ ਪਲਟਨ ਤੇ ਡਿੱਗੀ ਤਾਂ ਪਲ ਵਿੱਚ ਹੀ ਸਾਰਾ ਰਸਾਲਾ ਕੱਟ ਦਿੱਤਾ। ਕਦੀ ਉਸ ਦੀ ਗਰਦਨ ਤੇ ਕਦੀ ਇਸ ਦੀ ਗਰਦਨ ਕਟ ਮਾਰੀ। ਜਿਸ ਪਾਸੇ ਮੂੰਹ ਕੀਤਾ ਲਾਸ਼ਾਂ ਦੇ ਢੇਰ ਲਾ ਦਿੱਤੇ। ਬਹਾਦਰੀ ਵੇਖ ਚੰਦ ਤੇ ਸੂਰਜ ਨੇ ਵੀ ਡਰਦਿਆਂ ਮੂੰਹ ਛੁਪਾ ਲਿਆ ਸੀ। ਪੀਰ ਮਾਨੋ ਮਾਯੂਸ ਹੋਇਆ ਅਸਮਾਨ ਵਿੱਚ ਹੌਕੇ ਭਰ ਰਿਹਾ ਸੀ। ਮਰੀਯਖ ਤੇ ਜ਼ੁਹਲ ਸਿਤਾਰੇ ਕੰਬ ਰਹੇ ਸਨ।

## 86

ਦਹਿਸ਼ਤ ਸੇ ਸਭੀ ਬੁਰਜ ਸਤਾਰੋਂ ਮੇਂ ਘੁਸੇ ਥੇ
ਅਕਰਬ 'ਅਸਦੋਂ' ਸੂਹ 'ਹਿਸਾਰੋਂ' ਮੇਂ ਘੁਸੇ ਥੇ — *ਸ਼ੇਰ, ਕਿਲ੍ਹਾ*
ਯਿਹ ਹੋਸ਼ ਥੇ ਗੁਮ ਅਜ਼ਦਹੇ ਗ਼ਾਰੋਂ ਮੇਂ ਘੁਸੇ ਥੇ
ਸ਼ੇਰੋਂ ਮੇਂ ਹਰਨ ਸ਼ੇਰ 'ਚਕਾਰੋਂ' ਮੇਂ ਘੁਸੇ ਥੇ — *ਬਾਰਾਂ ਸਿੰਗਾ*
ਯਿਹ ਇਸ ਕੋ ਦਿਖਾ ਔਰ ਨ ਉਸ ਕੋ ਨਜ਼ਰ ਆਯਾ।
ਛੁਪਨੇ ਕੇ ਲੀਏ ਭੇੜੀਆ ਭੇੜੋਂ ਮੇਂ ਦਰ ਆਯਾ।

ਡਰਦੇ ਮਾਰਿਆਂ ਸਾਰੇ ਬੁਰਜ ਸਿਤਾਰਿਆਂ ਵਿੱਚ ਲੁਕ ਗਏ ਸਨ। ਹਾਥੀ, ਸ਼ੇਰ ਤੇ ਸੂਰ ਸਭ ਕਿਲ੍ਹੇ ਵਿੱਚ ਜਾ ਘੁਸੇ ਸਨ। ਵੱਡੇ-ਵੱਡੇ ਅਜ਼ਦਹੇ ਵੱਡੀਆਂ-ਵੱਡੀਆਂ ਖੁਡਾਂ ਵਿੱਚ ਵੜ ਗਏ ਸਨ। ਬਾਰਾਂਸਿੰਗੇ ਆਪਣੀਆਂ ਪਨਾਹਗਾਹਾਂ ਵਿੱਚ ਚਲੇ ਗਏ ਸਨ। ਕੋਈ ਇੱਕ-ਦੂਜੇ ਨੂੰ ਦਿਖਾਈ ਨਹੀਂ ਸੀ ਦਿੰਦਾ। ਬਘਿਆੜ ਵੀ ਘਬਰਾ ਕੇ ਭੇਡਾਂ ਦੇ ਵਾੜਿਆਂ ਵਿੱਚ ਬਚਦੇ ਫਿਰਦੇ ਸਨ।



Sri Satguru Jagjit Singh Ji eLibrary NamdhariElibrary@gmail.com

੪੭

ਜਿਹ ਆਈ ਵੁਹ ਪਹੁੰਚੀ ਵੁਹ ਗਈ 'ਜ਼ਨ' ਸੇ ਨਿਕਲ ਕਰ *ਸੰਜੋਆ*
ਜਬ ਬੈਠ ਗਈ ਸਿਰ ਪਿ ਉਠੀ ਤਨ ਸੇ ਨਿਕਲ ਕਰ
ਦੋ ਕਰ ਗਈ ਚਾਰ ਆਈਨਾ ਜੋਸ਼ਨ ਸੇ ਨਿਕਲ ਕਰ
ਤਰਾਰੀ ਮੇਂ ਤੇਜ਼ੀ ਮੇਂ ਥੀ ਨਾਗਿਨ ਸੀ ਨਿਕਲ ਕਰ
ਦੁਸ਼ਮਨ ਕੋ ਲੀਆ ਮਰਕਬਿ ਦੁਸ਼ਮਨ ਭੀ ਨਾ ਛੋੜਾ।
ਅਸਵਾਰ ਕੋ ਦੋ ਕਰ ਗਈ ਤੋ ਜ਼ਨ ਭੀ ਨਾ ਛੋੜਾ।

ਤਲਵਾਰ ਇਧਰ-ਉਧਰ, ਸੰਜੋਗ 'ਚੋਂ ਨਿਕਲ ਕੇ ਘੁੰਮਦੀ ਦਿਸਦੀ ਸੀ। ਸਿਰ ਦੀ ਖੋਪਰੀ ਤੇ ਲੱਗਦੀ ਤੇ ਸਰੀਰ ਨੂੰ ਦੋਫਾੜ ਕਰ ਦਿੰਦੀ। ਕਦੀ ਖੋਪਰੀ 'ਚੋਂ ਨਿਕਲ ਕੇ ਸਰੀਰ ਦੇ ਚਾਰ ਟੋਟੇ ਬਣਾ ਦਿੰਦੀ। ਇੰਨੀ ਤੇਜ਼ੀ ਵਿੱਚ ਲੱਗਦੀ ਸੀ ਜਿਵੇਂ ਕੋਈ ਨਾਗਣੀ ਹੋਵੇ। ਆਪਣੇ ਦੁਆਲੇ ਜੋ ਦੁਸ਼ਮਣ ਆਏ, ਕੋਈ ਵੀ ਨਾ ਛੱਡਿਆ ਤੇ ਸੰਜੋਆ ਸਣੇ ਤਲਵਾਰਾਂ ਵੀ ਉਨ੍ਹਾਂ ਦੀਆਂ ਭੰਨ ਦਿੱਤੀਆਂ।

੪੮

ਤਲਵਾਰ ਸੀ ਤਲਵਾਰ ਥੀ ਕਿਆ ਜਾਨੀਏ ਕਿਆ ਥੀ
ਖ਼ੂੰਖ਼ਾਰ ਥੀ ਖ਼ੂੰਖ਼ਾਰ ਥੀ ਆਫ਼ਤ ਥੀ ਬਲਾ ਥੀ
ਥੀ ਆਬ ਯਾ ਫ਼ੌਲਾਦ ਪੇ ਬਿਜਲੀ ਕੀ 'ਜਲਾ' ਥੀ *ਚਮਕ*
ਯਮਰਾਜ ਕੀ ਅੰਮਾ ਥੀ ਵੁਹ ਹਮਸ਼ੀਰਇ 'ਕਜ਼ਾ' ਥੀ *ਮੌਤ*
ਅਰਦਲ ਮੇਂ ਬਿਚਾਰੇ ਮਲਕੁਲ-ਮੌਤ ਖੜੇ ਥੇ।
ਅਪਨੇ ਸ਼ੁਗਲਿ-ਖ਼ਾਸ ਮੇਂ ਮਸ਼ਗੂਲ ਬੜੇ ਥੇ।

ਪਤਾ ਨਹੀਂ ਉਹ ਤਲਵਾਰ ਕਿਹੋ ਜਿਹੀ ਤਲਵਾਰ ਸੀ। ਖ਼ੂਨ ਹੀ ਖ਼ੂਨ ਵਹਾਉਣ ਵਾਲੀ ਆਫ਼ਤ ਸੀ। ਪਾਣੀ ਜਾਂ ਫੋਲਾਦ ਉੱਤੇ ਜਿਵੇਂ ਬਿਜਲੀ ਚਮਕ ਰਹੀ ਹੋਵੇ। ਸਮਝ ਲਵੋ ਮਾਨੋਂ ਉਹ ਯਮਰਾਜ ਦੀ ਮਾਂ ਜਾਂ ਮੌਤ ਦੀ ਭੈਣ ਸੀ। ਉਸ ਦੀ ਅਰਦਲ ਵਿੱਚ ਮੌਤ ਦਾ ਫ਼ਰਿਸ਼ਤਾ ਖੜ੍ਹਾ ਸੀ ਜੋ ਆਪਣੇ ਜ਼ਾਤੀ ਸ਼ੁਗਲ ਲਈ ਆਨੰਦ ਮਾਣ ਰਿਹਾ ਸੀ।


Sri Satguru Jagjit Singh Ji eLibrary NamdhariElibrary@gmail.com

### ੮੯

ਘੋੜਾ ਵੁਹ 'ਸੁਬਕ ਸੀਅਰ' ਬਦਲ ਜਿਸਕਾ ਨਹੀਂ ਥਾ *ਤੇਜ਼ ਚਾਲ*
ਦੇਖਾ ਤੋ ਕਹਾਂ ਥਾ ਅਭੀ ਦੇਖਾ ਤੋ ਨਹੀਂ ਥਾ
ਮਹਿਫ਼ੂਜ਼ ਕੋਈ ਇਸ ਸੇ ਮਕਾਂ ਥਾ ਨ ਮਕੀਂ ਥਾ
ਬਾਲਾਏ ਫ਼ਲਕ ਥਾ ਵੁਹ ਕਭੀ ਜ਼ੇਰਿ ਜ਼ਿਮੀਂ ਥਾ
ਥੀ ਟਾਪ ਕੀ ਆਵਾਜ਼ ਯਾ 'ਸੈਲਏ ਸਬਾ' ਥੀ। *ਹਵਾ ਦੀ ਸਰ ਸਰ*
ਗ਼ੁੰਚੇ ਕੇ ਚਟਖ਼ਨੇ ਕੀ ਸਦਾ, ਉਸ ਸੇ 'ਸਿਵਾ' ਥੀ। *ਵਧੇਰੇ*

ਘੋੜਾ ਇਨਾ ਤੇਜ਼ ਚਾਲ ਵਾਲਾ ਸੀ ਜਿਸ ਦਾ ਕੋਈ ਮੁਕਾਬਲਾ ਨਹੀਂ ਸੀ। ਜੋ ਦੇਖਦਿਆਂ ਹੀ ਦੇਖਦਿਆਂ ਕਦੀ ਕਿਤੇ ਤੇ ਕਦੀ ਕਿਤੇ ਪੁੱਜ ਜਾਂਦਾ ਸੀ। ਇਸ ਤੋਂ ਕੋਈ ਥਾਂ ਵੀ ਬਚਦਾ ਦਿਖਾਈ ਨਹੀਂ ਦਿੰਦਾ ਸੀ। ਕਦੀ ਅਸਮਾਨ ਉੱਤੇ ਤੱਕਦਾ ਤੇ ਕਦੀ ਪਤਾਲ ਵਿੱਚ ਪੁੱਜ ਜਾਂਦਾ ਸੀ। ਜਾਂ ਤਾਂ ਉਸ ਦੇ ਪੈਰਾਂ ਦੀ ਟਾਪ ਸੁਣਦੀ ਸੀ ਜਾਂ ਬੱਸ ਸਵੇਰ ਦੀ ਹਵਾ ਦੀ ਸਰ ਸਰ। ਮਾਨੋ ਕਲੀ ਦੇ ਚਟਪਣੇ ਦੀ ਅਵਾਜ਼ ਵੀ ਉਸ ਤੋਂ ਵਧੇਰੇ ਸੁਣਦੀ ਸੀ।

### ੯੦

ਇਸ ਕੋ ਕੁਚਲ ਆਇਆ ਕਭੀ ਉਸ ਕੋ ਕੁਚਲ ਆਇਆ
ਸਦਹਾ ਕੀ 'ਲਕਦ-ਕੋਬੀ' ਸੇ 'ਹੱਯਤ' ਬਦਲ ਆਇਆ *ਲੱਤ ਮਾਰਨਾ, ਰੂਪ*
ਠੋਕਰ ਜਹਾਂ ਮਾਰੀ ਵਹਾਂ ਪਾਨੀ ਨਿਕਲ ਆਇਆ
ਸ਼ੇਰ ਆ ਗਿਆ ਗਰ ਸਾਹਮਨੇ ਬੋਲਾ—ਸੰਭਲ ਆਇਆ
ਤੇਜ਼ੀ ਮੇਂ ਹਵਾ ਕੋ ਭੀ ਥਾ ਵੁਹ ਕਾਨ ਕੁਤਰਤਾ।
ਥਾ ਸੁਮ ਸੇ ਕਭੀ ਫੂਲ ਕਭੀ ਪਾਨ ਕੁਤਰਤਾ।

ਕਦੀ ਉਸ ਪਾਸੇ ਦੁਸ਼ਮਣ ਨੂੰ ਮਧੋਲ ਆਇਆ ਤੇ ਕਦੀ ਇਸ ਪਾਸੇ ਕੁਚਲ ਦਿੱਤਾ। ਸੈਂਕੜੇ ਕੈਦਿਆਂ ਦਾ ਲੱਤਾਂ ਮਾਰ ਕੇ ਰੂਪ ਬਦਲ ਦਿੱਤਾ। ਜਿਸ ਥਾਂ ਵੀ ਠੋਕਰ ਮਾਰੀ, ਧਰਤੀ 'ਚੋਂ ਪਾਣੀ ਕੱਢ ਦਿੱਤਾ। ਜੇ ਕੋਈ ਸ਼ੇਰ ਵੀ ਸਾਹਮਣੇ ਆ ਗਿਆ, ਛਹਿ ਢੇਰੀ ਕਰ ਦਿੱਤਾ। ਇਨਾ ਤੇਜ਼ ਸੀ ਕਿ ਹਵਾ ਵੀ ਸ਼ਰਮਿੰਦਾ ਸੀ ਤੇ ਆਪਣੇ ਖੁਰਾਂ ਨਾਲ ਕਦੀ ਫੁੱਲਾਂ ਨੂੰ ਤੱਕਦੀ ਪਾਨ ਪੱਤਿਆਂ ਨੂੰ ਕੁਚਲ ਰਿਹਾ ਸੀ।


Sri Satguru Jagjit Singh Ji eLibrary NamdhariElibrary@gmail.com

ਕਹਿਤੇ ਥੇ ਸਭੀ 'ਅਸਪ' ਨਹੀਂ, ਹੈ ਯਿਹ ਛਲਾਵਾ — ਘੋੜਾ
ਤਾਕ੍ਰਤ ਭੀ ਬਲਾ ਕੀ ਹੈ ਨਜ਼ਾਕਤ ਕੇ ਅਲਾਵਾ
ਕਰਤੇ ਥੇ ਨਜ਼ਰ-ਬਾਜ਼ ਉਸੇ ਦੇਖ ਕੇ ਦਾਅਵਾ
ਐਸਾ ਨ ਕ੍ਰਦਮ ਹੀ ਹੈ ਕਿਸੀ ਕਾ ਨਾ ਹੈ 'ਕਾਵਾ' — ਟਾਪ
ਪੁੱਠਾ ਹੈ ਅਲਗ ਇਸ ਕੀ ਕਨੌਤੀ ਹੀ ਜੁਦਾ ਹੈ।
'ਸੀਮਾਬ' ਲਹੂ ਕੀ ਜਗਹ ਰਗ ਰਗ ਮੇਂ ਭਰਾ ਹੈ। — ਪਾਰਾ

ਸਾਰੇ ਕਹਿੰਦੇ ਸਨ ਕਿ ਇਹ ਘੋੜਾ ਨਹੀਂ, ਕੋਈ ਛਲਾਵਾ ਹੈ। ਇਹ ਤਾਕਤ ਅਤੇ ਨਜ਼ਾਕਤ ਵੀ ਲੋਹੜੇ ਦੀ ਰੱਖਦਾ ਹੈ। ਉਸ ਦੀ ਸ਼ਕਤੀ ਦੇਖ ਕੇ ਬਾਜ਼ ਵੀ ਹੈਰਾਨ ਸਨ ਕਿ ਨਾ ਹੋਰ ਕਿਸੇ ਘੋੜੇ ਦਾ ਅਜਿਹਾ ਕਦਮ ਹੈ ਤੇ ਨਾ ਹੀ ਟਾਪ ਹੈ। ਇਸ ਦੀ ਬਣਤਰ ਹੀ ਹੋਰਾਂ ਨਾਲੋਂ ਵੱਖਰੀ ਹੈ ਤੇ ਜਣਤ ਵੀ ਜੁਦਾ ਹੈ। ਏਦਾਂ ਲੱਗਦੈ ਕਿ ਮਾਨੋਂ ਰਗ-ਰਗ ਵਿੱਚ ਖ਼ੂਨ ਦੀ ਥਾਂ ਪਾਰਾ ਭਰਿਆ ਪਿਆ ਹੈ।

92

'ਤਾਊਸ' ਸੀ ਦੁਮ ਚਾਂਦ ਸੇ 'ਸੁਮ', 'ਮਾਰ' ਕੀ ਸੂਰਤ — ਮੋਰ, ਸੱਪ
ਬੇਪਰ ਹੈ ਮਗਰ ਉੜਤਾ ਹੈ 'ਪਰਦਾਰ' ਕੀ ਸੂਰਤ — ਪੰਛੀ
'ਕਸ' ਸ਼ੇਰ ਕੀ ਬਲ ਫ਼ੀਲ ਕਾ ਰਹਿਵਾਰ ਕੀ ਸੂਰਤ — ਪਕੜ
ਫਿਰਤਾ ਹੈ ਇਸ਼ਾਰੇ ਸੇ ਹੀ ਪਰਕਾਰ ਕੀ ਸੂਰਤ
ਜਿਸ 'ਸਿਮਤ' ਗਿਆ ਰਨ ਕਾ ਯਿਹ ਨਕਸ਼ਾ ਬਦਲ ਆਯਾ। — ਤਰਫ਼
ਪਲਟਨ ਪਲਟ ਆਯਾ ਯਿਹ ਰਸਾਲਾ ਕੁਚਲ ਆਯਾ।

ਉਸਦੀ ਪੂੰਛ ਮੋਰ ਵਰਗੀ, ਮੁੱਖ ਚੰਦ ਵਰਗਾ ਅਤੇ ਸੂਰਤ ਸੱਪ ਵਰਗੀ ਸੀ। ਭਾਵੇਂ ਖੰਭ ਨਹੀਂ ਸਨ ਪਰ ਪੰਛੀ ਵਾਂਗੂ ਉੱਡ ਰਿਹਾ ਸੀ। ਉਸ ਦੀ ਪਕੜ ਸ਼ੇਰ ਵਰਗੀ, ਤਾਕਤ ਹਾਥੀ ਜਿੰਨੀ ਤੇਦਿੱਖ ਘੋੜੇ ਵਰਗੀ ਸੀ ਤੇ ਇੱਕ ਇਸ਼ਾਰੇ ਨਾਲ ਹੀ ਪ੍ਰਕਾਰ ਵਾਂਗੂ ਚੁਫ਼ੇਰੇ ਘੁੰਮਦਾ ਸੀ। ਉਹ ਜਿਸ ਪਾਸੇ ਵੀ ਗਿਆ, ਜੰਗ ਦਾ ਨਕਸ਼ਾ ਬਦਲ ਦਿੱਤਾ-ਪਲਟਨ ਨੂੰ ਪਲਟ ਤੇ ਉਲਟਾ ਕੇ ਆ ਗਿਆ ਤੇ ਰਸਾਲੇ ਦਾ ਨਾਸ਼ ਕਰ ਆਇਆ।



Sri Satguru Jagjit Singh Ji eLibrary NamdhariElibrary@gmail.com

93

ਪਕੜਾ ਜਿਸੇ ਗਰਦਨ ਸੇ ਯਿਹ ਪੂਰਾ ਉਸੇ ਕਰਦੇ
ਹੋ ਕਾਮਿਲਿ ਫ਼ਨ ਭੀ ਤੋ ਅਧੂਰਾ ਉਸੇ ਕਰਦੇ
ਪੈਰੋਂ ਮੇਂ 'ਤੁਫੰਗ' ਆਏ ਤੋ ਬੂਰਾ ਉਸੇ ਕਰਦੇ *ਗੋਲਾ*
ਜਿਸ ਤੋਪ ਪੈ ਦੇ ਟਾਪ ਯਹ ਚੂਰਾ ਉਸੇ ਕਰਦੇ
ਜੋ ਮੈਂ ਕਦਰ-ਅੰਦਾਜ਼ ਡਰੇ 'ਓਪਚੀ' ਭਾਗੇ। *ਸੁਰਮੇ*
ਤੋਪੋਂ ਕੋ ਗਾਰਜ਼ ਛੋੜਕੇ ਸਭ ਤੋਪਚੀ ਭਾਗੇ।

ਜਿਸ ਨੂੰ ਗਰਦਨ ਤੋਂ ਫੜਦਾ, ਖ਼ਤਮ ਕਰ ਕਰ ਦਿੰਦਾ। ਤਕੜੇ ਨੂੰ ਵੀ ਕੰਬਣ ਲਾ ਦਿੰਦਾ। ਪੈਰਾਂ ਵਿੱਚ ਡਿੱਗੇ ਗੋਲੇ ਨੂੰ ਵੀ ਧੂੜ ਬਣਾ ਦਿੰਦਾ ਤੇ ਜਿਹੜੀ ਤੋਪ 'ਚੋਂ ਆਉਂਦਾ, ਨਸ਼ਟ ਕਰ ਦਿੰਦਾ। ਇਹ ਵੇਖ ਸੂਰਮੇ ਡਰਦੇ ਮਾਰੇ ਭੱਜ ਨਿਕਲੇ। ਗੱਲ ਕੀ ਤੋਪਾਂ ਨੂੰ ਛੱਡ ਕੇ ਸਾਰੇ ਤੋਪਚੀ ਵੀ ਦੌੜ ਗਏ।

94

ਸ਼ਹਿਜ਼ਾਦਾਇ 'ਜ਼ੀ ਜਾਹ' ਨੇ ਭਾਗੜ ਥੀ ਮਚਾ ਦੀ *ਵੱਡੀ ਸ਼ਾਨ ਵਾਲਾ*
ਯਿਹ ਫ਼ੌਜ ਭਗਾ ਦੀ ਕਭੀ ਵੁਹ ਫ਼ੌਜ ਭਗਾ ਦੀ
ਬੜ੍ਹ ਚੜ੍ਹਕੇ ਤਵੱਕੋ ਸੇ 'ਸ਼ੁਜਾਇਤ' ਜੁ ਦਿਖਾ ਦੀ *ਬਹਾਦਰੀ, ਦਲੇਰੀ*
ਸਤਿਗੁਰ ਨੇ ਵਹੀਂ ਕਿਲ੍ਹਾ ਸੇ ਬੇਟੇ ਕੋ 'ਨਦਾ' ਦੀ *ਆਵਾਜ਼*
ਸ਼ਾਬਾਸ਼ 'ਪਿਸਰੰ'! ਖ਼ੂਬ ਦਲੇਰੀ ਸੇ ਲੜੇ ਹੋ। *ਪੁੱਤਰ*
ਹਾਂ, ਕਿਉਂ ਨ ਹੋ ਗੋਬਿੰਦ ਕੇ ਫ਼ਰਜ਼ੰਦ ਬੜੇ ਹੋ।

ਇਸ ਪ੍ਰਕਾਰ ਸਹਿਜ਼ਾਦੇ ਨੇ ਭਾਜੜਾਂ ਪੁਆਈਆਂ ਹੋਈਆਂ ਸਨ। ਕਦੀ ਇੱਕ ਪਾਸੇ ਦੀ ਤੇ ਕਦੀ ਦੂਜੇ ਪਾਸੇ ਦੀ ਫ਼ੌਜ ਉਸ ਨੇ ਭਜਾ ਦਿੱਤੀ। ਆਸ ਤੋਂ ਵੱਧ ਬਹਾਦਰੀ ਦਿਖਾਈ। ਕਿਲ੍ਹੇ ਵਿੱਚੋਂ ਬੇਟੇ ਨੂੰ ਸਤਿਗੁਰਾਂ ਨੇ ਹਾਕ ਮਾਰੀ ਕਿ ਪੁੱਤਰਾ ਸ਼ਾਬਾਸ਼! ਅੱਜ ਤੂੰ ਖ਼ੂਬ ਦਲੇਰੀ ਦਿਖਾਈ ਹੈ। ਦਿਖਾਉਂਦਾ ਵੀ ਕਿਉਂ ਨਾ, ਗੋਬਿੰਦ ਦਾ ਵੱਡਾ ਪੁੱਤਰ ਜੋ ਹੈ।



Sri Satguru Jagjit Singh Ji eLibrary NamdhariElibrary@gmail.com

95

ਦਿਲਬੰਦ ਨੇ ਤਲਵਾਰ ਸੇ 'ਤਸਲੀਮ' ਬਜਾਈ *ਹੁਕਮ ਮੰਨਣਾ*
ਗਰਦਨ ਪਾਇ ਆਦਾਬ ਦਿਲਾਵਰ ਨੇ ਝੁਕਾਈ
ਇਸ ਵਕ਼ਫ਼ਾ ਮੇਂ ਫ਼ੌਜਿ 'ਸਿਤਮ-ਆਰਾ' ਉਮਡ ਆਈ *ਜਾਬਰ*
ਬਰਛੀ ਕਿਸੀ ਬਦਬਖ਼ਤ ਨੇ ਪੀਛੇ ਸੇ ਲਗਾਈ
ਤਿਉਰਾ ਕੇ ਗਿਰੇ ਜ਼ੀਨ ਸੇ ਸਰਕਾਰ ਜ਼ਿਮੀਂ ਪਰ।
ਰੂਹ 'ਖ਼ੁਲਦ' ਗਈ ਔਰ ਤਨਿ-ਜ਼ਾਰ ਜ਼ਮੀਂ ਪਰ। *ਸੁਰਗ*

ਬਹਾਦਰ ਨੇ ਤਲਵਾਰ ਸਹਾਰੇ ਹੁਕਮ ਮੰਨਿਆ ਤੇ ਅਦਬ ਨਾਲ ਪੈਰਾਂ ਉੱਤੇ ਸਿਰ ਝੁਕਾਇਆ। ਇਸ ਸਮੇਂ ਵਿੱਚ ਹੀ ਜਾਬਰ ਫ਼ੌਜ ਚੜ੍ਹ ਕੇ ਆ ਗਈ ਤੇ ਉਸ ਵਿੱਚੋਂ ਕਿਸੇ ਨੇ ਪਿੱਛੋਂ ਬਰਛੀ ਮਾਰ ਦਿੱਤੀ। ਸਾਹਿਬਜ਼ਾਦਾ ਧਰਤੀ 'ਤੇ ਡਿੱਗ ਪਿਆ। ਰੂਹ ਸੁਰਗ ਵੱਲ ਚਲੀ ਗਈ ਤੇ ਜ਼ਖ਼ਮੀ ਸਰੀਰ ਧਰਤੀ ਉੱਤੇ ਪਿਆ ਰਹਿ ਗਿਆ।

96

ਬੇਟੇ ਕੋ ਸ਼ਹਾਦਤ ਮਿਲੀ, ਦੇਖਾ ਜੋ 'ਪਿਦਰ' ਨੇ *ਪਿਤਾ*
ਤੂਫ਼ਾਨ ਬਪਾ ਗ਼ਮ ਸੇ ਕੀਆ ਦੀਦਾਏ ਤਰ ਨੇ
ਇਸ ਵਕ਼ਤ ਕਹਾ ਨੰਨ੍ਹੇ ਸੇ ਮਾਸੂਮ ਪਿਸਰ ਨੇ—
'ਰੁਖ਼ਸਤ ਹਮੇਂ ਦਿਲਵਾਓ ਪਿਤਾ ਜਾਏਂਗੇ ਮਰਨੇ
ਭਾਈ ਸੇ ਬਿਛੜ ਕਰ ਹਮੇਂ ਜੀਨਾ ਨਹੀਂ ਭਾਤਾ।
ਸੋਨਾ ਨਹੀਂ, ਖਾਨਾ ਨਹੀਂ, ਪੀਨਾ ਨਹੀਂ ਭਾਤਾ।

ਜਦੋਂ ਪਿਤਾ ਨੇ ਪੁੱਤਰ ਨੂੰ ਸ਼ਹੀਦ ਹੋਇਆ ਤੱਕਿਆ, ਗ਼ਮ ਦਾ ਤੂਫ਼ਾਨ ਚੜ੍ਹ ਆਇਆ ਤੇ ਅੱਖੋਂ ਹੰਝੂ ਟਪਕੇ। ਠੀਕ ਉਸੇ ਵਕ਼ਤ ਛੋਟੇ ਪੁੱਤਰ ਨੇ ਕਿਹਾ ਕਿ ਪਿਤਾ ਜੀ! ਹੁਣ ਮੈਂ ਸ਼ਹੀਦੀ ਲਈ ਜਾਵਾਂਗਾ। ਮੈਨੂੰ ਭਰਾ ਤੋਂ ਵਿਛੜ ਕੇ ਜਿਊਣਾ ਚੰਗਾ ਨਹੀਂ ਲੱਗਦਾ ਤੇ ਨਾ ਹੀ ਸੌਣਾ, ਖਾਣਾ ਤੇ ਪੀਣਾ ਚੰਗਾ ਲੱਗਦਾ ਹੈ।


Sri Satguru Jagjit Singh Ji eLibrary NamdhariElibrary@gmail.com

## 97

ਬੀ ਦੂਸਰੇ ਬੇਟੇ ਕੀ ਸੁਨੀ ਬੇਨਤੀ ਜਿਸ ਦਮ
ਸਰ ਕੋ 'ਦਹਨਿ ਪਾਕ' ਸੇ ਬੋਸੇ ਦੀਏ ਪੈਹਮ ਸੁੰਦਰ ਮੁਖੜਾ
ਮਰਨੇ ਕੇ ਲੀਏ ਕਹਨੇ ਲਗੇ ਜਾਈਏ ਜੰਮ ਜੰਮ
ਰੂਠੋ ਨਾ ਖ਼ੁਦਾ ਰਾ ਨਹੀਂ ਰੋਕੇਂਗੇ ਕਭੀ ਹਮ
ਹਮਨੇ ਥਾ ਕਹਾ ਬਾਪ ਕੋ 'ਜਾਂ ਦੀਜੇ ਧਰਮ ਪਰ।'
ਲੋਗ ਕਹਤੇ ਹੈਂ ਅਬ ਆਪ ਕੋ 'ਜਾਂ ਦੀਜੇ ਧਰਮ ਪਰ।'

ਜਦੋਂ ਮਹਾਰਾਜ ਨੇ ਦੂਜੇ ਬੇਟੇ ਦੀ ਬੇਨਤੀ ਸੁਣੀ ਤਾਂ ਉਸ ਦੇ ਮੂੰਹ ਨੂੰ ਕਈ ਵਾਰ ਚੁੰਮਿਆ ਤੇ ਕਹਿਣ ਲੱਗੇ ਕਿ ਸ਼ਹੀਦੀ ਲਈ ਮੇਰੇ ਲਾਲ ਜਮ-ਜਮ ਜਾਵੋ। ਤੂੰ ਮੇਰੇ ਨਾਲ ਰੁੱਸ ਨਾ ਮੈਂ ਤੈਨੂੰ ਜਾਣ ਤੋਂ ਕਦੀ ਨਹੀਂ ਰੋਕਾਂਗਾ। ਮੈਂ ਤਾਂ ਆਪਣੇ ਬਾਪ ਨੂੰ ਧਰਮ ਉੱਤੇ ਕੁਰਬਾਨੀ ਲਈ ਕਿਹਾ ਸੀ। ਦੇਖੋ ਹੁਣ ਮੈਂ ਤੈਨੂੰ ਧਰਮ ਖ਼ਾਤਿਰ ਮਿਟਣ ਲਈ ਕਹਿੰਦਾ ਹਾਂ।

## 98

ਮਰਨੇ ਸੇ ਕਿਸੀ ਯਾਰ ਕੋ ਹਮ ਨੇ ਨਹੀਂ ਰੋਕਾ
ਫ਼ਰਜ਼ੰਦਿ ਵਫ਼ਾਦਾਰ ਕੋ ਹਮ ਨੇ ਨਹੀਂ ਰੋਕਾ
'ਖ਼ੁਸ਼ਨੂਦੀਏ-ਕਰਤਾਰ' ਕੋ ਹਮ ਨੇ ਨਹੀਂ ਰੋਕਾ ਰੱਬ ਦਾ ਭਾਣਾ
ਅਬ ਦੇਖੀਏ 'ਸਰਕਾਰ' ਕੋ ਹਮ ਨੇ ਨਹੀਂ ਰੋਕਾ ਪਿਤਾ
ਤੁਮ ਕੋ ਭੀ ਇਸੀ ਰਾਹ ਪੈ ਕੁਰਬਾਨ ਕਰੇਂਗੇ।
'ਸਦ' ਸ਼ੁਕਰ ਹੈ ਹਮ ਭੀ ਕਭੀ ਖੰਜਰ ਸੇ ਮਰੇਂਗੇ। ਮੈਂ

ਅਸੀਂ ਕਿਸੇ ਯਾਰ ਨੂੰ ਮਰਨ ਤੋਂ ਨਹੀਂ ਰੋਕਿਆ। ਆਪਣੇ ਆਗਿਆਕਾਰੀ ਪੁੱਤਰ ਨੂੰ ਨਹੀਂ ਰੋਕਿਆ। ਰੱਬ ਦੇ ਭਾਣੇ ਨੂੰ ਅਸੀਂ ਨਹੀਂ ਰੋਕਿਆ। ਦੇਖੋ ਅਸੀਂ 'ਸਰਕਾਰ' ਨੂੰ ਵੀ ਹੁਣ ਨਹੀਂ ਰੋਕਿਆ। ਅਸੀਂ ਤੁਹਾਨੂੰ ਵੀ ਇਸੇ ਰਾਹ 'ਤੇ ਕੁਰਬਾਨ ਕਰਾਂਗੇ। ਸੋ ਸ਼ੁਕਰ ਹੈ ਕਿ ਅਸੀਂ ਵੀ ਕਦੀ ਤਲਵਾਰ ਨਾਲ ਸ਼ਹੀਦ ਹੋਵਾਂਗੇ।

99

ਕੁਰਬਾਨ! ਪਿਦਰ ਕੋ ਕੋਈ ਇਨਕਾਰ ਨਹੀਂ ਹੈ
'ਸਿਨ' ਖੇਲ ਕਾ ਹੈ ਰਨ ਕਾ ਸਜ਼ਾਵਾਰ ਨਹੀਂ ਹੈ ਉਮਰ
ਆਤੀ ਹੈ ਚਲਾਨੀ ਤੁਮੇਂ ਤਲਵਾਰ ਨਹੀਂ ਹੈ
ਯਹ ਗੁਲ ਸਾ ਬਦਨ 'ਕ਼ਾਬਿਲੇ-ਸੋਫ਼ਾਰ' ਨਹੀਂ ਹੈ ਤੀਰ ਦੀ ਨੋਕ

ਸ਼ਹਿਜ਼ਾਦਾਇ ਜੁਝਾਰ ਨੇ ਫੌਰਨ ਕਹਾ—'ਅੱਬਾ!
ਮੈਂ ਭਾਈਓਂ ਸੇ ਭਲਾ ਕਿਉਂ ਰਹੂੰ ਘਟ ਕਰ ਭਲਾ ਅੱਬਾ!'

'ਪੁੱਤਰਾ ਕੁਰਬਾਨ! ਮੈਂ ਤੈਨੂੰ ਰੋਕਦਾ ਨਹੀਂ। ਪਰ ਤੇਰੀ ਉਮਰ ਦਾ ਸਵਾਲ ਹੈ ਜੋ ਜੰਗ ਲੜਨ ਵਾਲੀ ਨਹੀਂ ਹੈ। ਤੈਨੂੰ ਅਜੇ ਤਲਵਾਰ ਚਲਾਉਣੀ ਨਹੀਂ ਆਉਂਦੀ। ਤੇਰਾ ਇਹ ਫੁੱਲ ਜਿਹਾ ਸਰੀਰ ਤੀਰਾਂ ਦੀ ਨੋਕ ਸਹਿਣ ਵਾਲਾ ਨਹੀਂ ਹੈ।' ਇਹ ਸੁਣ ਝੱਟ ਪੁੱਤਰ ਜੁਝਾਰ ਨੇ ਕਿਹਾ ਕਿ ਪਿਤਾ ਜੀ ਮੈਂ ਆਪਣੇ ਭਰਾਵਾਂ ਤੋਂ ਪਿੱਛੇ ਕਿਵੇਂ ਰਹਾਂਗਾ ?

www.archive.org/details/namdhari

100

ਜ਼ਿੰਦਾ ਚੁਨਾ ਜਾਨਾ ਭੀ ਤੋ ਆਸਾਨ ਨਹੀਂ ਹੈ ?
ਸਰਹੰਦ ਮੇਂ ਦੀ ਭਾਈਓਂ ਨੇ ਜਾਨ ਨਹੀਂ ਹੈ ?
ਕਿਉਂ ਮੁਝ ਕੋ ਧਰਮ-ਯੁੱਧ ਕਾ ਕੁਛ ਧਿਆਨ ਨਹੀਂ ਹੈ ?
ਬੰਦੇ ਕੋ ਛੁਰੀ ਖਾਨੇ ਕਾ ਕਿਆ ਅਰਮਾਨ ਨਹੀਂ ਹੈ ?

ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ।
ਖ਼ੁਦ ਬੜ੍ਹ ਕੇ, ਗਲਾ ਤੇਗ਼ ਪੇ ਧਰਨਾ ਤੋ ਹੈ ਆਤਾ।

ਜਿਉਂਦਿਆਂ ਦੀਵਾਰ ਪਿੱਛੇ ਚਿਣਿਆ ਜਾਣਾ ਕੋਈ ਖੇਡ ਨਹੀਂ ਹੈ। ਕੀ ਸਰਹਿੰਦ ਵਿੱਚ ਭਰਾਵਾਂ ਨੇ ਜਾਨ ਨਹੀਂ ਦੇ ਦਿੱਤੀ? ਤਾਂ ਕੀ ਫੇਰ ਮੈਨੂੰ ਧਰਮ ਯੁੱਧ ਦਾ ਪਤਾ ਨਹੀਂ ਹੈ? ਤੇ ਕੀ ਮੇਰੇ ਅੰਦਰ ਕ਼ਤਲ ਹੋਣ ਦਾ ਅਰਮਾਨ ਨਹੀਂ ਹੈ? ਜੇ ਮੈਨੂੰ ਲੜਨਾ ਨਹੀਂ ਆਉਂਦਾ, ਮਰਨਾ ਤਾਂ ਆਉਂਦਾ ਹੈ ਤੇ ਅੱਗੇ ਵੱਧ ਕੇ ਗਰਦਨ ਤਲਵਾਰ ਦੀ ਧਾਰ 'ਤੇ ਰੱਖਣੀ ਤਾਂ ਆਉਂਦੀ ਹੈ।



Sri Satguru Jagjit Singh Ji eLibrary NamdhariElibrary@gmail.com

## 101

ਰੋਕੇ ਸੇ ਕਭੀ ਸ਼ੇਰ ਕਾ ਬੱਚਾ ਭੀ ਰੁਕਾ ਹੈ ?
ਝੂਠੇ ਤੋ ਰੁਕੇਂ ਕਿਆ ਕੋਈ ਸੱਚਾ ਭੀ ਰੁਕਾ ਹੈ ?
ਪਤਝੜ ਮੇਂ 'ਸਮਰ' ਸ਼ਾਖ ਪੈ ਕੱਚਾ ਭੀ ਰੁਕਾ ਹੈ ? *ਫਲ*
ਸਰ ਦੇਨੇ ਸੇ ਰੱਬ ਕੇ ਕੋਈ ਅੱਛਾ ਭੀ ਰੁਕਾ ਹੈ ?
ਨੇਕੀ ਹੈ ਯਹ ਐਸੀ ਕਿ ਜਵਾਬ ਹੋ ਨਹੀਂ ਸਕਤਾ।
ਪਾਪੀ ਪਿ ਭੀ ਦੋਜ਼ਖ਼ ਕਾ 'ਅਜ਼ਾਬ' ਹੋ ਨਹੀਂ ਸਕਤਾ। *ਸੰਤਾਪ*

ਕੀ ਕਦੀ ਸ਼ੇਰ ਦਾ ਪੁੱਤਰ ਰੋਕਣ ਤੇ ਰੁਕਿਆ ਹੈ? ਝੂਠੇ ਤਾਂ ਰੁਕਣ, ਸੱਚੇ ਕਦੀ ਰੁਕੇ ਹਨ? ਕੀ ਪਤਝੜ ਦੀ ਰੁੱਤੇ ਦਰੱਖ਼ਤ ਦੀ ਟਹਿਣੀ ਉੱਤੇ ਕੱਚਾ ਫ਼ਲ ਵੀ ਰੁਕਿਆ ਹੈ? ਕੁਰਬਾਨੀ ਦੇਣ ਤੋਂ ਕਦੀ ਚੰਗੇ ਬੰਦੇ ਵੀ ਰੁਕੇ ਹਨ? ਇਹ ਅਜਿਹੀ ਨੇਕੀ ਦਾ ਕੰਮ ਹੈ ਜਿਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਪਾਪੀ ਉੱਤੇ ਨਰਕਾਂ ਦਾ ਸੰਤਾਪ ਨਹੀਂ ਹੋ ਸਕਦਾ।

## 102

ਕਿਸ ਸ਼ਖ਼ਸ ਨੇ ਹੋਨਾ ਯਹਾਂ 'ਤਾਰਾਜ' ਨਹੀਂ ਹੈ *ਤਿਬਾਹ, ਮਰਨਾ*
ਕਿਆ ਦਮ ਕਾ ਭਰੋਸਾ ਕਿ ਥਾ ਕੱਲ੍ਹ ਆਜ ਨਹੀਂ ਹੈ
ਬੜ੍ਹ ਚੜ੍ਹਕੇ ਧਰਮ ਯੁੱਧ ਸੇ ਮਿਅਰਾਜ ਨਹੀਂ ਹੈ
ਮਰਗਿ 'ਸ਼ੁਹਦਾ' ਵਸਫ਼ ਕੀ ਮੁਹਤਾਜ ਨਹੀਂ ਹੈ *ਸ਼ਹੀਦਾਂ*
ਸਿੱਖੋਂ ਕੇ ਲੀਏ ਮੌਤ ਪਿ 'ਰਹਿਮਤ' ਕਾ ਸਬੱਬ ਹੈ। *ਮਿਹਰਬਾਨੀ*
ਰੱਬ ਹੋ ਗਿਆ ਜਿਨ ਭਗਤੋਂ ਕਾ ਉਨ ਕੇ ਲੀਏ ਸਭ ਹੈ।

ਕੌਣ ਹੈ ਜਿਸ ਨੇ ਇਥੇ ਮਰਨਾ ਨਹੀਂ ਹੈ। ਦਮ ਦਾ ਕੀ ਭਰੋਸਾ ਹੈ ਜੇ ਅੱਜ ਆਉਂਦਾ ਹੈ, ਕੱਲ੍ਹ ਆਵੇ ਕਿ ਨਾ। ਧਰਮ ਯੁੱਧ ਤੋਂ ਵੱਧ ਕੇ ਹੋਰ ਕੋਈ ਉੱਚੀ ਪੌੜੀ ਨਹੀਂ ਹੈ। ਸ਼ਹੀਦਾਂ ਦੀ ਮੌਤ ਕਿਸੇ ਸਿਫ਼ਤ ਦੀ ਮੁਹਤਾਜ ਨਹੀਂ ਹੁੰਦੀ। ਸਿੱਖਾਂ ਲਈ ਕੁਰਬਾਨੀ ਦੇਣਾ ਵਾਹਿਗੁਰੂ ਦੀ ਰਹਿਮਤ ਹੈ। ਜਿਨ੍ਹਾਂ ਦਾ ਰੱਬ ਰਾਖਾ ਹੈ। ਉਨ੍ਹਾਂ ਨੂੰ ਸਭ ਕੁੱਝ ਪ੍ਰਾਪਤ ਹੈ।


Sri Satguru Jagjit Singh Ji eLibrary NamdhariElibrary@gmail.com

## 103

ਭਗਵਾਨ ਹੋ ਖ਼ੁਸ਼ ਜਿਨ ਸੇ ਹੈ ਖ਼ੁਸ਼ਕੀ ਤਰੀ ਉਨਕੀ
ਰਹਤੀ ਹੈ ਹਰ ਇੱਕ ਫ਼ਸਲ ਮੇਂ ਖੇਤੀ ਹਰੀ ਉਨਕੀ
ਕਰਤਾਰ ਸਦਾ ਰਖਤੇ ਹੈਂ ਝੋਲੀ ਭਰੀ ਉਨਕੀ
'ਫ਼ਿਰਦੌਸ' ਭੀ ਉਨਕਾ ਹੈ, ਇੰਦਰਪੁਰੀ ਉਨਕੀ — ਸੁਰਗ
ਮਰ ਜਾਨਾ ਧਰਮ ਪਰ ਬਹੁਤ ਆਸਾਨ ਹੈ ਹਮ ਕੋ।
ਸਤਿਗੁਰ ਕੇ ਪਿਸਰ ਹੈਂ ਯਹੀ 'ਨਾਜ਼ਾਂ' ਹੈ ਹਮ ਕੋ। — ਫ਼ਖ਼ਰ ਹੈ

ਜਿਨ੍ਹਾਂ ਉੱਤੇ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ ਉਨ੍ਹਾਂ ਦੀਆਂ ਖਿਜ਼ਾਵਾਂ ਵੀ ਬਹਾਰਾਂਵਾਂਗ ਲੰਘਦੀਆਂ ਹਨ। ਉਨ੍ਹਾਂ ਦੀ ਖੇਤੀ ਹਰ ਫ਼ਸਲ ਵਿੱਚ ਹਰੀ ਹੀ ਰਹਿੰਦੀ ਹੈ ਤੇ ਪ੍ਰਮਾਤਮਾ ਉਨ੍ਹਾਂ ਦੀ ਝੋਲੀ ਸਦਾ ਭਰੀ ਰੱਖਦਾ ਹੈ। ਸੁਰਗ ਤੇ ਇੰਦਰਪੁਰੀ ਹੀ ਰਹਿੰਦੀ ਹੈ ਸਭ ਉਨ੍ਹਾਂ ਲੋਕਾਂ ਲਈ ਹੀ ਹੁੰਦੇ ਹਨ। ਸਾਨੂੰ ਆਪਣੇ ਧਰਮ ਉੱਤੇ ਮਰਨਾ ਬਹੁਤ ਸੌਖਾ ਲੱਗਦਾ ਹੈ। ਸਾਨੂੰ ਤਾਂ ਇਸ ਗੱਲ 'ਤੇ ਹੀ ਮਾਣ ਹੈ ਕਿ ਅਸੀਂ ਸਤਿਗੁਰੂ ਜੀ। ਤੁਹਾਡੇ ਪੁੱਤਰ ਹਾਂ।

## 104

ਭੌਰਰਾਈ ਸੀ ਅਵਾਜ਼ ਸੇ ਬੋਲੇ ਗੁਰੂ ਗੋਬਿੰਦ
ਪਾਲਾ ਹੈ ਤੁਮ੍ਹੇ ਨਾਜ਼ ਸੇ ਬੋਲੇ ਗੁਰੂ ਗੋਬਿੰਦ
ਰੋਕਾ ਨਹੀਂ ਆਗ਼ਾਜ਼ ਸੇ ਬੋਲੇ ਗੁਰੂ ਗੋਬਿੰਦ
ਉਸ ਨੰਨ੍ਹੇ ਸੇ ਜਾਂਬਾਜ਼ ਸੇ ਬੋਲੇ ਗੁਰੂ ਗੋਬਿੰਦ
'ਲੇ ਆਓ ਤਨਿ ਪਾਕ ਪੇ ਹਥਿਆਰ ਸਜਾ ਦੇਂ।
ਛੋਟੀ ਸੀ ਕਮਾਂ, ਨੰਨ੍ਹੀ ਸੀ ਤਲਵਾਰ ਸਜਾ ਦੇਂ।

ਇਹ ਸੁਣਕੇ ਭਰਵੀਂ ਜਿਹੀ ਅਵਾਜ਼ ਵਿੱਚ ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ ਕਿ ਮੈਂ ਤੁਹਾਨੂੰ ਬਹੁਤ ਪਿਆਰ ਨਾਲ ਪਾਲਿਆ ਹੈ। ਆਰੰਭ ਤੋਂ ਹੀ ਮੈਂ ਤੁਹਾਨੂੰ ਕਿਸੇ ਗੱਲੋਂ ਰੋਕਿਆ ਨਹੀਂ। ਛੋਟੇ ਬਹਾਦਰ ਪੁੱਤਰ ਨੂੰ ਬੋਲੇ, 'ਬੇਟਾ! ਆ ਤੇਰੇ ਪਵਿੱਤਰ ਸਰੀਰ ਨੂੰ ਹਥਿਆਰਾਂ ਨਾਲ ਲੈਸ ਕਰ ਦੇਵਾਂ ਅਤੇ ਛੋਟੀ ਜਿਹੀ ਕਮਾਨ ਤੇ ਨਿੱਕੀ ਜਿਹੀ ਤਲਵਾਰ ਸਜਾ ਦੇਵਾਂ।


Sri Satguru Jagjit Singh Ji eLibrary NamdhariElibrary@gmail.com

## 105

'ਹਮ ਦੇਤੇ ਹੈਂ ਖ਼ੰਜਰ ਉਸੇ ਸ਼ਮਸ਼ੀਰ ਸਮਝਨਾ
ਨੇਜ਼ੇ ਕੀ ਜਗਾਹ ਦਾਦਾ ਕਾ ਤੁਮ ਤੀਰ ਸਮਝਨਾ
ਜਿਤਨੇ ਮਰੇਂ ਉਸ ਸੇ ਉਨ੍ਹੇ ਬੇਪੀਰ ਸਮਝਨਾ
ਜ਼ਖ਼ਮ ਆਏ ਤੋ ਹੋਨਾ ਨਹੀਂ ਦਿਲਗੀਰ ਸਮਝਨਾ
ਜਬ ਤੀਰ ਕਲੇਜੇ ਮੇਂ ਲਗੇ 'ਸੀ' ਨਹੀਂ ਕਰਨਾ।
'ਉਫ਼' ਮੂੰਹ ਸੇ ਮੇਰੀ ਜਾਂ! ਕਭੀ ਭੀ ਨਹੀਂ ਕਰਨਾ।

ਮੈਂ ਜੋ ਖੰਜਰ ਪਕੜਾਉਂਦਾ ਹਾਂ, ਇਸ ਨੂੰ ਤਲਵਾਰ ਜਾਣ ਲੈਣਾ। ਨੇਜ਼ੇ ਦੀ ਥਾਂ ਆਪਣੇ ਦਾਦਾ ਜੀ ਦਾ ਤੀਰ ਸਮਝ ਲੈਣਾ। ਜਿੰਨੇ ਉਸ ਨਾਲ ਮਰਨ, ਸਮਝ ਲੈਣਾ ਕਿ ਉਹ ਸਾਰੇ ਹੀ ਨਿਗੁਰੇ ਸਨ। ਜੇ ਕੋਈ ਜ਼ਖ਼ਮ ਵੀ ਲੱਗ ਜਾਣ ਤਾਂ ਦਿਲ ਨਹੀਂ ਛੱਡਣਾ। ਜਦੋਂ ਕਲੇਜੇ ਵਿੱਚ ਤੀਰ ਵੀ ਲੱਗ ਜਾਵੇ ਤਾਂ ਸੀ ਨਹੀਂ ਕਰਨੀ ਅਤੇ ਹੇ ਮੇਰੇ ਬੱਚੇ! ਕਦੀ ਵੀ ਮੂੰਹੋਂ ਉਫ਼ ਨਹੀਂ ਕਰਨੀ।

## 106

'ਲੋ ਜਾਓ ਸਿਧਾਰੋ ਤੁਮ੍ਹੇਂ ਅੱਲਾਹ ਕੋ ਸੌਂਪਾ
ਮਰ ਜਾਓ ਯਾ ਮਾਰੋ ਤੁਮ੍ਹੇਂ ਅੱਲਾਹ ਕੋ ਸੌਂਪਾ
ਰੱਬ ਕੋ ਨਾ ਬਿਸਾਰੋ ਤੁਮ੍ਹੇਂ ਅੱਲਾਹ ਕੋ ਸੌਂਪਾ
ਸਿੱਖੀ ਕੋ ਉਭਾਰੋ ਤੁਮ੍ਹੇਂ ਅੱਲਾਹ ਕੋ ਸੌਂਪਾ
ਵਾਹਿਗੁਰੂ ਅਬ ਜੰਗ ਕੀ ਹਿੰਮਤ ਤੁਮ੍ਹੇਂ ਬਖ਼ਸ਼ੇ।
ਪਿਆਸੇ ਹੋ ਜਾਤ, ਜਾਮਿ-ਸ਼ਹਾਦਤ ਤੁਮ੍ਹੇਂ ਬਖ਼ਸ਼ੇ।'

ਲਓ ਬੇਟਾ! ਜਾਵੋ ਮੈਂ ਤੈਨੂੰ ਅੱਲ੍ਹਾ ਦੇ ਹਵਾਲੇ ਕਰ ਦਿੱਤਾ ਹੈ। ਹੁਣ ਸ਼ਹੀਦ ਹੋ ਜਾਵੇਂ ਜਾਂ ਦੁਸ਼ਮਣ ਨੂੰ ਮਾਰ ਮਕਾਵੇਂ। ਪਰ ਪ੍ਰਮਾਤਮਾ ਨੂੰ ਨਾ ਭੁਲਣਾ ਤੇ ਉਸ ਨੂੰ ਯਾਦ ਰੱਖ ਕੇ ਸਿੱਖੀ ਨੂੰ ਪ੍ਰਫੁੱਲਿਤ ਕਰੇ। ਹੁਣ ਪ੍ਰਮਾਤਮਾ ਤੈਨੂੰ ਜੰਗ ਕਰਨ ਦੀ ਹਿੰਮਤ ਬਖ਼ਸ਼ੇ। ਪਿਆਸੇ ਰਹਿ ਕੇ ਵੀ ਸ਼ਹੀਦੀ ਪਿਆਲਾ ਪੀਂਦੇ ਰਹਿਣਾ।


Sri Satguru Jagjit Singh Ji eLibrary NamdhariElibrary@gmail.com

107

'ਬੇਟਾ! ਹੇ ਤੁਮ੍ਹੀ ਪੰਥ ਕੇ ਬੇੜੇ ਕੇ ਖਿਵੱਈਆ
ਸਰ ਭੇਂਟ ਕਰੋ ਤਾ ਕਿ ਚਲੇ ਧਰਮ ਕੀ ਨੱਈਆ
ਲੇ ਦੇ ਕੇ ਤੁਮ੍ਹੀ ਥੇ ਮਿਰੇ ਗੁਲਸ਼ਨ ਕੇ ਬਚੱਈਆ
ਲੇ ਜਾਓ ਕਿ ਰਾਹ ਤਕਤੇ ਹੈਂ ਸਭ ਖ਼ੁਲਦ ਮੇਂ ਭੱਈਆ।
ਖ਼ਾਹਸ਼ ਹੈ ਤੁਮ੍ਹੇ ਤੇਗ਼ ਚਲਾਤੇ ਹੁਏ ਦੇਖੇਂ।
ਹਮ ਆਂਖ ਸੇ ਬਰਛੀ ਤੁਮ੍ਹੇ ਖਾਤੇ ਹੁਏ ਦੇਖੇਂ।'

ਪੁੱਤਰਾ! ਤੁਸੀਂ ਹੀ ਪੰਥ ਦੀ ਕਿਸ਼ਤੀ ਦੇ ਮਲਾਹ ਹੋ। ਧਰਮ ਦੀ ਕਿਸ਼ਤੀ ਨੂੰ ਤੋਰੀ ਰੱਖਣ ਲਈ ਆਪਣੀ ਜਾਨ ਕੁਰਬਾਨ ਕਰ ਦੇਵੋ। ਤੁਸੀਂ ਹੀ ਲੈ ਦੇ ਕੇ ਮੇਰੇ ਬਾਗ਼ ਦੇ ਬਾਕੀ ਬਚੇ ਫੁੱਲ ਸੀ। ਤੁਸੀਂਵੀ ਜਾਵੋ ਕਿਉਂਕਿ ਤੁਹਾਡੇ ਭਰਾ ਸੁਰਗ ਵਿੱਚੋਂ ਤੁਹਾਡੀ ਰਾਹ ਵੱਲ ਤੱਕ ਕੇ ਉਡੀਕ ਰਹੇ ਹਨ। ਮੇਰੀ ਦਿਲੀ ਇੱਛਾ ਹੈ ਕਿ ਮੈਂ ਰਣ ਤੱਤੇ ਵਿੱਚ ਤੈਨੂੰ ਤਲਵਾਰ ਚਲਾਉਂਦਿਆਂ ਤੱਕਾਂ ਤੇ ਆਪਣੀਆਂ ਅੱਖਾਂ ਨਾਲ ਤੇਰੇ ਸਰੀਰ ਉੱਤੇ ਬਰਛੀ ਲੱਗਦੀ ਵੇਖਾਂ।

108

ਦਾਦਾ ਸੇ ਮਿਲੋ ਸੁਰਗ ਮੇਂ ਜਿਸ ਦਮ ਤੋ ਯਿਹ ਕਹਨਾ
ਦੋ ਚਾਰ ਹੋਂ ਗਰ ਖ਼ੁਲਦ ਮੇਂ ਆਦਮ ਤੋ ਯਿਹ ਕਹਨਾ
ਜਬ ਭੇਸ ਮੇਂ ਨਾਨਕ ਕੇ ਮਿਲੇਂ ਹਮ ਤੋ ਯਿਹ ਕਹਨਾ
ਪਾਏਂ ਕਹੀਂ ਗੋਬਿੰਦ ਕਾ ਮਹਿਰਮ ਤੋ ਯਿਹ ਕਹਨਾ
ਆਜ਼ਾਦ ਕਰਾਇਆ ਬਨੀ ਆਦਮ ਕੇ ਗਲੇ ਕੋ।
ਕਟਵਾ ਦੀਏ ਬੱਚੇ ਭੀ ਮੁਰੀਦੋਂ ਕੇ ਭਲੇ ਕੋ।

ਜੇ ਤੁਸੀਂ ਸੁਰਗਾਂ ਵਿੱਚ ਆਪਣੇ ਦਾਦਾ ਜੀ ਨੂੰ ਮਿਲੋ, ਉਥੇ ਦੋ-ਚਾਰ ਹੋਰ ਬੰਦੇ ਵੀ ਹੋਏ ਤਾਂ ਉਹਨਾਂ ਨੂੰ ਕਹਿਣਾ, ਨਾਨਕ ਦੇ ਭੇਸ ਵਿੱਚ ਮੈਂ ਮਿਲਿਆ ਅਤੇ ਮੇਰਾ ਹੋਰ ਕੋਈ ਪਿਆਰਾ ਮਿਲਿਆ ਤਾਂ ਕਹਿਣਾ ਕਿ ਅਸੀਂ ਮਾਨਵ ਨੂੰ ਅਜ਼ਾਦ ਕਰਾ ਦਿੱਤਾ ਹੈ ਅਤੇ ਜਨਤਾ ਦੇ ਭਲੇ ਲਈ ਬੱਚੇ ਵੀ ਸ਼ਹੀਦ ਕਰਾ ਦਿੱਤੇ ਹਨ।


Sri Satguru Jagjit Singh Ji eLibrary NamdhariElibrary@gmail.com

109

ਜਬ ਫ਼ਤ੍ਹੇ ਗਾਜਾ ਕਰ ਗਏ ਜੁਝਾਰ ਥੇ ਰਨ ਮੇਂ
ਹਰ ਸ਼ੇਰ ਬਘੇਲਾ ਨਜ਼ਰ ਆਨੇ ਲਗਾ ਬਨ ਮੇਂ
ਨੰਨ੍ਹੀ ਸੀ 'ਕ਼ਜ਼ਾ' ਬੋਲੀ, ਮੈਂ ਆਈ ਹੂੰ ਸ਼ਰਨ ਮੇਂ *ਮੌਤ*
ਦਿਲਵਾਉ 'ਅਮਾਂ' 'ਗੋਸ਼ਾਇ ਦਾਮਾਨੇ ਕਫ਼ਨ' ਮੇਂ *ਪਨਾਹ, ਕਫ਼ਨ ਦੇ ਦਾਮਨ ਦੇ ਕੋਨੇ ਵਿੱਚ*

ਮੈਂ ਜਿਸਕੇ ਹੂੰ ਕਬਜ਼ੇ ਮੇਂ ਵੁਹ ਕਾਬੂ ਮੇਂ ਹੈ ਮੇਰੇ।
ਗੁਰਿਆਈ ਕਾ ਬਲ ਨੰਨ੍ਹੇ ਸੇ ਬਾਜ਼ੂ ਮੇਂ ਹੈ ਮੇਰੇ।

ਜਦੋਂ ਜੁਝਾਰ ਸਿੰਘ ਫ਼ਤਹਿ ਬੁਲਾ ਕੇ ਮੈਦਾਨ ਵਿੱਚ ਗਏ ਸਨ। ਬਣ ਵਿੱਚ ਹਰ ਕੋਈ ਸ਼ੇਰ ਬਘੇਲਾ ਦਿੱਸਣ ਲੱਗਿਆ ਤਾਂ ਮੌਤ ਨੇ ਆਪਣੇ ਆਉਣ ਦਾ ਸੁਨੇਹਾ ਦਿੱਤਾ ਕਿ ਮੈਨੂੰ ਕਫ਼ਨ ਦੇ ਕੋਨੇ ਦੇ ਵਿੱਚ ਪਨਾਹ ਦੇ ਦੇਵੋ। ਹੁਣ ਮੈਂ ਜਿਸਦੇ ਕਾਬੂ ਸਾਂ, ਉਹ ਮੇਰੇ ਕਾਬੂ ਵਿੱਚ ਹੈ ਤੇ ਗੁਰਿਆਈ ਦੀ ਸ਼ਕਤੀ ਮੇਰੇ ਛੋਟੇ ਜਿਹੇ ਬਾਜ਼ੂ ਵਿੱਚ ਹੈ।

110

ਦਸ ਬੀਸ ਕੋ ਜ਼ਖ਼ਮੀ ਕੀਆ ਦਸ ਬੀਸ ਕੋ ਮਾਰਾ
ਇੱਕ ਹਮਲੇ ਮੇਂ ਇਸ ਏਕ ਨੇ ਇੱਕੀਸ ਕੋ ਮਾਰਾ
'ਖੰਨਾਸ' ਕੋ ਮਾਰਾ ਕਭੀ ਇਬਲੀਸ ਕੋ ਮਾਰਾ *ਦੇਓ*
ਗੁਲ ਮਚ ਗਿਆ ਇਕ 'ਤਿਫ਼ਲ' ਨੇ ਚਾਲੀਸ ਕੋ ਮਾਰਾ *ਬੱਚਾ*

'ਬਚ ਬਚ ਕੇ ਲੜੋ ਕਲਗੀਓਂ ਵਾਲੇ ਕੇ ਪਿਸਰ ਸੇ।
ਯਿਹ 'ਨੀਮਚਾ' ਲਾਏ ਹੈਂ ਗੁਰੂ ਜੀ ਕੀ ਕਮਰ ਸੇ। *ਛੋਟਾ ਤੇਗਾ*

ਉਸਨੇ ਦਸ ਵੀਹ ਵਿਅਕਤੀ ਮਾਰੇ ਅਤੇ ਹੋਰ ਦਸ-ਵੀਹ ਜ਼ਖ਼ਮੀ ਕੀਤੇ। ਹਰ ਹਮਲੇ ਵਿੱਚ ਇਸ ਕੱਲੇ ਨੇ ਇੱਕੀ ਜਣਿਆਂ ਨੂੰ ਖ਼ਤਮ ਕਰ ਦਿੱਤਾ। ਕਦੀ ਕੋਈ ਦਿਓ ਮਾਰ ਮੁਕਾਇਆ ਤੇ ਕਦੀ ਕੋਈ ਸ਼ੈਤਾਨ ਪਾਰ ਬੁਲਾਇਆ। ਸ਼ੋਰ ਮੱਚ ਗਿਆ ਕਿ ਇਕ ਛੋਟੇ ਜਿਹੇ ਬੱਚੇ ਨੇ ਚਾਲ੍ਹੀ ਬੰਦੇ ਦੁਸ਼ਮਣ ਦੇ ਉਡਾ ਦਿੱਤੇ। ਦੁਸ਼ਮਣ ਦੇ ਸਿਪਾਹੀ ਉੱਚੀ-ਉੱਚੀ ਪੁਕਾਰ ਰਹੇ ਸੀ 'ਕਲਗ਼ੀ ਵਾਲੇ ਦੇ ਪੁੱਤਰ ਨਾਲ ਬੱਚ ਕੇ ਲੜੋ। ਇਸ ਪਾਸ ਗੁਰੂ ਜੀ ਵਾਲਾ ਨਿੱਕਾ ਤੇਗਾ ਹੈ।'


Sri Satguru Jagjit Singh Ji eLibrary NamdhariElibrary@gmail.com

## 111

ਸ਼ਹਿਜ਼ਾਦੇ ਕੇ ਹਰਬੇ ਸੇ 'ਸ਼ੁਜਾਅ ਓ ਜਰੀ' ਹਾਰੇ ਬਹਾਦਰ, ਜੋਧੇ
ਜੀ ਦਾਰੋਂ ਕੇ ਜੀ ਛੂਟ ਗਏ ਸਭ 'ਕਵੀ' ਹਾਰੇ ਤਾਕਤਵਰ
ਮਾਸੂਮ ਸੇ ਬਾਜ਼ੀ ਵੋਹ ਸਭੀ ਲਸ਼ਕਰੀ ਹਾਰੇ
ਕਮਜ਼ੋਰ ਸੇ ਨਿਰਬਲ ਸੇ ਹਜ਼ਾਰੋਂ ਬਲੀ ਹਾਰੇ
ਮੈਦਾਂ ਮੇਂ ਜਬ ਭਾਈ ਕਾ ਲਾਸ਼ਾ ਨਜ਼ਰ ਆਇਆ।
ਘੋੜੇ ਸੇ ਵੋਹ ਮਾਸੂਮ 'ਦਿਲਾਵਰ' ਉਤਰ ਆਇਆ। ਬਹਾਦਰ

ਸ਼ਹਿਜ਼ਾਦੇ ਪਾਸੋਂ ਵੱਡੇ-ਵੱਡੇ ਬਹਾਦਰ ਹਾਰ ਗਏ। ਹੌਸਲੇ ਵਾਲਿਆਂ ਦੇ ਹੌਸਲੇ ਟੁੱਟ ਗਏ ਤੇ ਬਲੀ ਬੇਵੱਸ ਹੋ ਗਏ। ਵੱਡੇ ਲਸ਼ਕਰ ਵਾਲੇ ਇੱਕ ਮਾਸੂਮ ਪਾਸੋਂ ਹਾਰ ਖਾ ਗਏ ਅਤੇ ਹਜ਼ਾਰਾਂ ਦੀ ਤਾਦਾਦ ਵਿੱਚ ਬਹਾਦਰ ਛੋਟੇ ਜਿਹੇ ਸ਼ੇਰ ਪਾਸੋਂ ਭੱਜ ਗਏ। ਪਰ ਜਦੋਂ ਉਸ ਨੂੰ ਮੈਦਾਨ ਵਿੱਚ ਆਪਣੇ ਭਰਾ ਦੀ ਲਾਸ਼ ਦਿੱਸੀ ਤਾਂ ਝੱਟ ਆਪਣੇ ਘੋੜੇ ਤੋਂ ਹੇਠਾਂ ਉਤਰਿਆ।

## 112

ਸਰ ਗੋਦ ਮੇਂ ਲੇ ਕਰ ਕਹਾ ਭਾਈ ਸੇ, 'ਬੋਲੋ
ਇਸ 'ਖ਼ਾਬੇ-ਗਿਰਾਂ' ਸੇ ਕਹੀਂ ਹੁਸ਼ਿਆਰ ਤੋ ਹੋ ਲੋਂ ਗੂੜ੍ਹੀ ਨੀਂਦ
ਹਮ ਕੌਨ ਹੈਂ ਦੇਖੋ ਤੋ ਜ਼ਰਾ ਆਂਖ ਤੋ ਖੋਲੋ
ਸੋਨੇ ਕੀ ਹੀ ਠਾਨੀ ਹੈ ਅਗਰ ਮਿਲ ਕੇ ਤੋ ਸੋ ਲੇਂ
ਭਾਈ ਤੁਮਹੇਂ ਜਬ 'ਗੰਜਿ ਸ਼ਹੀਦਾਂ' ਕੀ ਜ਼ਮੀਂ ਹੈ।
ਠਾਨੀ ਹੂਈ ਹਮ ਨੇ ਭੀ ਬਸੇਰੇ ਕੀ ਯਹੀਂ ਹੈ।'

ਭਾਈ ਦਾ ਸਿਰ ਗੋਦੀ ਵਿੱਚ ਲੈ ਕਹਿਣ ਲੱਗਿਆ, 'ਵੀਰਾ! ਹੁਣ ਗੂੜ੍ਹੀ ਨੀਂਦੋਂ ਜਾਗ ਤੇ ਹੁਸ਼ਿਆਰ ਹੋ। ਅੱਖ ਖੋਲ੍ਹ ਕੇ ਤੱਕ ਕਿ ਮੈਂ ਕੌਣ ਹਾਂ। ਜੇ ਸੌਣਾ ਹੀ ਚਾਹੁੰਦਾ ਹੈ ਤਾਂ ਆਪਾਂ ਮਿਲ ਕੇ ਹੀ ਸੌਂ ਲਈਏ। ਵੀਰਾ ਜਦੋਂ ਤੈਨੂੰ ਸ਼ਹੀਦਾਂ ਦੇ ਖ਼ਜ਼ਾਨੇ ਦੀ ਧਰਤੀ ਪ੍ਰਵਾਨ ਹੈ ਤਾਂ ਮੈਂ ਵੀ ਤੇਰੇ ਪਾਸ ਹੀ ਆਪਣੇ ਰਹਿਣ ਦੀ ਠਾਣ ਲਈ ਹੈ।'



Sri Satguru Jagjit Singh Ji eLibrary NamdhariElibrary@gmail.com

## 113

ਇਤਨੇ ਮੇਂ 'ਖ਼ਦੰਗ' ਆ ਕੇ ਲਗਾ ਹਾਇ ਜਿਗਰ ਮੇਂ *ਤੀਰ*
ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ
'ਤਾਰੀਕ' ਜ਼ਮਾਨਾ ਹੂਆ ਸਤਿਗੁਰ ਕੀ ਨਜ਼ਰ ਮੇਂ *ਹਨ੍ਹੇਰਾ*
ਤੂਫ਼ਾਨ ਉਠਾ, ਖ਼ਾਕ ਉਡੀ, 'ਬਹਰ' ਮੇਂ 'ਬਰ' ਮੇਂ *ਜਲ, ਥਲ*
ਤਿਊਰਾ ਕੇ ਗਿਰਾ ਲਖ਼ਤਿ ਜਿਗਰ ਲੱਖ਼ਤਿ ਜਿਗਰ ਪਰ।
ਕਿਆ ਗੁਜ਼ਰੀ ਹੈ ਇਸ ਵਕ੍ਤ ਕਹੂੰ ਕਿਆ ਮੈਂ ਪਿਦਰ ਪਰ।

ਏਨੇ ਨੂੰ ਇੱਕ ਤੀਰ ਜਿਗਰ ਵਿੱਚ ਆ ਲੱਗਿਆ। ਇਸ ਤਰ੍ਹਾਂ ਲੱਗਦਾ ਸੀ ਕਿ ਤੀਰ ਨਹੀਂ ਸਗੋਂ ਫੁੱਲ ਸਰੀਰ ਵਿੱਚ ਕੰਡਾ ਹੈ। ਸਤਿਗੁਰੂ ਦੀ ਨਜ਼ਰ ਵਿੱਚ ਸੰਸਾਰ ਵਿੱਚ ਮਾਨੋ ਹਨ੍ਹੇਰ ਪੈ ਗਿਆ ਤੇ ਜਲ-ਥਲ ਵਿੱਚ ਤੂਫ਼ਾਨ ਆ ਗਿਆ, ਹਨ੍ਹੇਰੀ ਆ ਗਈ। ਇੱਕ ਦਿਲ ਦਾ ਟੁਕੜਾ ਦੂਜੇ ਦਿਲ ਦੇ ਟੁਕੜੇ ਤੇ ਵਲ ਖਾ ਕੇ ਡਿੱਗ ਗਿਆ। ਮੈਂ ਕੀ ਕਹਾਂ ਕਿ ਉਸ ਵੇਲੇ ਬਾਪ ਉੱਤੇ ਕੀ ਬੀਤੀ ਹੋਵੇਗੀ।

## 114

ਥੇ ਚਾਹਤੇ ਪੇਵੰਦ ਕਰੇਂ ਖ਼ਾਕ ਕਾ ਸਭ ਕੋ
'ਹਾਤਿਫ਼' ਨੇ ਕਹਾ ਕਾਮ ਮੇਂ ਲਾਨਾ ਨ ਗ਼ਜ਼ਬ ਕੋ *ਗ਼ੈਬੀ ਫ਼ਰਿਸ਼ਤਾ*
ਲੜਨਾ ਨਹੀਂ ਮਨਜ਼ੂਰ ਹੈ ਆਪ ਕਾ ਰੱਬ ਕੋ
ਯਿਹ ਸੁਨ ਕੇ ਗੁਰੂ ਭੂਲ ਗਏ 'ਰੰਜੋ ਤਅੱਬ' ਕੋ *ਗਿਲਾ ਸ਼ਿਕਵਾ*
ਕ਼ਬਜ਼ੇ ਸੇ 'ਮੁਆਨਨ' ਤੇਗ਼ ਕੇ ਫਿਰ ਹਾਥ ਉਠਾਯਾ। ਛੋੜਨ
ਸਤਿਗੁਰ ਨੇ ਵਹੀਂ ਸਜਦਾਇ ਸ਼ੁਕਰਾਨਾ ਬਜਾਯਾ।

ਗੁਰੂ ਜੀ ਚਾਹੁੰਦੇ ਸਨ ਕਿ ਸਾਰਿਆਂ ਨੂੰ ਮਿੱਟੀ ਦੇ ਟੁਕੜੇ ਬਣਨ ਦਈਏ ਪਰ ਗ਼ੈਬੀ ਫ਼ਰਿਸ਼ਤੇ ਨੇ ਰੋਕ ਦਿੱਤਾ ਕਿ ਹੁਣ ਪ੍ਰਮਾਤਮਾ ਨੂੰ ਤੇਰਾ ਲੜਨਾ ਪ੍ਰਵਾਨ ਨਹੀਂ ਹੈ। ਇਹ ਗੱਲ ਸੁਣ ਗੁਰੂ ਜੀ ਚਿੰਤਾ, ਫ਼ਿਕਰ, ਗ਼ੁੱਸਾ ਗਿਲਾ ਸਭ ਭੁੱਲ ਗਏ ਤੇ ਤਲਵਾਰ ਤੋਂ ਛੋਰਨ ਹੱਥ ਚੁੱਕ ਲਿਆ ਤੇ ਉੱਥੇ ਹੀ ਪ੍ਰਮਾਤਮਾ ਦਾ ਸ਼ੁਕਰ ਅਦਾ ਕੀਤਾ।


Sri Satguru Jagjit Singh Ji eLibrary NamdhariElibrary@gmail.com

## 115

ਯਾਕੂਬ ਕੋ ਯੂਸਫ਼ ਕੇ ਬਿਛੜਨੇ ਨੇ ਰੁਲਾਯਾ।
ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ।
ਕਟਵਾਕੇ ਪਿਸਰ ਚਾਰ ਇਕ ਆਂਸੂ ਨਾ ਗਿਰਾਯਾ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਯਾ।
    ਫ਼ੈਜ਼ਕ ਮੇਂ ਫਿਰੇ ਰਾਮ ਤੋ ਸੀਤਾ ਥੀ ਬਗਲ ਮੇਂ।
    ਯੂਹ ਫ਼ਖਰਿ ਜਹਾਂ, ਹਿੰਦ ਕੀ ਮਾਤਾ ਥੀ ਬਗਲ ਮੇਂ।

ਯਾਕੂਬ ਆਪਣੇ ਪੁੱਤਰ ਯੂਸਫ਼ ਦੀ ਜੁਦਾਈ ਤੇ ਉਮਰ ਭਰ ਰੋਂਦਾ ਰਿਹਾ। ਸਾਰੇ ਹੀ ਰਸੂਲਾਂ ਵਿੱਚ ਇਸ ਤਰ੍ਹਾਂ ਦਾ ਯਾਨੀ ਗੁਰੂ ਜੀ ਵਰਗਾ ਸਬਰ ਸਬੂਰੀ ਵਾਲਾ ਕੋਈ ਹੀ ਹੋਇਆ ਹੈ ਕਿ ਜਿਸ ਨੇ ਚਾਰ ਬੇਟੇ ਕਟਵਾ ਕੇ ਵੀ ਇਕ ਹੰਝੂ ਨਹੀਂ ਸੁੱਟਿਆ। ਗੁਰੂ ਜੀ ਨੇ ਮਹਾਨ ਰਿਸ਼ੀਆਂ ਵਾਲਾ ਮਰਤਬਾ ਪ੍ਰਾਪਤ ਕੀਤਾ ਹੈ। ਰਾਮ ਜੀ ਜੇ ਬਨਵਾਸ ਵਿੱਚ ਗਏ ਤਾਂ ਸੀਤਾ ਨਾਲ ਸੀ ਪਰ ਗੁਰੂ ਜੀ ਜਹਾਨ ਦੇ ਮਾਣ, ਹਿੰਦ ਮਾਤਾ ਨੂੰ ਨਾਲ ਲੈ ਘੁੰਮਦੇ ਰਹੇ।

## 116

ਲਛਮਨ ਸਾ ਬਿਰਾਦਰ ਪਏ ਤਸਕੀਨਿ ਜਿਗਰ ਥਾ
ਸੀਤਾ ਸੀ ਪਤੀਬ੍ਰਤਾ ਸੇ ਬਨ ਰਾਮ ਕੋ ਘਰ ਥਾ
ਬਾਕੀ ਹੈ ਕਨ੍ਹਈਆ ਤੋ ਨਹੀਂ ਉਨਕਾ 'ਪਿਸਰ' ਥਾ — ਪੁੱਤਰ
ਸੱਚ ਹੈ ਗੁਰੂ ਗੋਬਿੰਦ ਕਾ ਰੁਤਬਾ ਹੀ 'ਦਿਗਰ' ਥਾ — ਹੋਰ
    ਕਟਵਾ ਦੀਏ ਸ਼ਿਸ਼, ਸ਼ਾਮ ਨੇ ਗੀਤਾ ਕੋ ਸੁਨਾ ਕਰ।
    ਯੂਹ ਫ਼ੂੰਕ ਦੀ ਗੋਬਿੰਦ ਨੇ ਔਲਾਦ ਕਟਾ ਕਰ।

ਤਸੱਲੀ ਦੇਣ ਲਈ ਰਾਮ ਨਾਲ ਉਸਦਾ ਭਰਾ ਸੀ। ਸੀਤਾ ਪਤੀ ਵਰਤਾ ਨਾਲ ਸੀ ਜਿਸ ਕਰਕੇ ਜੰਗਲ ਵਿੱਚ ਘਰ ਵਾਂਗ ਰਹਿੰਦੇ ਸਨ। ਗੁਰੂ ਜੀ ਦਾ ਤਾਂ ਪੁੱਤਰ ਸੀ ਕੋਈ ਕਨ੍ਹਈਆ ਨਹੀਂ ਸੀ। ਸੱਚੀ ਗੱਲ ਤਾਂ ਇਹ ਹੈ ਕਿ ਗੁਰੂ ਗੋਬਿੰਦ ਸਿੰਘ ਦੀ ਤਾਂ ਪਦਵੀ ਹੀ ਵੱਖਰੀ ਸੀ। ਸ਼ਾਮ ਕ੍ਰਿਸ਼ਨ ਨੇ ਗੀਤਾ ਦੇ ਉਪਦੇਸ਼ ਸੁਣਾ ਕੇ ਸਾਰੇ ਹੀ ਉਪਾਸ਼ਕ ਕਤਲ ਕਰਵਾ ਦਿੱਤੇ ਪਰ ਗੁਰੂ ਗੋਬਿੰਦ ਸਿੰਘ ਨੇ ਸਾਰੀ ਔਲਾਦ ਕਟਵਾ ਕੇ ਅਜਬ ਮਿਸਾਲ ਪੈਦਾ ਕਰ ਦਿੱਤੀ।

ਬੇਚੈਨ ਹੈ ਅਬ, ਖ਼ਾਲਸਾ ਜੀ ਰੰਜ ਕੇ ਮਾਰੇ
ਦਿਲ ਪਰ 'ਗ਼ਮੋ ਅੰਦੋਹ' ਸੇ ਚਲਨੇ ਲਗੇ ਆਰੇ
ਖ਼ਾਮੋਸ਼ ਤੜਪਨੇ ਲਗੇ ਸਤਿਗੁਰ ਕੇ ਪਿਆਰੇ।
'ਜੋਗੀ ਜੀ' ਕਹੋ ਪੰਥ ਸੇ ਅਬ ਫ਼ਤਹਿ ਪੁਕਾਰੇ।
ਛਾਯਾ ਹੂਆ ਦੀਵਾਨ ਪੇ, ਅਬ ਗ਼ਮ ਕਾ ਸਮਾਂ ਹੈ।
ਬਸ ਖ਼ਤਮ ਸ਼ਹੀਦੋਂ ਕੀ, ਸ਼ਹਾਦਤ ਕਾ ਬਿਆਂ ਹੈ।

ਚਿੰਤਾ ਫ਼ਿਕਰ

ਹੁਣ ਚਿੰਤਾ ਤੇ ਦੁੱਖ ਦੇ ਮਾਰੇ ਖ਼ਾਲਸਾ ਬੇਚੈਨ ਹੋਇਆ ਦਿਸਦਾ ਸੀ। ਕਿਉਂਕਿ ਅਫ਼ਸੋਸ ਦੇ ਆਰੇ ਨਾਲ ਫ਼ਿਕਰ ਰੂਪੀ ਆਰੇ ਚੱਲਣ ਲੱਗ ਪਏ ਸੀ। ਸਤਿਗੁਰਾਂ ਦੇ ਪਿਆਰੇ ਸਿੱਖ ਚੁੱਪ-ਚਾਪ ਤੜਫ ਰਹੇ ਸਨ। ਇਸ ਹਾਲਤ ਨੂੰ ਮਹਿਸੂਸ ਕਰਕੇ ਮੈਂ 'ਜੋਗੀ' ਪੰਥ ਨੂੰ ਫ਼ਤਹਿ ਬੁਲਾਉਂਦਾ ਹਾਂ। ਪੁਸਤਕ ਉੱਤੇ ਹੁਣ ਮਾਤਮ ਛਾ ਗਿਆ ਹੈ ਤੇ ਅਫ਼ਸੋਸ ਕਰਨ ਦਾ ਵਕਤ ਹੈ। ਇਸ ਲਈ ਸ਼ਹੀਦਾਂ ਦੀ ਸ਼ਹੀਦੀ ਦਾ ਬਿਆਨ ਖ਼ਤਮ ਕਰਦਾ ਹਾਂ।

10-9-07.

Sri Satguru Jagjit Singh Ji eLibrary NamdhariElibrary@gmail.com

# ਹਾਲਤਿ ਚਮਕੌਰ—ਚਮਕੌਰ ਦੀ ਹਾਲਤ

ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ।
ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਏ।
ਚਮਕ ਹੈ 'ਮਿਹਰ' ਕੀ ਚਮਕੌਰ! ਤੇਰੇ ਜ਼ੱਰੇ ਮੇਂ,
ਯਹੀਂ ਸੇ ਬਨਕੇ ਸਤਾਰੇ ਗਏ ਸਮਾ ਕੇ ਲੀਏ।

ਭਾਰਤ ਵਿੱਚ ਯਾਤਰਾ ਦੇ ਲਈ ਸਿਰਫ਼ ਇਕੋ ਹੀ ਤੀਰਥ ਹੈ ਜਿਥੇ ਇੱਕ ਬਾਪ ਨੇ ਪਰਮਾਤਮਾ ਦੇ ਹੁਕਮ ਅਨੁਸਾਰ ਬੇਟੇ ਕਤਲ ਕਰਵਾ ਦਿੱਤੇ। ਐ ਚਮਕੌਰ! ਤੇਰੇ ਕਿਣਕੇ ਕਿਣਕੇ ਉੱਤੇ ਵਾਹਿਗੁਰੂ ਦੀ ਮਿਹਰ ਹੈ। ਆਸਮਾਨ ਨੂੰ ਚਮਕਾਉਣ ਲਈ ਏਥੋਂ ਹੀ ਸਤਾਰੇ ਆਪਣਾ ਰੂਪ ਧਾਰ ਕੇ ਗਏ ਹਨ।

ਗੁਰੂ ਗੋਬਿੰਦ ਕੇ ਲਖ਼ਤਿ ਜਿਗਰ ਅਜੀਤੋ ਜੁਝਾਰ।
ਫ਼ਲਕ ਪਿ ਇਕ ਯਹਾਂ ਦੋ ਚਾਂਦ ਹੈਂ ਜ਼ਿਯਾ ਕੇ ਲੀਏ।
ਦੱਕਨ ਮੇਂ ਦੂਰ ਮਰਕਦ ਹੈ ਹਜ਼ੂਰ ਸਾਹਿਬ ਕਾ,
ਪਹੁੰਚਨਾ ਜਿਸ ਜਗਾਹ ਮੁਸ਼ਕਿਲ ਹੈ ਬੇਨਵਾ ਕੇ ਲੀਏ।

ਗੁਰੂ ਗੋਬਿੰਦ ਸਿੰਘ ਦੀ ਜਾਨ ਦੇ ਟੁਕੜੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਹੀ ਹਨ ਜੋ ਧਰਤੀ ਤੇ ਦੋ ਚੰਦਾਂ ਸਮਾਨ ਰੌਸ਼ਨੀ ਦੇ ਰਹੇ ਹਨ ਜਦ ਕਿ ਅਸਮਾਨ ਉੱਤੇ ਇੱਕੋ ਚੰਦ ਹੈ। ਮਹਾਰਾਜ ਦਾ ਅੰਤਮ ਠਿਕਾਨਾ ਦੂਰ ਦੱਖਣ ਵਿੱਚ ਮੌਜੂਦ ਹੈ, ਜਿਥੇ ਗ਼ਰੀਬ ਲੋਕਾਂ ਲਈ ਪੁੱਜਣਾ ਔਖਾ ਹੈ।

ਭਟਕਤੇ ਫਿਰਤੇ ਹੈਂ ਕਿਉਂ, ਹੱਜ ਕਰੇਂ ਯਹਾਂ ਆ ਕਰ,
ਯਿ ਕਾਅਬਾ ਪਾਸ ਹੈ ਹਰ ਇੱਕ ਖ਼ਾਲਸਾ ਕੇ ਲੀਏ।
ਯਹਾਂ ਵੁਹ ਲੇਟੇ ਹੈਂ ਸਤਲੁਜ ਨੇ ਜੋਸ਼ ਮੇਂ ਆ ਕਰ,
ਚਰਨ ਹਜ਼ੂਰ ਕੇ ਨਹਰੇਂ ਬਹਾ, ਬਹਾ ਕੇ ਕੇ ਲੀਏ।

ਲੋਕ ਪਤਾ ਨਹੀਂ ਕਿਉਂ ਭਟਕਦੇ ਫਿਰ ਰਹੇ ਹਨ। ਉਹਨਾਂ ਨੂੰ ਏਥੇ ਦਾ ਹੱਜ ਕਰਨਾ ਚਾਹੀਦਾ ਹੈ ਜੋ ਹਰ ਖ਼ਾਲਸੇ ਲਈ ਕਾਅਬਾ ਹੀ ਹੈ। ਏਥੇ ਉਸ ਗੁਰੂ ਦੇ ਦੁਲਾਰੇ ਲੇਟੇ ਹੋਏ ਹਨ ਜਿਨ੍ਹਾਂ ਦੇ ਚਰਨਾਂ ਦੀ ਛੋਹ ਸਤਲੁਜ ਨੇ ਵੀ ਨਹਿਰਾਂ ਬਹਾ-ਬਹਾ ਕੇ ਪ੍ਰਾਪਤ ਕੀਤੀ ਸੀ।



Sri Satguru Jagjit Singh Ji eLibrary NamdhariElibrary@gmail.com

ਮਜ਼ਾਰ ਗੰਜਿ ਸ਼ਹੀਦਾਂ ਹੈ ਉਨ ਸ਼ਹੀਦੋਂ ਕਾ,
ਫ਼ਰਿਸ਼ਤੇ ਜਿਨਕੀ ਤਰਸਤੇ ਥੇ ਖ਼ਾਕਿ ਪਾ ਕੇ ਲੀਏ।
ਉਠਾਏਂ ਆਂਖੋਂ ਸੇ ਆ ਕਰ ਯਹਾਂ ਕੀ ਮਿੱਟੀ ਕੋ,
ਜੋ ਖ਼ਾਕ ਛਾਨਤੇ ਫਿਰਤੇ ਹੈਂ ਕੀਮਿਯਾ ਕੇ ਲੀਏ।

ਇਹ ਪੁਸਤਕ 'ਗੰਜਿ ਸ਼ਹੀਦਾਂ' ਉਹਨਾਂ ਸ਼ਹੀਦਾਂ ਦੀ ਕਬਰ ਹੈ ਜਿਨ੍ਹਾਂ ਦੇ ਪੈਰਾਂ ਦੀ ਮਿੱਟੀ ਲਈ ਫਰਿਸ਼ਤੇ ਵੀ ਤਰਸਦੇ ਸਨ। ਅੱਖਾਂ ਖੋਲ੍ਹੋ ਤਾਂ ਜੋ ਇੱਥੋਂ ਦੀ ਮਿੱਟੀ ਨੂੰ ਸਿਜਦਾ ਕਰ ਸਕੋ। ਐਂਵੇਂ ਕੀਮੀਯਾ (ਅਮਰ ਦਵਾਈ) ਦੀ ਭਾਲ ਵਿੱਚ ਮਿੱਟੀ ਨਾ ਛਾਣਦੇ ਫਿਰੋ।

ਯਿਹ ਹੈ ਵੁਹ ਜਾ ਜਹਾਂ ਚਾਲੀਸ ਤਨ ਸ਼ਹੀਦ ਹੂਏ,
ਖ਼ਤਾਬਿ ਸਰਵਰੀ ਸਿੰਘੋਂ ਨੇ ਸਰ ਕਟਾ ਕੇ ਲੀਏ।
ਦਿਲਾਈ ਪੰਥ ਕੋ ਸਰਬਾਜ਼ੀਓਂ ਸੇ ਸਿਰਦਾਰੀ,
ਬਰਾਇ ਕੌਮ ਜਿ ਰੁਤਬੇ ਲਹੂ ਬਹਾ ਕੇ ਲੀਏ।

ਇਹ ਉਹ ਥਾਂ ਹੈ ਜਿੱਥੇ ਚਾਲੀ ਸਿੱਖ ਸ਼ਹੀਦ ਹੋਏ ਸਨ। ਸਿੱਘਾਂ ਨੇ ਆਪਣੇ ਸਿਰ ਕਟਾ ਕੇ ਅਮਰ ਪਦਵੀ ਪ੍ਰਾਪਤ ਕੀਤੀ ਅਤੇ ਪੰਥ ਨੂੰ, ਸਿਰ ਦੇ ਕੇ ਸਰਦਾਰੀ ਦਿਲਵਾਈ ਅਤੇ ਆਪਣੇ ਖ਼ੂਨ ਬਹਾ ਕੇ ਕੌਮ ਲਈ ਉੱਚ ਮਰਤਬੇ ਪ੍ਰਾਪਤ ਕੀਤੇ।

ਕੋਈ ਗਿਲਾ ਨਹੀਂ ਤਵੱਜੋ ਦਿਲਾਨੀ ਚਾਹਤਾ ਹੂੰ,
ਅਪੀਲ ਕਰਤਾ ਹੂੰ ਸਿੰਘੋਂ ਕੀ ਕਰਬਲਾ ਕੇ ਲੀਏ।
ਗ਼ਲਤ ਇਕ ਹਰਫ਼ ਹੋ 'ਜੋਗੀ' ਤੋ ਫਿਰ ਹਜ਼ਾਰੋਂ ਮੇਂ,
ਜਵਾਬਦੇਹ ਹੂੰ ਸੁਖ਼ਨਹਾਇ ਨਾਰਵਾਂ ਕੇ ਲੀਏ।

ਮੈਂ ਕੋਈ ਗਿਲਾ ਨਹੀਂ ਕਰਦਾ ਸਿਰਫ਼ ਧਿਆਨ ਦਿਵਾਉਣਾ ਚਾਹੁੰਦਾ ਹਾਂ ਇਸ ਕਰਬਲਾ (ਚਮਕੌਰ ਦੀ ਧਰਤੀ ਨੂੰ ਮੁੱਖ ਰੱਖਕੇ ਸਿੱਖਾਂ ਨੂੰ ਬੇਨਤੀ ਕਰਦਾ ਹਾਂ ਕਿ ਜੇ 'ਜੋਗੀ' ਅਰਥਾਤ ਮੇਰਾ ਇਸ ਸਾਰੇ ਬਿਆਨ ਵਿੱਚ ਕੋਈ ਅੱਖਰ ਗ਼ਲਤ ਲਿਖਿਆ ਗਿਆ ਹੋਵੇ, ਮੈਂ ਹਜ਼ਾਰਾਂ ਦੇ ਸਾਹਮਣੇ ਆਪਣੀ ਲਿਖਤ ਸੰਬੰਧੀ ਜਵਾਬਦੇਹ ਹਾਂ।


Sri Satguru Jagjit Singh Ji eLibrary NamdhariElibrary@gmail.com

# (2) ਸ਼ਹੀਦਾਨਿ ਵਫ਼ਾ

## (ਸਾਕਾ ਸਰਹੰਦ)

1

| | |
|---|---|
| ਜਿਸ ਦਮ ਅਨੰਦਪੁਰ ਮੇਂ ਸਤਿਗੁਰ 'ਮੁਕ਼ੀਮ' ਥੇ | *ਰਹਿ ਰਹੇ* |
| ਹਮਰਾਹ ਘਰ ਕੇ ਲੋਕ ਥੇ, ਔਰ ਕੁਛ 'ਨਦੀਮ' ਥੇ | *ਸਾਥੀ* |
| ਚਾਰੋਂ ਤਰਫ਼ ਸੇ ਕਿਲ੍ਹਾ ਕੋ ਘੇਰੇ 'ਗ਼ਨੀਮ' ਥੇ | *ਵੈਰੀ* |
| ਟੂਟੇ ਸੇ ਰਿਜ਼ਕ ਕੇ ਦਿਲਿ ਸਿਘਾਂ 'ਦੁਨੀਮ' ਥੇ | *ਟੁੱਟੇ-ਭੱਜੇ* |

ਪਯਾਸੇ ਥੇ ਔਰ ਭੂਕ ਕੀ ਸ਼ਿੱਦਤ ਕਮਾਲ ਥੀ।
ਥੀ ਮੁਖ਼ਤਸਰ ਸੀ ਫ਼ੌਜ, ਵੁਹ ਭੀ ਨਿਢਾਲ ਥੀ।

ਜਿਸ ਵਕ਼ਤ ਆਨੰਦਪੁਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਰਹਿ ਰਹੇ ਸਨ। ਉਹਨਾਂ ਦੇ ਨਾਲ ਉਹਨਾਂ ਦਾ ਪਰਿਵਾਰ ਅਤੇ ਕੁੱਝ ਸਾਥੀ ਵੀ ਸਨ। ਚਾਰੇ ਪਾਸਿਓਂ ਕਿਲ੍ਹੇ ਨੂੰ ਵੈਰੀਆਂ ਨੇ ਘੇਰਿਆ ਹੋਇਆ ਸੀ। ਕਿਲ੍ਹੇ ਅੰਦਰ ਖਾਧ ਖ਼ੁਰਾਕ ਜਾਣੀ ਰੋਕ ਦਿੱਤੀ ਗਈ ਸੀ ਅਤੇ ਭੁੱਖ ਦੇ ਮਾਰੇ ਸਿੰਘ ਟੁੱਟ ਭੱਜ ਗਏ ਸੀ। ਪਿਆਸ ਅਤੇ ਭੁੱਖ ਨੇ ਪੂਰਾ ਜ਼ੋਰ ਦਿਖਾਇਆ ਹੋਇਆ ਸੀ। ਕੇਵਲ ਕੁੱਝ ਗੁਰੂ ਦੀ ਫੌਜ ਬਾਕ਼ੀ ਸੀ ਤੇ ਉਹ ਵੀ ਭੁੱਖੀ ਭਾਣੀ ਸੀ।

2

| | |
|---|---|
| 'ਅਦਾ' ਕੀ ਫ਼ੌਜ ਕੇ ਨ ਸ਼ੁਮਾਰੋ ਹਿਸਾਬ ਥੇ | *ਵੈਰੀ* |
| ਸਰਦਾਰਿ ਫ਼ੌਜ ਏਕ ਨਹੀਂ ਦੋ ਨੱਵਾਬ ਥੇ | |
| ਰਾਜੇ ਕਈ ਪਹਾੜ ਕੇ ਭੀ 'ਹਮਰਕਾਬ' ਥੇ | *ਸਾਥੀ* |
| ਸਿੰਘੋਂ ਮੇ ਬਸਤ ਚੰਦ ਜੋ 'ਸ਼ੇਖ਼ੋ ਸ਼ਬਾਬ' ਥੇ | *ਬੁੱਢੇ ਤੇ ਜਵਾਨ* |

ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ।
ਸਤਿਗੁਰ ਯਹਿ ਸੋਚਤੇ ਥੇ ਨਾ ਜ਼ਾਯਾ ਮੁਰੀਦ ਹੋਂ।

ਦੁਸ਼ਮਣ ਦੀ ਫ਼ੌਜ ਦਾ ਕੋਈ ਹਿਸਾਬ ਕਿਤਾਬ ਨਹੀਂ ਸੀ। ਫੌਜ ਦੇ ਇੱਕ ਨਹੀਂ ਸਗੋਂ ਦੋ ਸਿਰਦਾਰ ਸਨ। ਉਹਨਾਂ ਨਾਲ ਕਈ ਪਹਾੜੀ ਰਾਜੇ ਵੀ ਸਹਾਇਕ ਸਨ। ਸਿੰਘਾਂ ਨਾਲ ਕੁੱਝ ਬੁੱਢੇ ਜਵਾਨ ਸਨ। ਸਿੱਖਾਂ ਦੀ ਇੱਛਾ ਸੀ ਕਿ ਲੜ ਕੇ ਅਸੀਂ ਸ਼ਹੀਦ ਹੋਣਾ ਹੈ ਪਰ ਮਹਾਰਾਜ ਸੋਚਦੇ ਸਨ ਕਿ ਆਪਣੇ ਪਿਆਰੇ ਸਿੰਘਾਂ ਦੀਆਂ ਜਾਨਾਂ ਵਿਅਰਥ ਨਾਂ ਗੁਆ ਦਿੱਤੀਆਂ ਜਾਣ।


Sri Satguru Jagjit Singh Ji eLibrary NamdhariElibrary@gmail.com

ਬੋਲੇ ਕਿ-ਅਪਨੀ ਫ਼ੌਜ ਨਿਹਾਯਤ ਹੈ 'ਮੁਖ਼ਤਸਰ' ਥੋੜ੍ਹੀ
ਘੇਰੇ ਹੂਏ ਹੈਂ ਹਮ ਕੋ ਹਜ਼ਾਰੋਂ ਹੀ 'ਅਹਿਲ ਸ਼ਰ' ਸ਼ਰਾਰਤੀ
ਛੋੜੇਂ ਗਰ ਅਪਨੇ ਆਪ ਕੋ ਦੁਸ਼ਮਨ ਕੇ ਰਹਿਮ ਪਰ
ਇਸ ਮੇਂ ਭੀ ਅਪਨੀ ਇੱਜ਼ਤੋ ਅਜ਼ਮਤ ਕਾ ਹੈ ਖ਼ਤਰ ਸ਼ਾਨ
ਚਿੜੀਓਂ ਕੋ ਆਜ ਹੀ ਮੈਂ ਲੜਾ ਦੂੰਗਾ ਬਾਜ਼ ਸੇ।
ਕੁਛ ਫ਼ਾਇਦਾ ਨਹੀਂ ਹੈ ਮਗਰ 'ਤੁਰਕੇ ਤਾਜ' ਸੇ। ਨੱਠ-ਭੱਜ

ਮਹਾਰਾਜ ਆਪਣੇ ਸਿੱਖਾਂ ਨੂੰ ਕਹਿਣ ਲੱਗੇ ਕਿ ਆਪਣੀ ਫ਼ੌਜ ਬਹੁਤ ਕਮ ਹੈ ਤੇ ਹਜ਼ਾਰਾਂ ਸ਼ਰਾਰਤੀ ਲੋਕਾਂ ਨੇ ਆਪਾਂ ਨੂੰ ਘੇਰ ਰੱਖਿਆ ਹੈ। ਜੇ ਆਪਾਂ ਨੇ ਆਪਣੇ ਆਪ ਨੂੰ ਦੁਸ਼ਮਣ ਦੀ ਰਹਿਮ ਤੇ ਛੱਡ ਦਿੱਤਾ, ਇਸ ਵਿੱਚ ਵੀ ਆਪਣੀ ਇੱਜ਼ਤ ਅਤੇ ਸ਼ਾਨ ਨੂੰ ਖ਼ਤਰਾ ਹੈ। ਮੈਂ ਅੱਜ ਚਿੜੀਆਂ ਨੂੰ ਬਾਜ਼ਾਂ ਨਾਲ ਟਕਰਾ ਦੇਵਾਂਗਾ। ਭੱਜ ਕੇ ਚਲੇ ਜਾਣ ਦਾ ਕੋਈ ਲਾਭ ਨਹੀਂ ਹੈ।

## 4

ਫ਼ਰਮਾਏ ਸਤਿਗੁਰ—'ਇਸੇ ਲਾਓ ਹਮਾਰੇ ਪਾਸ
ਯਹ ਪਾ ਕੇ ਹੁਕਮ ਤੁਰਤ ਗਯਾ ਉਨ ਕੇ ਏਕ ਦਾਸ
ਲਾਯਾ ਸਫ਼ੀਰ ਜਿਸ ਪਿ ਥਾ ਛਾਯਾ ਹੁਆ ਹਰਾਸ
ਦੀਵਾਨ ਖ਼ਾਲਸੇ ਕਾ ਜੁ ਦੇਖਾ, ਗਏ ਹਵਾਸ
ਸਤਿਗੁਰ ਨੇ ਦੇਖੇ ਹੌਸਲੇ, ਪੂਛਾ ਯਹ ਪਯਾਰ ਸੇ:
'ਪੈਗ਼ਾਮ ਕਯਾ ਤੂ ਲਾਯਾ ਹੈ 'ਫ਼ੌਜਿ ਸ਼ਰਾਰ' ਸੇ।' ਸ਼ਰਾਰਤੀ ਫ਼ੌਜ

ਸਤਿਗੁਰੂ ਨੇ ਹੁਕਮ ਕੀਤਾ ਕਿ ਮੇਰਾ ਇੱਕ ਪਿਆਰਾ ਖਾਲਸਾ ਸਿਪਾਹੀ ਮੇਰੇ ਪਾਸ ਆਵੇ। ਕਹਿਣ ਲੱਗੇ ਕਿ ਬਾਹਰ ਜੋ ਬੰਦਾ ਆਇਆ ਹੈ ਉਸਨੂੰ ਮੇਰੇ ਪਾਸ ਲੈ ਆਵੇ। ਹੁਕਮ ਮੰਨ ਕੇ ਉਹ ਗਿਆ ਤੇ ਉਸਨੂੰ ਬੁਲਾ ਲਿਆਇਆ। ਕੀ ਵੇਖਿਆ ਕਿ ਉਹ ਖਾਲਸੇ ਦੀ ਫੌਜ ਨੂੰ ਵੇਖ ਕੇ ਹੈਰਾਨ ਪ੍ਰੇਸ਼ਾਨ ਹੋਇਆ ਪਿਆ ਸੀ। ਸਤਿਗੁਰੂ ਨੇ ਬਹੁਤ ਪਿਆਰ ਨਾਲ ਪੁੱਛਿਆ ਕਿ ਤੂੰ ਸ਼ਰਾਰਤ ਦੀ ਜੜ੍ਹ ਫੌਜ ਪਾਸੋਂ ਕੀ ਹੁਕਮ ਲੈ ਕੇ ਆਇਆ ਹੈਂ ?


Sri Satguru Jagjit Singh Ji eLibrary NamdhariElibrary@gmail.com

5

ਦੁਨੀਆ ਕੇ ਲੋਗ ਹੋਤੇ ਹੈਂ ਪਾਗਲ 'ਜਨੂੰਨ' ਸੇ — *ਪਾਗਲਪਨ*
ਹਰ 'ਮੁਸਲਿਹ'—ਜਹਾਂ ਹੈਂ ਗ਼ਾਰਜ਼ ਹਮਕੋ 'ਦੂਨ' ਸੇ — *ਸੁਧਾਰਕ, ਕਮੀਨਾ*
ਕਯਾ ਫ਼ਾਯਦਾ ਹੈ ਹਿਦੂ ਓ ਮੁਸਲਮ ਕੇ ਖ਼ੂਨ ਸੇ
ਬਿਹਤਰ ਹੈ 'ਇਜਤਨਾਬ' ਹੀ ਕਾਰਿ ਜ਼ਬੂਨ ਸੇ — *ਪਰਹੇਜ਼, ਮੂਰਖ*
ਇਤਨੇ ਮੇਂ ਇਤਲ੍ਹਾ ਹੂਈ 'ਕ਼ਾਸਿਦ' ਇੱਕ ਆਯਾ ਹੈ। — *ਡਾਕੀਆ*
ਸਰਹੰਦ ਕੇ ਨੱਵਾਬ ਕਾ ਪੈਗ਼ਾਮ ਲਾਯਾ ਹੈ।

ਦੁਨੀਆਂ ਦੇ ਲੋਕ ਪਾਗਲਪਨ ਵਿੱਚ ਬੇਸੁੱਧ ਹੋ ਜਾਂਦੇ ਹਨ। ਸੁਧਾਰਕ ਹਰ ਥਾਂ ਕਮੀਨੇ ਬਣੇ ਫਿਰਦੇ ਹਨ। ਉਹਨਾਂ ਨੂੰ ਪੁੱਛੋ ਕਿ ਹਿਦੂ ਅਤੇ ਮੁਸਲਮ ਦੇ ਖ਼ੂਨ ਕਰਨ ਦਾ ਕੀ ਲਾਭ ਹੈ? ਮਾੜੇ ਕੰਮਾਂ ਤੋਂ ਪਰਹੇਜ਼ ਹੀ ਚੰਗਾ ਹੈ। ਏਨ੍ਹੰ ਨੂੰ ਖਬਰ ਮਿਲੀ ਕਿ ਇਕ ਡਾਕੀਆ ਆਇਆ ਹੈ ਜਿਹੜਾ ਸਰਹਿੰਦ ਦੇ ਨਵਾਬ ਦਾ ਸੁਨੇਹਾ ਲੈ ਕੇ ਆਇਆ ਹੈ।

6

ਕਹਨੇ ਲਗਾ, 'ਹਜ਼ੂਰ ਕਾ ਰੁਤਬਾ ਬੁਲੰਦ ਹੋ
ਨਾਨਕ ਕੀ ਸ਼ਾਨ ਦਸਵੇਂ ਗੁਰੂ ਮੇਂ ਦੋ ਚੰਦ ਹੋ
'ਹਾਦੀ' ਹੋ ਇਕ ਜ਼ਮਾਨੇ ਕੇ ਤੁਮ ਦਰਦਮੰਦ ਹੋ — *ਆਗੂ*
ਕੀਜੇ ਮੁਆਫ਼ ਬਾਤ ਅਗਰ ਨ ਪਸੰਦ ਹੋ
ਭੇਜਾ ਹੈ ਮੁਝ ਕੋ ਨਾਜ਼ਮਿ ਸਰਹੰਦ ਨੇ ਯਹਾਂ।
ਫ਼ੁਰਮਾਨਿ ਸ਼ਾਹਿ ਦਿੱਲੀ ਕੇ ਪਾਬੰਦ ਨੇ ਯਹਾਂ।

ਕ਼ਾਸਦ ਕਹਿਣ ਲੱਗਿਆ ਕਿ ਜਨਾਬ ਦੀ ਪਦਵੀ ਬਹੁਤ ਉੱਚੀ ਹੋਵੇ। ਗੁਰੂ ਨਾਨਕ ਦੀ ਸ਼ਾਨ ਦਸਵੇਂ ਗੁਰੂ ਦੀ ਸ਼ਾਨ ਨੂੰ ਦੋ ਬਾਲਾ ਕਰੇ। ਤੁਸੀ ਇਸ ਸਮੇਂ ਦੇ ਪ੍ਰਸਿੱਧ ਆਗੂ ਹੋ ਅਤੇ ਲੋਕਾਂ ਦੇ ਦੁੱਖਾਂ ਦਰਦਾਂ ਦੇ ਜਾਣੂੰ ਹੋ। ਜੇ ਮੇਰੀ ਇੱਕ ਗੱਲ ਤੁਹਾਨੂੰ ਚੰਗੀ ਨਾਂ ਲੱਗੇ ਤਾਂ ਮੁਆਫ਼ ਕਰ ਦੇਣਾ। ਮੈਨੂੰ ਸਰਹਿੰਦ ਦੇ ਨਾਜ਼ਮ ਨੇ ਏਥੇ ਤੁਹਾਡੇ ਪਾਸ ਘਲਿਆ ਹੈ। ਤੇ ਇਹ ਦਿੱਲੀ ਦੇ ਬਾਦਸ਼ਾਹ ਦਾ ਫ਼ਰਮਾਨ ਹੈ।


Sri Satguru Jagjit Singh Ji eLibrary NamdhariElibrary@gmail.com

## 7

ਉਸ ਨੇ ਕਹਾ ਹੈ ਕਿ ਹਮ ਕੋ ਨਹੀਂ ਵੈਰ ਆਪ ਸੇ
ਰਖਤੇ ਨਹੀਂ ਹੈਂ 'ਕਦ' ਹਰਮੋ ਦੋਰ ਆਪ ਸੇ — *ਝਗੜਾ*
ਪਾਤੇ ਹੈਂ ਸਭ ਖ਼ਬਰ 'ਸਖ਼ਫ਼-ਖ਼ੈਰ' ਆਪ ਸੇ — *ਭਲਾਈ*
ਅਪਨੇ ਬ-ਵਜ੍ਹਾ 'ਤਮ੍ਹਾ' ਹੂਏ ਗ਼ੈਰ ਆਪ ਸੇ — *ਲਾਲਚ*
ਦੀਨੋ ਧਰਮ ਕੋ ਛੋੜ ਕੇ ਅੰਧੇ ਹੂਏ ਹੈਂ ਕੁੱਛ।
ਨਾਜ਼ਲ ਪਹਾੜ ਪਰ ਸੇ 'ਦਰਿੰਦੇ' ਹੂਏ ਹੈਂ ਕੁੱਛ। — *ਮਾਸਖੋਰੇ ਪਸ਼ੂ*

ਉਸਨੇ ਕਿਹਾ ਹੈ ਕਿ ਸਾਨੂੰ ਤੁਹਾਡੇ ਨਾਲ ਵੈਰ ਨਹੀਂ ਹੈ। ਅਸੀਂ ਤੁਹਾਡੇ ਨਾਲ ਕਿਸੇ ਕਿਸਮ ਦਾ ਕੋਈ ਝਗੜਾ ਨਹੀਂ ਰੱਖਦੇ। ਅਸੀਂ ਸਾਰੇ ਤੁਹਾਡੀ ਭਲਾਈ ਦੀ ਖ਼ੈਰ ਮੰਗਦੇ ਹਾਂ। ਤੁਹਾਡੇ ਆਪਣੇ ਹੀ ਲਾਲਚ ਕਾਰਨ ਤੁਹਾਡੇ ਵਿਰੁੱਧ ਤੇ ਪਰਾਏ ਹੋ ਗਏ ਹਨ। ਕੁੱਝ ਲੋਕ ਅਰਥਾਤ ਪਹਾੜੀ ਰਾਜੇ ਹਨ। ਦੀਨ ਈਮਾਨ ਛੱਡ ਕੇ ਅੰਨ੍ਹੇ ਹੋ ਗਏ ਹਨ ਜਿਵੇਂ ਪਹਾੜ ਉੱਤੇ ਘੁੰਮਣ ਵਾਲੇ ਕੁੱਝ ਮਾਸਖੋਰੇ ਪਸ਼ੂ ਹਨ।

## 8

ਛੋੜੋ ਆਨੰਦਪੁਰ ਯਹ ਸ਼ਾਹੀ ਮੁਕਾਮ ਹੈ
'ਮਖ਼ਦੂਸ਼' ਇਸ ਜਗ੍ਹਾ ਪਿ ਤੁਮ੍ਹਾਰਾ ਕ਼ਯਾਮ ਹੈ — *ਖ਼ਤਰਿਆਂ-ਭਰਿਆ*
ਫ਼ੌਜੋਂ ਸੇ ਔਰ ਕਿਲੋਂ ਸੇ ਕਯਾ ਤੁਮ ਕੋ ਕਾਮ ਹੈ
ਲੜਨਾ ਹੀ ਜਬ ਨਹੀਂ, ਯਹ ਕਯੋਂ ਧੂਮਧਾਮ ਹੈ
ਹੈ ਖ਼ੈਰ ਇਸੀ ਮੇਂ ਅਪਨੇ ਕਹੇ ਪਰ ਅਮਲ ਕਰੋ।
ਬੇਸੂਦ 'ਹਮਦਮੋਂ' ਕੋ ਨ 'ਨਜ਼ਰਿ ਅਜਲ' ਕਰੋ। — *ਸਾਥੀ, ਮੌਤ ਦੇ ਹਵਾਲੇ*

ਆਨੰਦਪੁਰ ਛੱਡ ਦੇਵੋ ਕਿਉਂਕਿ ਇਹ ਬਾਦਸ਼ਾਹ ਦੀ ਥਾਂ ਹੈ। ਤੁਹਾਡਾ ਇੱਥੇ ਰਹਿਣਾ ਖ਼ਤਰੇ ਤੋਂ ਖਾਲੀ ਨਹੀਂ। ਤੁਹਾਨੂੰ ਫ਼ੌਜਾਂ ਅਤੇ ਕਿਲ੍ਹਿਆਂ ਨਾਲ ਕੀ ਵਾਸਤਾ ਹੈ। ਜਦ ਤੁਸੀਂ ਲੜਨਾ ਹੀ ਨਹੀਂ, ਫੇਰ ਇਹ ਧੂਮ ਧਾਮ ਕਿਸ ਕੰਮ। ਚੰਗਾ ਹੈ ਤੁਸੀਂ ਆਪਣੇ ਕਹੇ ਤੇ ਅਮਲ ਕਰੋ ਐਵੇਂ ਆਪਣੇ ਸਾਥੀਆਂ ਨੂੰ ਨਾਂ ਮਰਵਾਓ।


Sri Satguru Jagjit Singh Ji eLibrary NamdhariElibrary@gmail.com

## 9

ਦੁਨੀਆ ਕੇ ਹਮ, ਤੋ ਦੀਨ ਕੇ ਤੁਮ ਪਾਤਸ਼ਾਹ ਹੋ
ਆਤਾ ਨਹੀਂ ਯਕੀਂ ਤੁਮ੍ਹੇਂ ਦੁਨੀਆਂ ਕੀ ਚਾਹ ਹੋ
ਸਤਿਗੁਰ ਕੇ ਪਾਸ ਕਿਸ ਲੀਏ ਫੌਜੋ ਸਿਪਾਹ ਹੋ
ਨਾਨਕ ਕੇ ਜਾਨਸ਼ੀਨ ਕੋ ਕਿਉਂ ਹੁਬਿ ਜਾਹ ਹੋ
ਸਿੱਘੋਂ ਕੋ ਸਾਥ ਲੇ ਕੇ ਯਹਾਂ ਸੇ ਸਿਧਾਰੀਏ।
ਵਾਹਿਗੁਰੂ ਕੀ ਫ਼ਤਹਿ ਕਾ ਨਾਅ੍ਰਰਾ ਪੁਕਾਰੀਏ।

ਅਸੀਂ ਦੁਨੀਆਂ ਦੇ ਬਾਦਸ਼ਾਹ ਹਾਂ ਤੇ ਤੁਸੀਂ ਦੀਨ ਦੇ ਸ਼ਹਿਨਸ਼ਾਹ ਹੋ। ਤੁਹਾਨੂੰ ਦੁਨੀਆਂ ਦੇ ਸ਼ਾਹ ਬਣਨ ਦੀ ਇੱਛਾ ਹੋਵੇ, ਮੈਨੂੰ ਯਕੀਨ ਨਹੀਂ ਆਉਂਦਾ। ਜੋ ਸਤਿਗੁਰੂ ਹੋਣ, ਉਹਨਾਂ ਨੂੰ ਫ਼ੌਜੀਆਂ ਤੇ ਸਿਪਾਹੀਆਂ ਦੀ ਕੀ ਲੋੜ ਹੈ। ਜੋ ਨਾਨਕ ਦੀ ਗੱਦੀ ਦਾ ਮਾਲਕ ਹੈ ਉਸਨੂੰ ਦੌਲਤ ਤੇ ਦੇਸ਼ ਦੀ ਕੀ ਲੋੜ ਹੈ। ਤੁਸੀਂ ਸਿੱਖਾਂ ਨੂੰ ਨਾਲ ਲੈ ਕੇ ਇਥੋਂ ਚਲੇ ਜਾਵੋ ਤੇ ਵਾਹਿਗੁਰੂ ਦੀ ਫ਼ਤਹਿ ਬੁਲਾ ਕੇ ਤੁਰ ਜਾਵੋ।

## 10

ਪੈਗ਼ਾਮ ਸੁਨ ਕੇ ਸਤਿਗੁਰ ਖ਼ਾਮੋਸ਼ ਹੋ ਗਏ
ਪੈਦਾ ਤਬੀਅਤੋਂ ਮੇਂ ਮਗਰ ਜੋਸ਼ ਹੋ ਗਏ
ਦਰ-ਪੇ ਨਿਕਾਲਨੇ ਕੇ 'ਸਿਤਮ-ਕੋਸ਼' ਹੋ ਗਏ ਜ਼ਾਲਮ
ਜਾਤੇ ਹੈਂ ਹਮ ਤੋ ਬੋਲੇਂਗੇ ਰੂਪੋਸ਼ ਹੋ ਗਏ
ਲਲਕਾਰੇ ਫ਼ੌਜ ਸੇ ਕਿ ਕਿਲ੍ਹਾ ਸੇ ਨਿਕਲ ਚਲੋ।
ਦੁਸ਼ਮਨ ਸੇ ਹੁਸ਼ਯਾਰ ਰਹੋ ਔਰ ਸੰਭਲ ਚਲੋ।

ਇਹ ਸੁਨੇਹਾ ਸੁਣਕੇ ਸਤਿਗੁਰੂ ਭਾਵੇਂ ਚੁੱਪ ਹੋ ਗਏ ਪਰ ਪਲ ਵਿੱਚ ਪੂਰਾ ਜੋਸ਼ ਆ ਗਿਆ। ਬੋਲੇ ਕਿ ਸਾਨੂੰ ਕੱਢਣ ਲਈ ਦੁਸ਼ਮਣ ਬੂਹੇ ਉੱਤੇ ਆਣ ਖਲੋਤਾ ਹੈ। ਜੇ ਚਲੇ ਜਾਵਾਂਗੇ ਤਾਂ ਕਹਿਣਗੇ ਕਿ ਮੂੰਹ ਲੁਕਾਕੇ ਚੋਰੀ ਨਿਕਲ ਗਏ ਹਨ। ਇਹ ਸੋਚ ਫ਼ੌਜ ਨੂੰ ਹੁਕਮ ਕੀਤਾ ਕਿ ਕਿਲ੍ਹੇ ਵਿਚੋਂ ਨਿਕਲੋ ਤੇ ਦੁਸ਼ਮਣ ਪਾਸੋਂ ਸੰਭਲ ਕੇ ਅਤੇ ਹਥਿਆਰ ਸਜਾ ਕੇ ਕਦਮ ਪੁੱਟੋ।


Sri Satguru Jagjit Singh Ji eLibrary NamdhariElibrary@gmail.com

## 11

ਬੇ ਵਜ੍ਹਾ ਹਮ ਤੋ ਖ਼ੁਦ ਨਹੀਂ ਚਾਹਤੇ ਕਿ ਜੰਗ ਹੋ
ਉਸ ਸੇ ਲੜੇਂਗੇ ਲੜਨੇ ਕੀ ਜਿਸ ਕੋ ਉਮੰਗ ਹੋ
ਠੋਕਰ ਸੇ ਫੇਂਕ ਦੇਂਗੇ ਜੋ ਰਸਤੇ ਮੇਂ 'ਸੰਗ' ਹੋ ਪੱਥਰ
ਸਰ ਉਸ ਕਾ ਕਾਟ ਲੇਂਗੇ ਕਹਾ ਜਿਸ ਨੇ ਤੰਗ ਹੋ
'ਖ਼ੂੰਰੇਜ਼ੀ' ਵਰਨਾ ਖ਼ਲਕ ਕੀ ਕਬ ਹਮਕੋ ਭਾਤੀ ਹੈ। ਖ਼ੂਨ ਬਹਾਉਣਾ
ਸ਼ੇਰੋਂ ਕੀ ਫ਼ੌਜ ਕਹ ਦੇ, ਤੂ ਕਾਸਦ! ਕਿ ਜਾਤੀ ਹੈ।

ਜੰਗ ਦਾ ਬਿਨਾਂ ਕਿਸੇ ਕਾਰਨ ਹੋਣਾ ਅਸੀਂ ਪਸੰਦ ਨਹੀਂ ਕਰਦੇ। ਪਰ ਜਿਸ ਨੂੰ ਲੜਨੇ ਦੀ ਇੱਛਾ ਹੋਵੇ, ਅਸੀਂ ਉਸ ਨਾਲ ਜ਼ਰੂਰ ਲੜਾਂਗੇ। ਜੇ ਸਾਡੇ ਰਾਹ ਵਿੱਚ ਕੋਈ ਪੱਥਰ ਪਿਆ ਹੋਵੇ ਉਸਨੂੰ ਅਸੀਂ ਠੋਕਰ ਮਾਰ ਕੇ ਪਰੇ ਸੁੱਟ ਦੇਵਾਂਗੇ। ਜਿਸ ਨੇ ਸਾਨੂੰ ਐਵੇਂ ਹੀ ਤੰਗ ਕੀਤਾ, ਅਸੀਂ ਉਸਦਾ ਸਿਰ ਕੱਟ ਦੇਵਾਂਗੇ। ਸਾਨੂੰ ਖ਼ਲਕਤ ਦਾ ਖ਼ੂਨ ਬਹਾਉਣਾ ਕਦੋਂ ਚੰਗਾ ਲੱਗਦਾ ਹੈ। ਐ ਹਰਕਾਰੇ ! ਅਸੀਂ ਸ਼ੇਰਾਂ ਦੀ ਫ਼ੌਜ ਹਾਂ, ਅਸੀਂ ਡਰਪੋਕ ਨਹੀਂ।

## 12

ਮਸ਼ਹੂਰ ਹੈ ਕਿ 'ਪਾਇ ਗਦਾ' ਲੰਗ ਭੀ ਨਹੀਂ ਫ਼ਕਰਾਂ ਦਾ ਪੈਰ
ਅਪਨੇ ਲਈ ਖ਼ੁਦਾ ਕੀ ਜ਼ਿਮੀਂ ਤੰਗ ਭੀ ਨਹੀਂ
ਲੋਗੋਂ ਸੇ ਹਮਕੋ ਆਰਜ਼ੂਇ ਜੰਗ ਭੀ ਨਹੀਂ
ਵਰਨਾ ਕੋਈ ਦਲੇਰੀ ਮੇਂ ਪਾਸੰਗ ਭੀ ਨਹੀਂ
ਮਜਬੂਰ ਹੋ ਗਏ ਤੋ ਲੜਾਈ ਦਿਖਾਏਂਗੇ।
ਫਿਰ ਤੇਗ਼ਿ ਖ਼ਾਲਸਾ ਕੀ ਸਫ਼ਾਈ ਦਿਖਾਏਂਗੇ।

ਇਹ ਗੱਲ ਪ੍ਰਸਿੱਧ ਤੇ ਸੱਚੀ ਹੈ ਕਿ ਰੱਬ ਦੀ ਧਰਤੀ ਛੋਟੀ ਨਹੀਂ ਹੈ ਤੇ ਨਾ ਹੀ ਫ਼ੱਕਰ ਦੇ ਪੈਰ ਲੰਗੜੇ ਹਨ। ਸਾਨੂੰ ਲੋਕਾਂ ਨਾਲ ਜੰਗ ਦੀ ਕੋਈ ਇੱਛਾ ਨਹੀਂ ਹੈ ਪਰ ਨਾਲ ਹੀ ਸਾਡੀ ਦਲੇਰੀ ਵਿੱਚ ਕੋਈ ਕਮੀ ਨਹੀਂ ਹੈ। ਜੇ ਲੜਨ ਲਈ ਮਜਬੂਰ ਕੀਤਾ ਗਿਆ ਤਾਂ ਜ਼ਰੂਰ ਲੜਾਂਗੇ ਤੇ ਖ਼ਾਲਸੇ ਦੀ ਤਲਵਾਰ ਦੇ ਕਰਤੱਬ ਦਿਖਾਵਾਂਗੇ।


Sri Satguru Jagjit Singh Ji eLibrary NamdhariElibrary@gmail.com

## 13

ਦੇਖਾ 'ਅਦੂ' ਨੇ ਕ਼ਿਲ੍ਹਾ ਮਿਲੇਗਾ ਨਾ ਜ਼ੋਰ ਸੇ — ਦੁਸ਼ਮਣ
ਬਿਫਰੇਂਗੇ ਔਰ ਸ਼ੇਰ 'ਸ਼ਿਗਾਲੋਂ' ਕੇ ਸ਼ੋਰ ਸੇ — ਗਿੱਦੜ
ਬੀਂਖਾ ਨ ਵਾਲ ਹੋਗਾ ਸੁਲੇਮਾਂ ਕਾ 'ਮੋਰ' ਸੇ — ਕੀੜੀ
ਵਾਕਿਫ਼ ਥੇ ਸਤਿਗੁਰੂ ਦਿਲੇ 'ਆਦਾ' ਕੇ ਚੋਰ ਸੇ — ਦੁਸ਼ਮਨ
ਮਿਲ ਕਰ ਦਗ਼ਾ ਕਰੇਂਗੇ ਯੇ ਵਾਅ੍ਦੇ ਕੇ ਰੰਗ ਮੇਂ।
ਸਮਝੇਂਗੇ ਹਮ ਭੀ ਕਿਆ ਹੂਆ ਮੈਦਾਨਿ ਜੰਗ ਮੇਂ।

ਦੁਸ਼ਮਣ ਨੂੰ ਪਤਾ ਲੱਗਿਆ ਕਿ ਕਿਲ੍ਹਾ ਧੱਕੇ ਨਾਲ ਨਹੀਂ ਮਿਲੇਗਾ। ਬਹਾਦਰ ਸ਼ੇਰ, ਗਿੱਦੜਾਂ ਦੇ ਸ਼ੋਰ ਮਚਾਉਣ ਤੇ ਹੋਰ ਗੁੱਸੇ ਵਿੱਚ ਆਉਣਗੇ। ਕੀੜੀ, ਸੁਲੇਮਾਨ ਦਾ ਵਾਲ ਵਿੰਗਾ ਨਹੀਂ ਕਰ ਸਕਦੀ। ਇਹ ਠੱਗੀਆਂ ਫੜਾਂ ਵਾਲਿਆਂ ਤੋਂ ਗੁਰੂ ਜੀ ਪੂਰੇ ਜਾਣਕਾਰ ਸੀ। ਇਹ ਵਾਅਦੇ ਦਾ ਬਹਾਨਾ ਕਰਕੇ ਧੋਖਾ ਕਰਨਗੇ ਤੇ ਸਾਨੂੰ ਪਤਾ ਸੀ ਕਿ ਇਹ ਲੜਾਈ ਦੇ ਮੈਦਾਨ 'ਚ ਕੀ ਕਰਨਗੇ।

## 14

ਤਾਰੋਂ ਕੀ ਛਾਉਂ ਕ਼ਿਲ੍ਹਾ ਸੇ ਸਤਿਗੁਰੂ ਰਵਾਂ ਹੂਏ
ਕਸ ਕੇ ਕਮਰ ਸਵਾਰ ਥੇ ਸਾਰੇ ਜਵਾਂ ਹੂਏ
ਆਗੇ ਲੀਏ ਨਿਸ਼ਾਂ ਕਈ ਸ਼ੇਰਿ ਜ਼ਯਾਂ ਹੂਏ
ਕੁਛ ਪੀਛੇ ਜਾਂ-ਨਿਸਾਰ ਗੁਰੂ ਦਰਮਯਾਂ ਹੂਏ
ਚਾਰੋਂ ਪਿਸਰ ਹਜ਼ੂਰ ਕੇ ਹਮਰਾਹ ਸਵਾਰ ਥੇ।
ਜ਼ੋਰਾਵਰ ਔਰ ਫ਼ਤਹ, ਅਜੀਤ ਔਰ ਜੁਝਾਰ ਥੇ।

ਤਾਰਿਆਂ ਦੀ ਛਾਵੇਂ ਗੁਰੂ ਜੀ ਕ਼ਿਲੇ ਤੋਂ ਚੱਲ ਪਏ। ਸਾਰੇ ਜਵਾਨ ਵੀ ਕਮਰਕਸੇ ਕਰਕੇ ਨਾਲ ਤੁਰ ਪਏ। ਕਈ ਬਹਾਦੁਰ ਸ਼ੇਰ ਅੱਗੇ-ਅੱਗੇ ਤੁਰੇ ਤੇ ਕੁੱਝ ਪਿੱਛੇ ਹੋ ਗਏ ਅਤੇ ਗੁਰੂ ਜੀ ਵਿਚਕਾਰ ਹੋ ਗਏ। ਗੁਰੂ ਜੀ ਦੇ ਨਾਲ ਚਾਰੋਂ ਪੁੱਤਰ ਵੀ ਘੋੜਿਆਂ ਉੱਤੇ ਸਵਾਰ ਸਨ, ਤੇ ਉਹ ਜੋਰਾਵਰ ਸਿੰਘ, ਫ਼ਤਿਹ ਸਿੰਘ, ਅਜੀਤ ਸਿੰਘ ਅਤੇ ਜੁਝਾਰ ਸਿੰਘ ਦੇ ਨਾਲ ਸਨ।



Sri Satguru Jagjit Singh Ji eLibrary NamdhariElibrary@gmail.com

## 15

ਸਿਘੋਂ ਕੀ ਮਾਏਂ ਸਾਥ ਥੀਂ ਸਤਿਗੁਰ ਕੀ ਮਾਂ ਕੇ ਸਾਥ
ਥੀ ਹਮਰਕਾਬ ਸ਼ੇਰਨੀ, 'ਸ਼ੇਰਿ–ਜ਼ਯਾਂ' ਕੇ ਸਾਥ *ਜਿਊਂਦਾ ਸ਼ੇਰ*
ਗ਼ਰਜ਼ਿ ਕਿ ਕੂਚ ਕਰ ਦੀਆ, ਕੁਲ ਖ਼ਾਨਦਾਂ ਕੇ ਸਾਥ
ਕਯਾ ਬਾਵਫ਼ਾ ਮੁਰੀਦ ਥੇ, ਪੀਰੇ–ਜ਼ਮਾਂ ਕੇ ਸਾਥ
ਸਤਿਗੁਰ ਜਹਾਂ ਪੇ ਅਪਨਾ ਪਸੀਨਾ ਗਿਰਾਤੇ ਥੇ।
ਸਿਘ ਉਸ ਜਗ੍ਹਾ ਪਿ ਅਪਨਾ ਲਹੂ ਤਕ ਬਹਾਤੇ ਥੇ।

ਸਿੱਘਾਂ ਦੀਆਂ ਮਾਤਾਵਾਂ ਸਤਿਗੁਰਾਂ ਦੀ ਮਾਤਾ ਦੇ ਨਾਲ਼ ਸਨ। ਸਗੋਂ ਸ਼ੇਰਨੀ ਜਿਊਂਦੇ ਸ਼ੇਰ ਨਾਲ ਸੀ। ਗੱਲ ਕੀ ਸਾਰੇ ਪਰਿਵਾਰ ਨੇ ਕਿਲ੍ਹਾ ਛੱਡ ਸਫ਼ਰ ਇਖ਼ਤਿਆਰ ਕਰ ਲਿਆ। ਕਿੰਨੇ ਹੁਕਮ ਪਾਲਣ ਵਾਲੇ ਸਮੇਂ ਦੇ ਮਹਾਨ ਪੁਰਸ਼ ਦੇ ਨਾਲ ਸਨ। ਜਿੱਥੇ ਮਹਾਰਾਜ ਆਪਣਾ ਪਸੀਨਾ ਵਹਾਉਂਦੇ ਸਨ, ਸਿੱਘ ਖ਼ੂਨ ਵਹਾਉਂਦੇ ਸਨ।

## 16

ਦੇਖਾ 'ਫ਼ਰਸ਼' ਪਿ ਜਿਸ ਘੜੀ ਆਲੀ ਜਨਾਬ ਕੋ *ਘੋੜਾ*
'ਪਾ-ਬੋਸੀਓਂ' ਕੀ ਪੜ ਗਈ ਹਰ ਸ਼ੈਖ਼ੋ ਸ਼ਾਬ ਕੋ *ਪੈਰ ਚੁੰਮਣ ਵਾਲੇ*
ਕਦਮੋਂ ਕੋ ਚੂਮਤਾ ਥਾ ਕੋਈ ਸਿੱਖ ਰਕਾਬ ਕੋ
ਘੇਰਾ ਹੂਆ ਸਤਾਰੋਂ ਨੇ ਥਾ 'ਮਹਿਤਾਬ' ਕੋ *ਸੂਰਜ*
ਜਲਵਾ ਜੁ ਥਾ ਫ਼ਲਕ ਪਿ ਵਹੀ ਥਾ ਜਹਾਨ ਪਰ।
ਪਹੁੰਚੀ ਹੂਈ ਥੀ ਰਨ ਕੀ ਜ਼ਿਮੀਂ ਆਸਮਾਨ ਪਰ।

ਜਦੋਂ ਮਹਾਰਾਜ ਨੂੰ ਘੋੜੇ ਤੇ ਸਵਾਰ ਵੇਖਿਆ ਆਲੇ-ਦੁਆਲੇ ਤੋਂ ਲੋਕ ਪੈਰਾਂ ਉੱਤੇ ਡਿੱਗ ਪਏ। ਕੋਈ ਗੁਰ ਸਿੱਖ ਪੈਰ ਚੁੰਮ ਰਿਹਾ ਸੀ ਤੇ ਕੋਈ ਰਕਾਬ ਉੱਤੇ ਮੱਥਾ ਟੇਕਦਾ ਸੀ। ਇੰਝ ਲੱਗਦਾ ਸੀ ਕਿ ਜਿਵੇਂ ਤਾਰਿਆਂ ਨੇ ਸੂਰਜ ਨੂੰ ਘੇਰ ਲਿਆ ਹੋਵੇ। ਜੋ ਰੋਸ਼ਨੀ ਆਸਮਾਨ ਉੱਤੇ ਦਿਸਦੀ ਸੀ ਉਹੀ ਸਾਰੀ ਦੁਨੀਆਂ ਉੱਤੇ ਸੀ ਤੇ ਜੰਗ ਦਾ ਮੈਦਾਨ ਆਸਮਾਨ ਤੱਕ ਪੁੱਜਿਆ ਹੋਇਆ ਸੀ।


Sri Satguru Jagjit Singh Ji eLibrary NamdhariElibrary@gmail.com

## 17

ਹੋਨੇ ਕੋ ਅਨਕਰੀਬ 'ਸਹਰ' ਕਾ ਜ਼ਹੂਰ ਥਾ — ਸਵੇਰ
ਸਬ ਮਿਟ ਚੁੱਕੇ ਥੇ ਸੁਬਹ ਕੇ ਤਾਰੇ ਪਿ ਨੂਰ ਥਾ
ਪਾਤਾਲ ਕਰ ਚੁੱਕਾ ਸ਼ਮਇ ਮਸ਼ਰਕ਼ 'ਅਬੂਰ' ਥਾ — ਜ਼ਾਹਰ
ਥੋੜਾ ਮੁਕਾਮਿ 'ਉਫ਼ਕ' ਸੇ 'ਖ਼ੁਰਸ਼ੀਦ' ਦੂਰ ਥਾ — *1. ਜਿੱਥੇ ਧਰਤੀ ਅਤੇ ਅਸਮਾਨ ਮਿਲਦੇ ਦਿਸਦੇ ਹਨ, 2. ਸੂਰਜ*

> ਫ਼ੀਕਾ ਫ਼ਲਕ ਕਾ ਚਾਂਦ ਥਾ ਨਾਨਕ ਕੇ ਚਾਂਦ ਸੇ।
> ਚਿਹਰੇ ਉਤਰੇ ਹੁਏ ਥੇ ਸਤਾਰੇ ਥੇ ਮਾਂਦ ਸੇ।

ਲਗਭੱਗ ਸਵੇਰ ਹੋਣ ਵਾਲੀ ਸੀ ਤੇ ਸਾਰੇ ਤਾਰੇ ਰੌਸ਼ਨੀ ਮਿਟਾ ਚੁੱਕੇ ਸਨ। ਪਾਤਾਲ ਪੂਰਬ ਵੱਲੋਂ ਰੌਸ਼ਨੀ ਜ਼ਾਹਰ ਕਰ ਰਿਹਾ ਸੀ ਅਤੇ ਸੂਰਜ ਚੜ੍ਹਨ ਦੇ ਨੇੜੇ ਆਇਆ ਹੋਇਆ ਸੀ। ਨਾਨਕ ਰੂਪੀ ਚੰਦ, ਗੁਰੂ ਜੀ ਸਾਹਮਣੇ ਆਸਮਾਨ ਦਾ ਚੰਦ ਫਿੱਕਾ ਪੈ ਗਿਆ ਸੀ। ਚਿਹਰੇ ਉੱਤਰੇ ਹੋਏ ਸਨ ਅਤੇ ਸਤਾਰੇ ਮੱਧਮ ਹੋ ਗਏ ਸਨ।

## 18

ਮਸ਼ਰਕ਼ ਕੀ 'ਸਿਮਤ' ਇਤਨੇ ਮੇਂ ਪਹੁ ਫੂਟਨੇ ਲਗੀ — ਪਾਸੇ
ਮਹਤਾਬੀ ਰੁਖ਼ ਪਿ ਚਾਂਦ ਕੇ ਫਿਰ ਛੂਟਨੇ ਲਗੀ
'ਜੌਜ਼ਾ' ਕੇ ਸਾਥ ਕੇ ਫ਼ਲਕ ਟੂਟਨੇ ਲਗੀ — *ਮਿਥੁਨ ਰਾਸ਼ੀ*
ਲੁਤਫ਼ਿ 'ਨਸੀਮ' ਖ਼ਲਕਿ ਖ਼ੁਦਾ ਲੂਟਨੇ ਲਗੀ — *ਸਵੇਰ ਦੀ ਹਵਾ*

> ਉਤਰਾ ਹੂਆ 'ਅਰੂਸਿ ਫ਼ਲਕ' ਕਾ ਸ਼ਿੰਗਾਰ ਥਾ। — *ਚੰਦ*
> ਗੁੰਮ 'ਕਹਕਸ਼ਾਂ' ਕਾ ਸੀਨੇ ਸੇ ਨੌ ਲੱਖਾ ਹਾਰ ਥਾ। — *ਤਾਰਿਆਂ ਦੀ ਸੜਕ*

ਏਨੇ ਨੂੰ ਪੂਰਬ ਵਲ ਪਹੁ ਫੁਟਾਲਾ ਹੋਣ ਲੱਗਿਆ। ਚੰਦ ਦੀ ਰੌਸ਼ਨੀ ਬੁਝਣ ਲੱਗੀ। ਮਿਥਨ ਰਾਸ਼ੀ ਦੇ ਦੁਆਲੇ ਦਾ ਅਸਮਾਨ ਮੱਧਮ ਹੋ ਗਿਆ। ਸਵੇਰ ਦੀ ਹਵਾ ਰੱਬ ਦੀ ਖ਼ਲਕਤ ਤੱਕ ਪੁੱਜਣ ਲੱਗੀ। ਚੰਦ ਦੀ ਰੋਸ਼ਨੀ ਮਿਟਦੀ ਜਾ ਰਹੀ ਸੀ ਮਾਨੋ ਕਹਿਕਸ਼ਾਂ ਦੇ ਸੀਨੇ ਤੋਂ ਨੌ ਲੱਖਾ ਹਾਰ ਗੁੰਮ ਹੋ ਰਿਹਾ ਸੀ।


Sri Satguru Jagjit Singh Ji eLibrary NamdhariElibrary@gmail.com

## 19

ਜ਼ੁਹਰਾ ਕੀ ਤਾਕ ਝਾਕ ਥੀ ਬੰਦ ਆਸਮਾਨ ਸੇ
ਗਾਇਬ ਥਾ 'ਮੁਸ਼ਤਰੀ' ਕੀ ਫ਼ਲਕ ਕੀ ਦੁਕਾਨ ਸੇ — *ਬ੍ਰਹਸਪਤਿ*
ਝੁਮਰ ਭੀ ਉਡ਼ ਚੁੱਕਾ ਥਾ 'ਸੁਰੈਯਾ' ਕੇ ਕਾਨ ਸੇ — *ਨਛੱਤਰ*
ਬੜ੍ਹਨੇ ਲਗੀ ਸਹਰ ਕੀ ਸਪੇਦੀ ਥੀ ਸ਼ਾਨ ਸੇ
ਲੇ ਕਰ ਕਿਰਨ ਕਾ ਤਾਜ ਥਾ ਸੂਰਜ ਨਿਕਲਨੇ ਕੋ।
ਮਸ਼ਰਕ਼ ਸੇ ਚਸ਼ਮਏ ਨੂਰ ਕਾ ਅਬ ਥਾ ਉਬਲਨੇ ਕੋ।

ਜ਼ੁਹਰਾ ਸਤਾਰੇ ਦਾ ਟਿਮਟਮਾਉਣਾ ਬੰਦ ਹੋ ਚੁੱਕਿਆ ਸੀ। ਆਸਮਾਨ ਦੀ ਹੱਟ ਚੋਂ ਮੁਸ਼ਤਰੀ ਵੀ ਖ਼ਤਮ ਹੋ ਗਿਆ ਸੀ। ਕ੍ਰਿਤਕ ਨਛੱਤਰ ਦੇ ਕੰਨ ਵਿੱਚੋਂ ਝੁਮਰ ਵੀ ਉਡ਼ ਗਿਆ ਸੀ ਤੇ ਪੂਰੀ ਸ਼ਾਨ ਨਾਲ ਸਵੇਰ ਦੀ ਚਮਕ ਵੱਧ ਰਹੀ ਸੀ। ਸੂਰਜ ਰੌਸ਼ਨੀ ਦੀ ਕਿਰਨ ਲੈਕੇ ਨਿਕਲਣ ਲਈ ਤਿਆਰ ਸੀ ਅਤੇ ਪੂਰਬ ਵਲੋਂ ਨੂਰ ਦਾ ਚਸ਼ਮਾ ਉਬਲਣ ਲਈ ਤਿਆਰ ਸੀ।

## 20

ਸਤਿਗੁਰੂ ਅਬ ਆਨ ਪਹੁੰਚੇ ਥੇ ਸਰਸਾ ਨਦੀ ਕੇ ਪਾਸ
ਥੇ ਚਾਹਤੇ ਬੁਝਾਏਂ ਵਹ ਬਾਰਹ ਪਹਰ ਕੀ ਪਯਾਸ
ਇਸ਼ਨਾਨ ਕਰਕੇ ਔਰ ਬਦਲ ਕੇ ਨਯਾ ਲਿਬਾਸ
ਵਾਹਿਗੁਰੂ ਕਾ ਨਾਮ ਜਪੇਂ ਔਰ ਕਰੇਂ 'ਸਪਾਸ' — *ਸ਼ੁਕਰ*
ਜਪੁਜੀ ਕਾ ਜਾਪ ਉਸ ਘੜੀ ਕਰਨਾ ਜ਼ਰੂਰ ਥਾ।
ਪੜ੍ਹ ਕੇ ਗੁਰੂ ਗ੍ਰੰਥ ਔਰ ਪੜ੍ਹਾਨਾ ਸਰੂਰ ਥਾ।

ਸਤਿਗੁਰੂ ਜੀ ਹੁਣ ਸਰਸਾ ਨਦੀ ਦੇ ਲਾਗੇ ਆਣ ਪੁੱਜੇ ਸਨ ਤੇ ਬਾਰਾਂ ਪਹਿਰ ਦੀ ਪਿਆਸ ਬੁਝਾਉਣ ਬਾਰੇ ਸੋਚ ਰਹੇ ਸੀ ਤਾਂ ਕਿ ਸਵੇਰੇ ਇਸ਼ਨਾਨ ਕਰਕੇ ਤੇ ਨਵੇਂ ਕੱਪੜੇ ਬਦਲ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਜਾਵੇ। ਉਸ ਵੇਲੇ ਉਨ੍ਹਾਂ ਨੇ ਜਪੁਜੀ ਦਾ ਪਾਠ ਕਰਨਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਪੜ੍ਹਕੇ ਦੂਜਿਆਂ ਨੂੰਵੀ ਪੜ੍ਹਾਉਣਾ ਸੀ ਤਾਂ ਜੋ ਹੋਰਾਂ ਵਿੱਚ ਵੀ ਪੂਰਾ ਆਨੰਦ ਫੈਲ ਜਾਵੇ।


Sri Satguru Jagjit Singh Ji eLibrary NamdhariElibrary@gmail.com

## 21

ਥਾ ਸਿਰ ਪਿ ਵਕ਼ਤ ਆ ਗਯਾ 'ਆਸਾ ਕੀ ਵਾਰ' ਕਾ
ਸਾਜ਼ੋਂ ਕੇ 'ਜ਼ੀਰ ਬਮ' ਕਾ ਚੜ੍ਹਾਉ ਉਤਾਰ ਕਾ *ਸੁਰ ਪੰਚਮ*
ਮਨਸ਼ਾ ਤਾ ਕਲਗ਼ੀਧਰ ਕੇ ਦਿਲਿ ਬੇਕ਼ਰਾਰ ਕਾ
ਮੌਕ਼ਾ ਮਿਲੇ ਤੋ ਕਰ ਲੇਂ ਭਜਨ 'ਕਿਰਦਗਾਰ' ਕਾ *ਪਰਮਾਤਮਾ*
ਜਬ ਮਹਵਿ ਬੰਦਗੀ ਹੂਏ ਨਾਨਕ ਕੇ ਜਾਨਸ਼ੀਨ।
ਆ ਟੂਟੇ ਖ਼ਾਲਸਾ ਪੈ ਅਚਾਨਕ ਕਈ 'ਲਈਨ'। *ਲਾਹਣਤੀ*

ਏਨੇ ਨੂੰ 'ਆਸਾਂ ਦੀ ਵਾਰ' ਦਾ ਸਮਾਂ ਆ ਗਿਆ ਤੇ ਸਾਜ਼ ਪੂਰੀ ਧੁਨ ਤੇ ਸ਼ਾਨ ਨਾਲ ਆਰੰਭ ਹੋ ਗਏ। ਕਲਗ਼ੀਧਰ ਮਹਾਰਾਜ ਦੇ ਬੇਚੈਨ ਦਿਲ ਦੀ ਇੱਛਾ ਸੀ ਕਿ ਜੇ ਮੌਕਾ ਮਿਲ ਜਾਵੇ ਤਾਂ ਪ੍ਰਭੂ ਦੀ ਕੁਦਰਤ ਦੀ ਆਰਾਧਨਾ ਕਰ ਲਈਏ। ਪਰ ਜਦੋਂ ਸ੍ਰੀ ਗੁਰੂ ਨਾਨਕ ਦੇ ਜਾਨਸ਼ੀਨ ਬੰਦਗੀ ਵਿੱਚ ਲੀਨ ਹੋ ਗਏ ਤੇ ਕਈ ਲਾਹਣਤੀ ਖ਼ਾਲਸਾ ਜੀ ਪਰ ਹਮਲਾ ਕਰਕੇ ਆ ਪਏ।

## 22

ਬਦਬਖ਼ਤੋਂ ਨੇ ਜੋ ਵਾਅਦਾ ਕੀਆ ਥਾ ਬਿਸਰ ਗਏ
ਨਾਮਰਦ ਕ਼ੌਲ ਕਰਕੇ ਜ਼ੁਬਾਂ ਸੇ ਮੁਕਰ ਗਏ
ਗੋਬਿੰਦ ਸਿੰਘ ਕੇ ਸ਼ੇਰ ਭੀ ਫ਼ੌਰਨ ਬਿਫ਼ਰ ਗਏ
ਤਲਵਾਰੇਂ ਸੂਤ ਸੂਤ ਕੇ ਰਨ ਮੇਂ ਉਤਰ ਗਏ
ਮੈਦਾਂ ਕੋ ਏਕ ਆਨ ਮੇਂ ਚੌਰੰਗ ਕਰ ਦੀਆ।
ਰੁਸਤਮ ਭੀ ਆਯਾ ਸਾਹਮਨੇ ਤੋ ਦੰਗ ਕਰ ਦੀਆ।

ਹਰਾਮੀਆਂ ਨੇ ਜੋ ਪ੍ਰਣ ਕੀਤੇ ਸੀ, ਭੁੱਲ ਗਏ। ਨਾਮਰਦਾਂ ਨੇ ਜ਼ਬਾਨ ਨਾਲ ਕੀਤੇ ਸਾਰੇ ਇਕ਼ਰਾਰ ਤੋੜ ਦਿੱਤੇ। ਜਦੋਂ ਮਹਾਰਾਜ ਦੇ ਸ਼ੇਰਾਂ ਨੇ ਵੇਖਿਆ ਤਾਂ ਉਹ ਵੀ ਗ਼ੁੱਸੇ ਵਿੱਚ ਆਕੇ ਤਤਪਰ ਹੋ ਗਏ ਤੇ ਤਲਵਾਰਾਂ ਧੂਹ ਕੇ ਜੰਗ ਦੇ ਮੈਦਾਨ ਵਿੱਚ ਉੱਤਰ ਆਏ। ਘੜੀ ਪਲ ਵਿੱਚ ਹੀ ਮੈਦਾਨ ਨੂੰ ਏਨਾਂ ਭਿਆਨਕ ਬਣਾ ਦਿੱਤਾ ਕਿ ਉਸ ਵਕਤ ਰੁਸਤਮ ਵੀ ਆਕੇ ਤੱਕ ਲੈਂਦਾ ਤਾਂ ਦੰਗ ਰਹਿ ਜਾਂਦਾ।



Sri Satguru Jagjit Singh Ji eLibrary NamdhariElibrary@gmail.com

## 23

ਸਤਿਗੁਰੂ ਕੇ ਗਿਰਦ ਸੀਨੋਂ ਕੀ ਦੀਵਾਰ ਖੈਂਚ ਲੀ।
ਸੌ ਬਾਰ ਗਿਰ ਗਈ ਭੀ ਤੋ ਸੌ ਬਾਰ ਖੈਂਚ ਲੀ
ਖ਼ੰਜਰ 'ਅਦੂ' ਕਾ ਦੇਖ ਕੇ ਤਲਵਾਰ ਖੈਂਚ ਲੀ
ਜ਼ਖ਼ਮੀ ਹੂਏ ਤੋ ਲੱਜ਼ਤਿ 'ਸੱਫ਼ਾਰ' ਖੈਂਚ ਲੀ — *ਤੀਰ*
ਯਾਦਿ ਅਕਾਲ ਪੁਰਖ ਮੇਂ ਫਿਰ ਭੀ ਜਮੇ ਰਹੇ।
'ਚਰਕੇ' ਹਜ਼ਾਰ ਖਾ ਕੇ ਅਕਾਲੀ ਥਮੇ ਰਹੇ। — *ਜ਼ਖ਼ਮ*

ਸਤਿਗੁਰੂਆਂ ਨੂੰ ਬਹਾਦਰ ਯੋਧਿਆਂ ਨੇ ਤਲਵਾਰਾਂ ਕੱਢ ਕੇ ਇੱਕ ਦੀਵਾਰ ਜਿਹੀ ਬਣਾ ਕੇ ਆਪਣੀ ਸੁਰਖਿਆ ਵਿੱਚ ਲੈ ਲਿਆ ਤਾਂ ਜੋ ਦੁਸ਼ਣ ਦੇ ਖ਼ੰਜਰਾਂ ਨੂੰ ਖੁੰਢਾ ਕਰ ਸਕਣ। ਜੋ ਦੁਸ਼ਮਣ ਦੇ ਤੀਰਾਂ, ਨਾਲ ਜੋਧੇ ਜ਼ਖ਼ਮੀ ਵੀ ਹੋ ਜਾਂਦੇ ਤਾਂ ਵੀ ਇਸ ਹਾਲਤ ਵਿੱਚ ਆਪਣੇ ਤੀਰਾਂ ਦੀ ਵਰਖਾ ਦਾ ਮਜ਼ਾ ਲੈਂਦੇ ਰਹੇ। ਪਰ ਫੇਰ ਵੀ ਉਹ ਵਾਹਿਗੁਰੂ ਦੀ ਯਾਦ ਵਿੱਚ ਜੁਟੇ ਰਹੇ। ਅਤੇ ਹਜ਼ਾਰਾਂ ਜ਼ਖ਼ਮ ਖਾ ਕੇ ਵੀ ਮੈਦਾਨ ਵਿੱਚ ਡਟੇ ਰਹੇ।

## 24

ਹਰ ਚੰਦ ਟੂਟ ਟੂਟ ਕੇ ਗਿਰਤੇ ਰਹੇ 'ਲਈਂ' — *ਲਾਹਣਤੀ*
ਸਿੰਘੋਂ ਨੇ ਏਕ ਇੰਚ ਭੀ ਛੋੜੀ ਨਹੀਂ ਜ਼ਿਮੀਂ
ਲੌਗਰ ਕਿਸੀ ਸੇ ਸ਼ੇਰੋਂ ਕਾ ਹਿਲਤਾ ਭੀ ਹੈ ਕਹੀਂ
ਬੇਸ਼ੱਕ ਨਹੀਂ ਨਹੀਂ ਕਭੀ, ਹਾਂ ਹਾਂ ਨਹੀਂ ਨਹੀਂ
ਮਸਰੂਫ਼ ਯਾਦਿ ਹੱਕ ਮੇਂ ਗੁਰੂ 'ਬੇਦਰੇਗ' ਥੇ। — *ਨਿਸ਼ਚਿੰਤ*
ਕਯੋਂ ਮੌਤ ਸੇ ਲਰਜ਼ਤੇ ਵੁਹ ਫ਼ਰਜ਼ੰਦਿ ਤੇਗ਼ ਥੇ।

ਲਾਅਣਤੀ ਮਰ ਮਰ ਕੇ ਗਿਰਦੇ ਰਹੇ ਪਰ ਸਿੰਘਾਂ ਨੇ ਇੱਕ-ਇੰਚ ਵੀ ਜ਼ਮੀਨ ਨਾ ਛੱਡੀ। ਸ਼ੇਰਾਂ ਦੀਆਂ ਸਫਾਂ ਕੌਣ ਤੋੜ ਸਕਦਾ ਹੈ, ਤੇ ਹਾਂ ਨੂੰ ਅਤੇ ਨਾਂ ਨੂੰ ਹਾਂ ਵਿੱਚ ਨਹੀਂ ਬਦਲਿਆ ਜਾ ਸਕਦਾ। ਗੁਰੂ ਜੀ ਨਿਸਚਿੰਤ ਹੋਕੇ ਪਰਮਾਤਮਾ ਦੀ ਯਾਦ ਵਿੱਚ ਮਸਤ ਸਨ। ਉਹ ਮੌਤ ਤੋਂ ਕਿਵੇਂ ਡਰ ਸਕਦੇ ਸਨ ਕਿਉਂਕਿ ਉਹ ਤਾਂ ਆਪ ਤੇਗ਼ਾ ਦੇ ਧਨੀ ਸਨ।


Sri Satguru Jagjit Singh Ji eLibrary NamdhariElibrary@gmail.com

## 25

ਬੇਮਿਸਲੋ-ਬੇਨਜ਼ੀਰ ਤੂ ਸਤਿਗੁਰੂ ਹਮਾਰਾ ਹੈ
ਵਾਹਿਗੁਰੂ ਕੇ ਬਾਅਦ ਤਿਰਾ ਹੀ ਸਹਾਰਾ ਹੈ
ਹੇ ਕਾਸ਼! ਸਭ ਕੋ ਤੁਝ ਕੋ ਖ਼ੁਦਾ ਜਿਤਨਾ ਪਿਆਰਾ ਹੈ
ਤੇਗ਼ੋਂ ਕੇ ਸਾਏ ਮੇਂ ਕਹਾਂ ਦਾਤਾ ਬਿਸਾਰਾ ਹੈ
ਤੌਹੀਦ ਪਿ ਫ਼ਿਦਾ ਥਾ ਤੂ ਆਲੀ ਮੁਕ਼ਾਮ ਥਾ।
ਤੀਰੋਂ ਕੇ ਮੀਂਹ ਮੇਂ ਯਾਦਿ ਖ਼ੁਦਾ ਤੇਰਾ ਕਾਮ ਥਾ।

ਗੁਰੂ ਗੋਬਿੰਦ ਸਿੰਘ ਜੀ ਤੂੰ ਸਾਡਾ ਐਸਾ ਗੁਰੂ ਹੈਂ ਜਿਸ ਵਰਗਾ ਹੋਰ ਕੋਈ ਨਹੀਂ ਹੈ। ਸਾਨੂੰ ਵਾਹਿਗੁਰੂ ਤੋਂ ਪਿੱਛੋਂ ਤੇਰਾ ਹੀ ਆਸਰਾ ਹੈ। ਰੱਬ ਕਰੇ ਸਭ ਨੂੰ ਤੇਰੇ ਨਾਲ਼ ਉਨ੍ਹਾਂ ਹੀ ਪਿਆਰ ਹੋਵੇ ਜਿਨ੍ਹਾਂ ਤੇਨੂੰ ਪਰਮਾਤਮਾ ਨਾਲ਼ ਹੈ। ਤੂੰ ਤਲਵਾਰਾਂ ਦੀ ਛਾਂ ਹੇਠਾਂ ਵੀ ਰੱਬ ਨੂੰ ਨਹੀਂ ਭੁਲਾਇਆ। ਚਾਰੇ ਪਾਸੇ ਚੱਲਦੀਆਂ ਤਲਵਾਰਾਂ ਵੇਲੇ ਵੀ ਤੂੰ ਉਸਦੀ ਬੰਦਗੀ ਵਿੱਚ ਰੁੱਝਿਆ ਹੋਇਆ ਸੀ।

## 26

ਯਾਦਿ ਅਕਾਲ ਪੁਰਖ ਕਾ ਸਭ ਕੋ ਸਬਕ਼ ਦੀਆ
ਖ਼ੰਜਰ ਕੀ ਧਾਰ ਪਿ ਭੀ ਵਰਕ ਦਰ ਵਰਕ਼ ਦੀਆ
ਕਰਕੇ ਅਮਲ ਸਿਖਾਯਾ ਜੁ ਮਜ਼ਮੂੰ ਅਰਕ਼ ਦੀਆ
ਫਿਰ ਜ਼ਾਲਮੋਂ ਸੇ ਛੀਨ ਕੇ, ਸਿੰਘੋਂ ਕੋ ਹੱਕ ਦੀਆ
ਰੁਤਬੇ ਸੇ 'ਮਾਅਰਫ਼ਤ' ਕੇ ਹੈਂ ਹਮ ਆਜ ਗਿਰ ਗਏ। *ਬ੍ਰਹਮ ਗਿਆਨ*
ਸੁਹੱਬਤ ਸੇ ਬੁਤਪ੍ਰਸਤੋਂ ਕੀ ਤਕ਼ਦੀਰ ਫਿਰ ਗਏ।

ਤੂੰ ਸਭ ਨੂੰ ਪ੍ਰਭੂ ਦੀ ਬੰਦਗੀ ਦਾ ਪਾਠ ਪੜ੍ਹਾਇਆ। ਖੰਜਰ ਦੀ ਧਾਰ ਉੱਤੇ ਵੀ ਤੂੰ ਅਡੋਲ ਰਹਿਣਾ ਸਿਖਾਇਆ। ਜੋ ਕਿਹਾ ਉਹ ਅਮਲੀ ਤੌਰ 'ਤੇ ਕੀਤਾ। ਤੂੰ ਜ਼ਾਲਮਾਂ ਪਾਸੋਂ ਖੋਹ ਕੇ ਸਿੰਘਾਂ ਨੂੰ ਸਿੰਘਾਂ ਦੇ ਹੱਕ ਬਖ਼ਸ਼ੇ। ਪਰ ਬ੍ਰਹਿਮ ਗਿਆਨੀ ਦੀ ਪਦਵੀ ਤੋਂ ਅਸੀਂ ਅੱਜ ਡਿੱਗ ਪਏ ਹਾਂ। ਅਸੀਂ ਬੁੱਤ ਪੂਜਾਂ ਦੀ ਸੋਹਬਤ ਵਿੱਚ ਫਸ ਕੇ ਆਪਣੀ ਕਿਸਮਤ ਨੂੰ ਗੰਵਾ ਲਿਆ ਹੈ।


Sri Satguru Jagjit Singh Ji eLibrary NamdhariElibrary@gmail.com

## 27

ਫ਼ਾਰਿਗ ਇਬਾਦਤੋਂ ਸੇ ਗ਼ਰਜ਼ਿ ਕਿ ਹੂਏ ਗੁਰੂ
ਪੂਛਾ ਯਹ ਸ਼ਹਿਜ਼ਾਦੋਂ ਸੇ ਕਿਉਂ 'ਗ਼ੁਲ' ਹੈ ਚਾਰ ਸੂ ਰੌਲਾ
ਫ਼ੁਰਮਾਏ ਹਾਥ ਬਾਂਧ ਵੋਹ ਚਾਰੋਂ ਹੀ 'ਨੇਕ-ਖ਼ੂ' ਰੰਗੇ ਸੁਭਾਅ ਵਾਲੇ
ਸਬ ਵਾਕ਼ਿਆ ਬਿਆਂ ਕੀਆ ਸਤਿਗੁਰ ਕੇ ਰੂਬਰੂ
ਸੁਨਤੇ ਹੀ ਜਿਸ ਕੋ ਆਪ ਕੇ ਤੇਵਰ ਬਦਲ ਗਏ।
ਗੱਦੀ ਸੇ ਉਤਰੇ ਤੇਗ਼ ਉਠਾਈ ਸੰਭਲ ਗਏ।

ਗੱਲ ਕੀ, ਗੁਰੂ ਜੀ ਜਦੋਂ ਬੰਦਗੀ ਕਰ ਚੁੱਕੇ ਤਾਂ ਪੁੱਤਰਾਂ ਤੋਂ ਪੁੱਛਿਆ ਕਿ ਇਹ ਚਾਰੇ ਪਾਸੇ ਸ਼ੋਰ ਕਿਉਂ ਹੋ ਰਿਹਾ ਹੈ ? ਚਾਰੇ ਨੇਕ ਪੁੱਤਰਾਂ ਨੇ ਹੱਥ ਜੋੜ ਕੇ ਅਰਜ਼ ਕੀਤੀ ਤੇ ਸਾਰੀ ਖ਼ਬਰ ਸਤਿਗੁਰੂ ਜੀ ਨੂੰ ਕਹਿ ਸੁਣਾਈ। ਗੁਰੂ ਜੀ ਸੁਣਦੇ ਸਾਰ ਨਵੇਂ ਜੋਸ਼ ਵਿੱਚ ਆ ਗਏ ਤੇ ਗੱਦੀ ਤੋਂ ਉੱਠ ਕੇ ਤਲਵਾਰ ਚੁੱਕ ਲਈ।

## 28

ਅਸਲਾ ਸਜਾਇ ਕਲਗੀ ਲਗਾਇ 'ਡਬਰ' ਲੀਆ ਸ਼ਫ਼ਾਜੰਗ
ਤੀਰੋਂ ਸੇ ਖ਼ੂਬ ਠੋਂਸ ਕੇ ਤਰਕਸ਼ ਕੋ ਭਰ ਲੀਆ
ਘੋੜਾ ਮੰਗਾ ਰਕਾਬ ਪਿ ਜਬ ਪਾਉਂ ਧਰ ਲੀਆ
ਕਾਬੂ ਅਨਾ ਕੋ ਥਾਮ ਕੇ ਇਕ ਦੇਵ ਕਰ ਲੀਆ
ਸਿੱਖੋਂ ਮੇਂ ਜਬ ਰਵਾਂ ਹੂਆ ਗੁਰ ਕਾ 'ਸਮੰਦ' ਥਾ। ਘੋੜਾ
ਵਾਹਿਗੁਰੂ ਕੀ ਫ਼ਤ੍ਹੇ ਕਾ ਨਾਅਰਾ ਬੁਲੰਦ ਥਾ।

ਮਹਾਰਾਜ ਨੇ ਹਥਿਆਰ ਸਜਾ ਲਏ, ਕਲਗੀ ਸਿਰ ਤੇ ਰੱਖੀ ਤੇ ਸ਼ਫ਼ਾ ਜੰਗ ਚੁੱਕਿਆ। ਤੀਰਾਂ ਨਾਲ ਤਰਕਸ਼ ਜਾਂ ਭੱਥੇ ਨੂੰ ਤੁੱਨਕੇ ਭਰ ਲਿਆ। ਫੇਰ ਘੋੜਾ ਮੰਗਵਾ ਕੇ ਜਦੋਂ ਰਕਾਬ ਤੇ ਪੈਰ ਟਕਾਇਆ ਹਰ ਪਾਸਿਓਂ ਆਪਣੇ ਆਪ ਨੂੰ ਤਿਆਰ ਕਰਕੇ ਹਾਲਤ ਸੰਭਾਲੀ। ਫੇਰ ਜਦੋਂ ਸਿੱਖਾਂ ਵਿੱਚੋਂ ਗੁਰੂ ਜੀ ਦਾ ਘੋੜਾ ਤੁਰਿਆ ਤੇ ਹਰ ਪਾਸੇ ਵਾਹਿਗੁਰੂ ਦੀ ਜਿੱਤ ਦਾ ਨਾਅਰਾ ਗੂੰਜ ਰਿਹਾ ਸੀ।


Sri Satguru Jagjit Singh Ji eLibrary NamdhariElibrary@gmail.com

## 29

ਹਾਂ ਸਾਕ਼ੀਆ! ਕਿਧਰ ਹੈ 'ਸ਼ਰਾਬ ਕੁਹਨ' ਪਿਲਾ। — *ਪੁਰਾਣੀ ਸ਼ਰਾਬ*
ਕਹਤਾ ਹੈ ਤੁਝੇ ਜੋ ਹਾਏ ਸ਼ੀਰੀਂ ਸੁਖ਼ਨ ਪਿਲਾ — *ਚੌਧਵੀਂ ਦਾ ਚੰਨ*
ਸ਼ੇਰੋਂ ਕੋ ਆਜ ਸ਼ੇਰੀ ਪਿਲਾ ਸ਼ੈਂਪੀਅਨ ਪਿਲਾ
ਪਾਉ ਆਧ ਪਾਉ ਹੇਚ ਹੈ ਦੋ ਚਾਰ ਮਣ ਪਿਲਾ
ਸਤਿਗੁਰ ਕੀ ਤਾਕਿ ਰਨ ਮੈਂ ਲੜਾਈ ਦਿਖਾ ਸਕੂੰ।
ਮੈਂ ਭੀ ਰਕਾਬ ਥਾਮ ਕੇ, ਮੈਦਾਂ ਮੇਂ ਜਾ ਸਕੂੰ।

ਹੇ ਸਾਕ਼ੀ ! ਤੇਰੀ ਪੁਰਾਣੀ ਸ਼ਰਾਬ ਕਿੱਧਰ ਪਈ ਹੈ ਮੈਨੂੰ ਹੁਣ ਉਹ ਪਿਲਾ ਦੇ। ਜਿਹੜੇ ਵਿੱਛੜ ਗਏ ਹਨ, ਉਹਨਾਂ ਦੇ ਮਿੱਠੇ ਬਚਨ ਸਾਨੂੰ ਦੇ ਦੇਹ। ਅੱਜ ਬਹਾਦਰਾਂ ਨੂੰ ਸ਼ੇਰੀ ਤੇ ਸ਼ੈਂਪੀਅਨ ਪਿਲਾ ਦੇ। ਅੱਜ ਪਾਓ ਅੱਧ ਪਾਓ ਨਾਲ ਨਹੀਂ ਸਰਨਾ ਅੱਜ ਤਾਂ ਦੋ ਚਾਰ ਮਣ ਨਾਲ ਹੀ ਸਰੂਗਾ। ਤਾਂ ਜੋ ਮੈਂ ਪ੍ਰਭੂ ਮਸਤੀ ਵਿੱਚ ਬੇ ਸੁੱਧ ਹੋਕੇ ਮੈਦਾਨ ਵਿੱਚ ਜਾ ਸਕਾਂ ਤੇ ਘੋੜੇ ਦੀ ਲਗਾਮ ਫੜ ਕੇ ਦੁਸ਼ਮਣ ਨਾਲ ਚਾਰ ਹੱਥ ਕਰ ਸਕਾਂ।

## 30

ਵੁਹ ਦੇਖੋ ਰਨ ਮੇਂ ਤੇਗ਼ ਬਹਾਦਰ ਕਾ ਲਾਲ ਹੈ
ਵੁਹ ਦੇਖੋ ਬਨ ਮੇਂ 'ਸਰਵਰਿ' ਫ਼ੌਜਿ ਅਕਾਲ ਹੈ — *ਸੈਨਾਪਤਿ*
ਤਲਵਾਰ ਦਸਤਿ ਰਾਸਤ ਮੇਂ 'ਚਪ' ਮੇਂ ਢਾਲ ਹੈ — ਖੱਬੇ
ਸੂਰਜ ਕੇ ਸਰ ਪਿ ਬਦਰ ਭੀ ਹੈ, ਔਰ 'ਹਲਾਲ' ਹੈ — ਢਾਲ, ਤਲਵਾਰ
ਸ਼ਮਸ਼ੀਰ ਜਬ ਹਿਲਾਈ ਤੋ ਬਿਜਲੀ ਚਮਕ ਗਈ।
ਦਹਸ਼ਤ ਸੇ ਸਾਰੀ ਫ਼ੌਜ ਅਦੂ ਕੀ 'ਦਬਕ' ਗਈ। — ਕੰਬੀ

ਅਲਾ ਯਾਰ ਖਾਂ ਤਸਵੀਰ ਖਿੱਚਦਾ ਹੈ ਕਿ ਵੇਖੋ ਜੰਗ ਦੇ ਮੈਦਾਨ ਵਿੱਚ ਹੁਣ ਤੇਗ਼ ਬਹਾਦਰ ਦਾ ਪੁੱਤਰ ਡੱਟ ਗਿਆ ਹੈ। ਵੇਖੋ ਮੈਦਾਨ ਵਿੱਚ ਫ਼ੌਜ ਦਾ ਸੈਨਾਪਤੀ ਨਿੱਤਰ ਪਿਆ ਹੈ। ਸੱਜੇ ਹੱਥ ਵਿੱਚ ਤਲਵਾਰ ਤੇ ਖੱਬੇ ਵਿੱਚ ਢਾਲ ਹੈ। ਇੰਝ ਲੱਗਦੈ ਕਿ ਜਿਵੇਂ ਸੂਰਜ ਦੇ ਸਿਰ ਤੇ ਚੌਧਵੀਂ ਦਾ ਚੰਨ ਵੀ ਹੋਵੇ ਤੇ ਢਾਲ ਤਲਵਾਰ ਵੀ ਹੋਵੇ। ਜਦੋਂ ਮਹਾਰਾਜ ਨੇ ਤਲਵਾਰ ਨੂੰ ਹਿਲਾਇਆ ਤਾਂ ਇੰਝ ਲੱਗਿਆ ਜਿਵੇਂ ਬਿਜਲੀ ਚਮਕ ਗਈ ਹੋਵੇ ਤੇ ਡਰਦੀ ਮਾਰੀ ਦੁਸ਼ਮਣ ਦੀ ਫੌਜ ਵੀ ਕੰਬ ਗਈ ਹੋਵੇ।


Sri Satguru Jagjit Singh Ji eLibrary NamdhariElibrary@gmail.com

31

ਸਤਿਗੁਰ ਕੋ ਦੇਖ ਪੜ ਗਈ ਦੁਸ਼ਮਨ ਮੇਂ ਖ਼ਲਬਲੀ
ਨਾਜ਼ਮ ਕੋ 'ਇਜ਼ਤਬਾਰ' ਥਾ, ਰਾਜੋਂ ਕੀ ਬੇਕਲੀ — ਘਬਰਾਹਟ
ਕਹਤੇ ਥੇ ਇਨ ਕੀ ਜਬ ਕਭੀ ਤਲਵਾਰ ਹੈ ਚਲੀ
ਸਰ ਲੇ ਕੇ ਫਿਰ ਹਜ਼ਾਰੋਂ ਕੇ ਹੀ ਹੈ ਬਲਾ ਟਲੀ
ਜਾਨੋਂ ਕੀ ਖ਼ੈਰ ਚਾਹਤੇ ਹੋ, ਮਿਲ ਕੇ ਘੇਰ ਲੋ।
ਕਿਸਮਤ ਚਲੀ ਹੈ ਹਾਥ ਸੇ, ਫਿਰ ਉਸ ਕੋ ਫੇਰ ਲੋ।

ਜਿਉਂ ਹੀ ਸਤਿਗੁਰੂ ਨੂੰ ਦੁਸ਼ਮਣ ਨੇ ਵੇਖਿਆ ਉਸ ਵਿੱਚ ਘਬਰਾਹਟ ਪੈਦਾ ਹੋ ਗਈ। ਨਾਜ਼ਮ ਘਬਰਾ ਕੇ ਬੇਚੈਨ ਹੋਇਆ ਪਿਆ ਸੀ। ਆਪਸ ਵਿੱਚ ਉਹ ਕਹਿ ਰਹੇ ਸਨ ਕਿ ਜਦੋਂ ਵੀ ਗੁਰੂ ਦੀ ਤਲਵਾਰ ਚੱਲੀ ਹੈ ਤਾਂ ਹਜ਼ਾਰਾਂ ਦੇ ਸਿਰ ਲੈ ਕੇ ਮਿਆਨ 'ਚ ਪਈ ਹੈ। ਜੇ ਆਪਣੀਆਂ ਜਾਨਾਂ ਦੀ ਖ਼ੈਰ ਚਾਹੁੰਦੇ ਹੋ ਤਾਂ ਕੱਠੇ ਹੋ ਕੇ ਘੇਰਾ ਪਾ ਲਵੋ। ਲਗਦੈ ਆਪਣੀ ਜਾਂਦੀ ਕਿਸਮਤ ਨੂੰ ਵਾਪਸ ਪਲਟਾ ਲਵੋ।

32

ਸੁਨ ਕਰ ਯਿ ਬਾਤ ਟੂਟ ਪੜੇ ਮਿਲ ਕੇ 'ਅਹਲਿ ਕੀਂ' — ਕੀਨਾਖ਼ੋਰ, ਦੁਸ਼ਮਣ
ਹਮਲਾ ਕੀਆ ਵੁਹ ਸਖ਼ਤ ਕਿ ਥਰਰਾ ਗਈ ਜ਼ਿਮੀਂ
ਹੋ ਜਾਤਾ ਜ਼ੇਰ ਇਸ ਘੜੀ ਰੁਸਤਮ ਭੀ ਬਿਲ ਯਕੀਂ
'ਕਰਗਾ' ਮੇਂ ਆ ਕੇ ਸਤਿਗੁਰੂ, ਘਬਰਾਏ ਤਕ ਨਹੀਂ — ਘੇਰਾ
ਇਕ ਢਾਲ ਪਿ ਹਜ਼ਾਰੋਂ ਕੇ ਰੋਕੇ ਹਜ਼ਾਰ ਵਾਰ।
ਤਲਵਾਰ ਜਬ ਉਠਾਈ ਤੋ ਭਾਗੇ ਕਤਾਰਵਾਰ।

ਨਾਜ਼ਮ ਦੀ ਗੱਲ ਸੁਣ ਕੇ ਸਾਰੇ ਹੀ ਦੁਸ਼ਮਣ ਗੁਰੂ ਜੀ ਪਰ ਟੁੱਟ ਪਏ। ਏਨਾਂ ਭਾਰੀ ਹਮਲਾ ਕੀਤਾ ਕਿ ਧਰਤੀ ਵੀ ਕੰਬ ਗਈ। ਜੇ ਇਸ ਵਕਤ ਰੁਸਤਮ ਵੀ ਸਾਹਮਣੇ ਹੁੰਦਾ ਤਾਂ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਵੀ ਹੈਰਾਨ ਰਹਿ ਜਾਂਦਾ। ਪਰ ਸਤਿਗੁਰੂ ਘੇਰੇ ਵਿੱਚ ਆ ਕੇ ਵੀ ਬਿਲਕੁਲ ਨਹੀਂ ਘਬਰਾਏ। ਕੱਲੀ ਢਾਲ ਨਾਲ ਹਜ਼ਾਰਾਂ ਦੁਸ਼ਮਣਾਂ ਦੇ ਵਾਰਾਂ ਨੂੰ ਰੋਕਿਆ। ਜਦੋਂ ਤਲਵਾਰ ਚੁੱਕ ਲਈ ਤਾਂ ਦੁਸ਼ਮਣ ਕਤਾਰਾਂ ਬੰਨ੍ਹ ਕੇ ਭੱਜ ਗਏ।


Sri Satguru Jagjit Singh Ji eLibrary NamdhariElibrary@gmail.com

## 33

ਕਹਨੇ ਲਗੇ, ਗੁਰੂ ਤੋ ਜ਼ਯਾਲੇ ਬਲਾ ਕੇ ਹੈਂ
ਸਭ ਦਾਉ ਘਾਤ ਯਾਦ ਇਨ੍ਹੇ 'ਫ਼ਨਿ ਵਗ਼ਾ' ਕੇ ਹੈਂ — *ਜੰਗ ਦੇ ਤਰੀਕੇ*
ਗੱਦੀ ਪਿ ਸੁਲਹ-ਕੁਲ ਹੈਂ ਤੋ ਰਨ ਮੇਂ ਲੜਾਕੇ ਹੈਂ
ਬੜ੍ਹ ਚੜ੍ਹ ਕੇ ਬਾਦਸ਼ਾਹੋਂ ਸੇ ਬੰਦੇ ਖ਼ੁਦਾ ਕੇ ਹੈਂ
ਹਮ ਤੋ ਸਮਝ ਰਹੇ ਥੇ ਪਕੜ ਲੇਂਗੇ ਆਨ ਮੇਂ।
ਸਾਬਤ ਹੂਏ ਪਿ ਸ਼ੇਰ, ਮਗਰ ਇਮਤਿਹਾਨ ਮੇਂ।

ਸਾਰੇ ਦੁਸ਼ਮਣ ਗੁਰੂ ਜੀ ਬਾਰੇ ਕਹਿ ਰਹੇ ਸੀ ਕਿ ਗੁਰੂ ਤਾਂ ਲੋਹੜੇ ਦੇ ਲੜਾਕੇ ਹਨ। ਇਸ ਨੂੰ ਲੜਾਈ ਦੇ ਸਾਰੇ ਦਾਅ ਉਚੇਚੇ ਯਾਦ ਹਨ। ਜੋ ਗੱਦੀ ਉੱਤੇ ਬੈਠੇ ਸੁਲ੍ਹਾ ਚਾਹੁੰਦੇ ਹਨ ਤੇ ਲੜਾਈ ਵੇਲੇ ਲੋਹੜੇ ਦੇ ਲੜਾਕੇ ਹਨ। ਇਹ ਤਾਂ ਰੱਬ ਦੇ ਬੰਦੇ ਬਾਦਸ਼ਾਹਾਂ ਤੋਂ ਵੀ ਵਧ ਚੜ੍ਹ ਕੇ ਹਨ। ਅਸੀਂ ਤਾਂ ਸਮਝਦੇ ਸੀ ਪਲਾਂ-ਛਿਣਾਂ ਵਿੱਚ ਉਸਨੂੰ ਫੜ੍ਹ ਲੈਣਗੇ ਪਰ ਇਹ ਤਾਂ ਅੱਜ ਇਮਤਿਹਾਨ ਵਿੱਚ ਸ਼ੇਰ ਸਾਬਤ ਹੋ ਰਹੇ ਹਨ।

## 34

ਸਤਿਗੁਰ ਨੇ ਰਾਜਪੂਤੋਂ ਕੇ ਛੱਕੇ ਛੁੜਾ ਦੀਏ
ਮੁਗ਼ਲੋਂ ਨੇ ਵਲਵਲੇ ਭੀ ਜੁ ਥੇ ਸਭ ਮਿਟਾ ਦੀਏ
ਦੁਸ਼ਮਨ ਕੋ ਅਪਨੀ ਤੇਗ਼ ਕੇ ਜੌਹਰ ਦਿਖਾ ਦੀਏ
'ਕੁਸ਼ਤੋਂ' ਕੀ ਏਕ ਆਨ ਮੇਂ 'ਪੁਸ਼ਤੇ' ਲਗਾ ਦੀਏ — *ਮੁਰਦੇ, ਢੇਰ*
ਰਾਜਾ ਜੋ ਚੜ੍ਹ ਕੇ ਆਏ ਥੇ, ਬਾਹਰ ਪਹਾੜ ਸੇ।
ਪਛਤਾ ਰਹੇ ਥੇ ਜੀ ਮੇਂ ਗੁਰੂ ਕੀ ਲਤਾੜ ਸੇ।

ਸਤਿਗੁਰੂ ਨੂੰ ਤਾਂ ਰਾਜਪੂਤਾਂ ਦੀ ਨਾਂਹ ਕਰਾ ਦਿੱਤੀ ਸੀ। ਇਹ ਸੋਚ ਮੁਗਲਾਂ ਨੇ ਆਪਣੇ ਅੰਦਰ ਉੱਠੇ ਹੋਏ ਜਜ਼ਬਾਤ ਤੇ ਵਲਵਲੇ ਠੰਢੇ ਕਰ ਲਏ। ਗੁਰੂ ਨੇ ਆਪਣੀ ਤਲਵਾਰ ਦੇ ਐਸੇ ਜੌਹਰ ਦਿਖਾਏ ਕਿ ਮੁਰਦਿਆਂ ਦੇ ਪਲਾਂ ਛਿਨਾਂ ਵਿੱਚ ਢੇਰ ਲਾ ਦਿੱਤੇ। ਜਿਹੜੇ ਬਾਹਰੋਂ ਪਹਾੜੀ ਰਾਜੇ ਮੁਗ਼ਲਾਂ ਨਾਲ ਆਏ ਸੀ, ਗੁਰ ਦੀ ਚੜ੍ਹਤ ਨੂੰ ਦੇਖ ਪਛਤਾ ਰਹੇ ਸੀ।


Sri Satguru Jagjit Singh Ji eLibrary NamdhariElibrary@gmail.com

35

ਦੇਖਾ ਜੋ ਜੂੰ ਹੀ ਹਜ਼ੂਰ ਨੇ ਦੁਸ਼ਮਨ ਸਿਮਟ ਗਏ
ਬੜ੍ਹਨੇ ਕੀ ਜਗਹ ਖ਼ੌਫ਼ ਸੇ ਨਾਮਰਦ ਹਟ ਗਏ
ਘੋੜੇ ਕੋ ਏੜ ਦੇ ਕੇ ਗੁਰੂ ਰਨ ਮੇਂ ਡਟ ਗਏ
ਫ਼ੁਰਮਾਏ ਬੁਜ਼ਦਿਲੋਂ ਸੇ ਕਿ ਤੁਮ ਕਿਉਂ ਪਲਟ ਗਏ

ਅਬ ਆਓ ਰਨ ਮੇਂ ਜੰਗ ਕੇ ਅਰਮਾਂ ਨਿਕਾਲ ਲੋ।
ਤੁਮ ਕਰ ਚੁੱਕੇ ਹੋ ਵਾਰ, ਹਮਾਰਾ ਸੰਭਾਲ ਲੋ।

ਜਿਉਂ ਹੀ ਹਜ਼ੂਰ ਨੇ ਵੇਖਿਆ ਕਿ ਦੁਸ਼ਮਣ ਸਿਮਟ ਗਏ ਹਨ ਤੇ ਅੱਗੇ ਵੱਧਣ ਦੀ ਥਾਂ ਡਰਦੇ ਹੋਏ ਪਿੱਛੇ ਹੱਟਣ ਲੱਗੇ ਹਨ, ਤਾਂ ਘੋੜੇ ਨੂੰ ਅੱਡੀ ਲਾਕੇ ਮੈਦਾਨ ਵਿੱਚ ਡੱਟ ਗਏ ਤੇ ਡਰਾਕਲਾਂ ਨੂੰ ਉੱਚੀ ਆਵਾਜ਼ ਵਿੱਚ ਬੋਲੇ ਕਿ ਤੁਸੀ ਹੁਣ ਤੁਸੀਂ ਪਿੱਛੇ ਨੂੰ ਕਿਉਂ ਮੁੜ ਪਏ? ਜੰਗ ਵਿੱਚ ਆਵੋ ਤੇ ਆਪਣੇ ਲੜਨ ਦੇ ਅਰਮਾਨ ਕੱਢ ਲਵੋ। ਤੁਸੀਂ ਆਪਣਾ ਵਾਰ ਕਰ ਚੁੱਕੇ ਹੋ, ਹੁਣ ਮੇਰਾ ਵਾਰ ਸੰਭਾਲਣਾ।

36

ਆਏ ਹੋ ਤੁਮ ਪਹਾੜ ਸੇ ਮੈਦਾਨਿ ਜੰਗ ਮੇਂ
ਬੱਟਾ ਲਗਾਕੇ ਜਾਤੇ ਹੋ ਕਿਉਂ ਨਾਮੋ ਨੰਗ ਮੇਂ
ਸੁਨਤੇ ਹੈਂ ਤੁਮਕੋ ਨਾਜ਼ ਹੈਂ ਤੀਰੋਂ ਤੁਫ਼ੰਗ ਮੇਂ
ਹੁਸ਼ਯਾਰ ਸ਼ਾਹਸਵਾਰ ਹੋ ਮਾਹਰ 'ਖ਼ਦੰਗ' ਮੇਂ ਤੀਰ

ਦਸ ਬਾਰਹ ਤੁਮ ਮੇਂ ਰਾਜੇ ਹੈਂ, ਇੱਕ ਦੋ ਨਵਾਬ ਹੈਂ।
ਫਿਰ ਹਮ ਸੇ ਜੰਗ ਕਰਨੇ ਮੇਂ ਕਿਉਂ 'ਇਜਤਨਾਬ' ਹੈਂ।

*ਕਤਰਾਉਣਾ, ਪ੍ਰਹੇਜ਼ ਕਰਨਾ*

ਤੁਸੀਂ ਜੰਗ ਦੇ ਮੈਦਾਨ ਵਿੱਚ ਪਹਾੜ ਚਲਕੇ ਆਏ ਹੋ । ਹੁਣ ਆਪਣੇ ਨਾਮ ਨੂੰ ਬੱਟਾ ਲਗਾਕੇ ਕਿਉਂ ਜਾਂਦੇ ਹੋ। ਮੈਂ ਸੁਣਿਐ ਤੁਹਾਨੂੰ ਆਪਣੇ ਤੀਰਾਂ ਬਰਛਿਆਂ ਤੇ ਬਹੁਤ ਘੁਮੰਡ ਹੈ ਤੇ ਤੀਰਾਂ ਨੂੰ ਚਲਾਉਣ ਵਾਲੇ ਬਹਾਦਰ ਘੋੜ ਅਸਵਾਰ ਕਹਾਉਂਦੇ ਹੋ। ਤੁਹਾਡੇ ਵਿੱਚ ਇੱਕ ਦੋ ਨਵਾਬ ਹਨ ਤੇ ਦੱਸ ਬਾਰਾਂ ਰਾਜੇ ਹਨ, ਫੇਰ ਸਾਡੇ ਨਾਲ ਜੰਗ ਕਰਨ ਤੋਂ ਕਿਉਂ ਕਤਰਾਂਦੇ ਹੋ?



Sri Satguru Jagjit Singh Ji eLibrary NamdhariElibrary@gmail.com

## 37

ਦੇਖੇਂ ਤੋ ਆਜ ਹਮ ਭੀ ਤੁਮ੍ਹਾਰੀ ਬਹਾਦੁਰੀ
ਤੂਹ ਖੇਖਰੀ ਕੀ ਕਾਟ ਪਟੇ ਕੀ ਹੁਨਰਵਰੀ
ਹਮ ਨੇ ਤੁਮ੍ਹਾਰੇ ਹਮਲੇ ਕੋ ਰੋਕਾ ਥਾ ਸਰਸਰੀ
ਅਬ ਅਪਨਾ ਵਾਰ ਰੋਕਨਾ, ਸਬ ਮਿਲਕੇ ਲਸ਼ਕਰੀ
ਹਮ ਕੋ 'ਬਫ਼ਜ਼ਲ ਏਜ਼ਦੀ' ਤਨਹਾ ਨ ਜਾਨਨਾ। *ਰੱਬ ਦੀ ਕਿਰਪਾ ਨਾਲ*
ਕਸਰਤ ਪੇ ਐਂਠ ਐਂਠ ਕੇ, ਸੀਨਾ ਨਾ ਤਾਨਨਾ।

ਆਵੋ ! ਅੱਜ ਤੁਹਾਡੀ ਬਹਾਦਰੀ ਅਸੀਂ ਵੀ ਵੇਖ ਲਈਏ। ਖੇਖਰੀ ਨਾਲ ਤੁਸੀਂ ਕਿਵੇਂ ਲੜਦੇ ਹੋ, ਦਿਖਾਵੋ ਜੇ ਤੁਹਾਡੇ ਵਿੱਚ ਬਹਾਦਰੀ ਹੈ। ਅਸੀਂ ਤਾਂ ਸਰਸਰੀ ਤੌਰ ਤੇ ਹੀ ਤੁਹਾਡੇ ਹਮਲੇ ਨੂੰ ਰੋਕਿਆ ਸੀ। ਹੁਣ ਸਾਰੇ ਰਲਕੇ ਸਾਡਾ ਵਾਰ ਵੀ ਰੋਕਿਓ। ਸਾਨੂੰ ਰੱਬੀ ਫ਼ਜ਼ਲ ਨਾਲ ਕੱਲਾ ਨਾਂ ਸਮਝਿਓ। ਐਵੇਂ ਛਾਤੀਆਂ ਤਾਣ ਤਾਣ ਕੇ ਤਾਕਤ ਦਾ ਇਜ਼ਹਾਰ ਨਾਂ ਕਰਿਓ।

## 38

ਯਿਹ ਕਹਕੇ ਉਨ ਪਿ ਟੂਟ ਪੜੇ ਦਸਵੇਂ ਪਾਤਸ਼ਾਹ
ਇਸ ਸਫ਼ ਕੋ ਕਾਟਤੇ ਥੇ, ਕਭੀ ਉਸ ਪਰੇ ਕੋ ਗਾਹ
ਜੰਮਤੀ ਨ ਥੀ ਹਜ਼ੂਰ ਕੀ ਤਲਵਾਰ ਪਿ ਨਿਗਾਹ
ਤੇਗ਼ਿ ਗੁਰੂ ਪਿ ਹੋਤਾ ਥਾ ਬਿਜਲੀ ਕਾ 'ਸ਼ਾਇਬਾਹ' *ਭੁਲੇਖਾ*
ਇਕ ਹਮਲੇ ਮੇਂ ਥਾ ਫ਼ੌਜ ਕਾ 'ਤਖ਼ਤਾ' ਉਲਟ ਗਿਆ। *ਪਾਸਾ*
ਗੁਰੂ ਕੀ ਹਵਾਇ ਤੇਗ਼ ਸੇ, ਬਾਦਲ ਥਾ ਛਟ ਗਿਆ।

ਏਦਾਂ ਕਹਿ ਕੇ ਦਸਮ ਪਿਤਾ ਉਹਨਾਂ ਨੂੰ ਟੁੱਟ ਕੇ ਪੈ ਗਏ। ਕਦੀ ਏਧਰ ਤੇ ਕਦੀ ਉਧਰ ਦੁਸ਼ਮਣ ਦੀ ਸਫ਼ਾ ਕਰਦੇ ਜਾ ਰਹੇ ਸਨ। ਤਲਵਾਰ ਉਹਨਾਂ ਦੀ ਇਝ ਲਿਸ਼ਕਦੀ ਸੀ ਕਿ ਉਸ ਵੱਲ ਝਾਕਿਆ ਨਹੀਂ ਜਾਂਦਾ ਸੀ ਜਿਵੇਂ ਕਿ ਬਿਜਲੀ ਵੱਲ ਵੇਖਿਆ ਨਹੀਂ ਜਾ ਸੱਕਦਾ। ਗੁਰੂ ਜੀ ਦੇ ਇੱਕ ਹਮਲੇ ਨਾਲ ਹੀ ਦੁਸ਼ਮਣ ਦੀਆਂ ਫੌਜਾਂ ਦਾ ਪਾਸਾ ਬਦਲ ਗਿਆ। ਗੁਰੂ ਜੀ ਦੀ ਤਲਵਾਰ ਦੀ ਹਵਾ ਨੇ ਛਾਏ ਬੱਦਲਾਂ ਨੂੰ ਛਾਈ ਮਾਈਂ ਕਰ ਦਿੱਤਾ।


Sri Satguru Jagjit Singh Ji eLibrary NamdhariElibrary@gmail.com

ਜੋ ਬਚ ਗਏ ਵੁਹ ਭਾਗ ਗਏ ਮੂੰਹ ਕੋ ਮੋੜ ਕਰ
ਰਸਤਾ ਘਰੋਂ ਕਾ ਲੇ ਲੀਆ ਮੈਦਾਂ ਕੋ ਛੋੜ ਕਰ
ਸਿੰਘੋਂ ਨੇ ਭੁਸ ਨਿਕਾਲ ਦੀਆ ਥਾ ਝੰਜੋੜ ਕਰ
ਪਛਤਾਏ ਆਖਰਸ਼ ਕੋ ਬਹੁਤ ਕੌਲ ਤੋੜ ਕਰ
ਲਾਸ਼ੋਂ ਸੇ ਔਰ ਸਰੋਂ ਸੇ ਥਾ ਮੈਦਾਨ ਪਟ ਗਿਆ।
ਆਧੇ ਸੇ 'ਬੇਸ਼' ਲਸ਼ਕਰਿ-ਆਦਾ ਥਾ ਕਟ ਗਿਆ। ਵੱਧ

ਜਿਹੜੇ ਬੱਚ ਗਏ ਉਹ ਮੂੰਹ ਹੇਠਾਂ ਨੂੰ ਸੁੱਟ ਕੇ ਮੈਦਾਨ ਵਿੱਚੋਂ ਭੱਜ ਗਏ। ਮੈਦਾਨ ਵਿੱਚੋਂ ਆਪਣੇ ਆਪਣੇ ਘਰਾਂ ਦੇ ਰਾਹ ਪੈ ਗਏ। ਸਿੰਘਾਂ ਨੇ ਉਹਨਾਂ ਨੂੰ ਝੰਜੋੜ ਕੇ ਉਹਨਾਂ ਦਾ ਘੁਮੰਡ ਖ਼ਤਮ ਕਰ ਦਿੱਤਾ ਸੀ। ਅੰਤ ਵਿੱਚ ਆਪਣਾ ਵਾਅਦਾ ਤੋੜ ਕੇ ਬੇਅੰਤ ਪਛਤਾਉਣ ਲੱਗੇ। ਲਾਸ਼ਾਂ ਅਤੇ ਸਿਰਾਂ ਦੇ ਢੇਰ ਨਾਲ ਮੈਦਾਨ ਭਰਿਆ ਪਿਆ ਸੀ। ਫ਼ੌਜ ਅੱਧੀ ਤੋਂ ਵੱਧ ਕਤਲ ਕਰ ਦਿੱਤੀ ਗਈ ਸੀ ਤੇ ਅੱਧੀ ਫੱਟੜ ਜਾਂ ਭਗੌੜਾ ਹੋ ਗਈ ਸੀ।

## 40

ਸਰਹੰਦ ਕੇ ਨਵਾਬ ਕਾ ਫੱਕ ਰੰਗ ਹੋ ਗਿਆ
ਲਸ਼ਕਰ ਕਾ ਹਾਲ ਦੇਖ ਕੇ ਵੁਹ ਦੰਗ ਹੋ ਗਿਆ
ਸਤਿਗੁਰ ਕੀ ਤੇਗ਼ੋ ਤੀਰ ਸੇ ਜਬ ਤੰਗ ਹੋ ਗਿਆ
ਜ਼ਾਲਿਮ ਕਾ ਦਿਲ ਜੁ ਸਖ਼ਤ ਥਾ ਅਬ 'ਸੰਗ' ਹੋ ਗਿਆ ਪੱਥਰ
ਠਹਿਰਾਈ ਦਿਲ ਮੇਂ ਸਿੰਘੋਂ ਸੇ ਮੈਂ 'ਇਤਕ਼ਾਮ' ਲੂੰ। ਬਦਲਾ
ਧੋਕੇ ਫ਼ਰੇਬ ਸੇ ਮੈਂ 'ਸਹਰ' ਲੂੰ ਯਾ ਸ਼ਾਮ ਲੂੰ। ਸਵੇਰ

ਸਰਹਿੰਦ ਦੇ ਨਵਾਬ ਦਾ ਰੰਗ ਫੱਕ ਹੋ ਗਿਆ ਸੀ। ਜਦੋਂ ਉਸਨੇ ਫ਼ੌਜ ਦਾ ਇਹ ਹਾਲ ਵੇਖਿਆ ਤਾਂ ਹੈਰਾਨ ਹੋ ਗਿਆ, ਜਦੋਂ ਸਤਿਗੁਰੂ ਦੀ ਤਲਵਾਰ ਅਤੇ ਤੀਰਾਂ ਤੋਂ ਦੁਖੀ ਹੋ ਗਿਆ ਤਾਂ ਉਸਨੇ ਆਪਣੇ ਦਿਲ ਨੂੰ ਪੱਥਰ ਬਣਾ ਲਿਆ। ਦਿਲ ਵਿੱਚ ਸੋਚਣ ਲੱਗਾ ਕਿ ਮੈਂ ਸਿੰਘਾਂ ਤੋਂ ਬਦਲਾ ਲਵਾਂਗਾ ਤੇ ਸਵੇਰੇ ਸ਼ਾਮ ਧੋਖੇ ਫਰੇਬ ਤੋਂ ਕੰਮ ਲਵਾਂਗਾ।


Sri Satguru Jagjit Singh Ji eLibrary NamdhariElibrary@gmail.com

## 41

ਤਾਰੀਖ਼ ਮੇਂ ਲਿਖਾ ਹੈ ਕਿ ਦਰ ਜੋਸ਼ ਕਾਰਜ਼ਾਰ
ਸਤਿਗੁਰ ਬੜ੍ਹਾਤੇ ਹੀ ਗਏ ਆਗੇ ਕੋ ਰਾਹਵਾਰ
ਹਮਰਾਹ ਰਹ ਗਏ ਥੇ ਗ਼ਰਚਿ ਚੰਦ 'ਜਾਂ ਨਿਸਾਰ' ਬਹਾਦਰ
ਫ਼ਰਜ਼ੰਦੋਂ ਮੇਂ ਥੇ ਸਾਥ ਅਜੀਤ ਔਰ ਜੁਝਾਰ
ਜ਼ੋਰਾਵਰ ਔਰ ਫ਼ਤਿਹ ਜੁ ਦਾਦੀ ਕੇ ਸਾਥ ਥੇ।
ਦਾਏਂ ਕੀ ਜਗਹ ਚਲ ਦੀਏ ਵੁਹ ਬਾਏਂ ਹਾਥ ਥੇ।

ਇਤਿਹਾਸ ਵਿੱਚ ਲਿਖਿਆ ਹੈ ਕਿ ਗੁਰੂ ਜੀ ਆਪਣੇ ਜੋਸ਼ ਵਿੱਚ ਅੱਗੇ ਹੀ ਅੱਗੇ ਘੋੜਾ ਵਧਾਉਂਦੇ ਗਏ। ਉਹਨਾਂ ਦੇ ਨਾਲ ਕੁੱਝ ਗਿਣਤੀ ਦੇ ਹੀ ਬਹਾਦਰ ਰਹਿ ਗਏ ਤੇ ਦੋਵੇਂ ਪੁੱਤਰ ਅਜੀਤ ਅਤੇ ਜੁਝਾਰ ਵੀ ਨਾਲ਼ ਸਨ। ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਜਿਹੜੇ ਦਾਦੀ ਦੇ ਨਾਲ ਸਨ, ਉਹ ਸੱਜੇ ਪਾਸੇ ਜਾਣ ਦੀ ਥਾਂ ਖੱਬੇ ਪਾਸੇ ਵੱਲ ਚਲੇ ਗਏ।

## 42

ਹਰ ਚੰਦ ਕੀ ਤਲਾਸ਼ ਨਾ ਪਾਯਾ ਨਿਸ਼ਾਂ ਕਹੀਂ
ਛੋੜਾ ਥਾ ਜਿਸ ਜਗਹ ਪਿ ਨਹੀਂ ਥੇ ਵਹਾਂ ਕਹੀਂ
ਪਾ ਜਾਏ, ਫ਼ਿਕਰ ਥਾ ਨਾ ਉਨ੍ਹੇਂ ਦੁਸ਼ਮਨ ਕਹੀਂ
ਮਾਤਾ ਕੇ ਸਾਥ ਚਲ ਦੀਏ ਸ਼ਹਿਜ਼ਾਦਗਾਂ ਕਹੀਂ
ਲਖ਼ਤਿ ਜਿਗਰ ਹਜ਼ੂਰ ਕੇ, ਜਿਸ ਦਮ ਬਿਛੜ ਗਏ।
ਪਾਉਂ ਵਹੀਂ 'ਵਫ਼ੂਰਿ' ਮੁਹੱਬਤ ਸੇ ਗੜ ਗਏ। ਵਧੇਰੇ

ਬੜਾ ਢੂੰਡਿਆ ਪਰ ਕੋਈ ਥਹੁ ਪਤਾ ਨਾਂ ਲੱਗਿਆ। ਜਿੱਥੇ ਉਹਨਾਂ ਨੂੰ ਛੱਡਿਆ ਸੀ, ਉੱਥੇ ਕਿਤੇ ਵੀ ਨਹੀਂ ਸਨ। ਇਹੋ ਫ਼ਿਕਰ ਖਾ ਰਿਹਾ ਸੀ ਕਿ ਕਿਤੇ ਉਹ ਦੁਸ਼ਮਣ ਦੇ ਹੱਥ ਨਾ ਆ ਜਾਣ। ਉਹ ਕਿਸੇ ਪਾਸੇ ਮਾਤਾ ਜੀ ਨਾਲ਼ ਤੁਰ ਗਏ ਸਨ। ਜਦੋਂ ਮਹਾਰਾਜ ਦੇ ਪੁੱਤਰ ਉਹਨਾਂ ਪਾਸੋਂ ਵਿੱਛੜ ਗਏ, ਉੱਥੇ ਹੀ ਪਿਆਰ ਵਿੱਚ ਉਹਨਾਂ ਦੇ ਪੈਰ ਰੁੱਕ ਗਏ।



Sri Satguru Jagjit Singh Ji eLibrary NamdhariElibrary@gmail.com

## 43

ਫ਼ੌਰਨ 'ਮਰਾਕੁਬੇ' ਮੇਂ ਗਏ ਪੀਰਿ ਖ਼ੁਸ਼-ਖ਼ਿਆਲ ਸਮਾਧੀ
ਚੌਦਹ ਤਬਕ ਕਾ ਕਰ ਲੀਆ ਮਾਲੂਮ ਪਲ ਮੇਂ ਹਾਲ
ਫ਼ਰਮਾਏ ਜਾਂ ਨਿਸਾਰੋਂ ਸੇ, ਕਯੋਂ ਹੋਤੇ ਹੋ ਨਿਢਾਲ
ਮਾਤਾ ਕੇ ਸਾਥ ਚਲ ਦੀਏ ਕੁਰਬਾਨ ਹੋਨੇ ਲਾਲ
ਬੁਨਯਾਦ ਮੇਂ ਧਰਮ ਕੀ, ਚੁਨੇਂਗੇ 'ਅਦੂ' ਉਨ੍ਹੇਂ। ਦੁਸ਼ਮਣ
ਕਰਤਾਰ ਚਾਹਤਾ ਹੈ, ਕਰੇ ਸੁਰਖ਼ਰੂ ਉਨ੍ਹੇਂ।

ਝੱਟ ਸਮਾਧੀ ਵਿੱਚ ਗੁਰੂ ਜੀ ਲੀਨ ਹੋ ਗਏ ਤੇ ਇੱਕੋ ਪਲ ਵਿੱਚ ਚੌਦਾਂ ਤਬਕਾਂ ਦੀ ਖ਼ਬਰ ਪ੍ਰਾਪਤ ਕਰ ਲਈ। ਆਪਣੇ ਬਹਾਦਰਾਂ ਨੂੰ ਕਹਿਣ ਲੱਗੇ ਕਿ ਤੁਸੀਂ ਕਮਜ਼ੋਰ ਕਿਉਂ ਹੋ ਰਹੇ ਹੋ। ਉਹ ਤਾਂ ਦੋਵੇਂ ਪੁੱਤਰ ਮਾਤਾ ਜੀ ਨਾਲ਼ ਕੁਰਬਾਨ ਹੋਣ ਲਈ ਚਲੇ ਗਏ ਹਨ। ਦੁਸ਼ਮਣ ਉਹਨਾਂ ਨੂੰ ਧਰਮ ਦੀ ਨੀਂਹ ਵਿੱਚ ਚਿਣ ਦੇਣਗੇ ਤੇ ਰੱਬ ਦੀ ਇੱਛਾ ਹੈ ਕਿ ਉਹਨਾਂ ਨੂੰ ਇਸ ਕੰਮ ਵਿੱਚ ਸਫ਼ਲਤਾ ਮਿਲੇ।

## 44

ਹਮ ਨੇ ਭੀ ਉਸ ਮੁਕਾਮ ਪਰ ਜਾਨਾ ਹੈ ਜਲਦ ਤਰ
ਜਿਸ ਜਗ੍ਹਾ ਤੁਮ ਕੋ ਅਪਨੇ ਕਟਾਨੇ ਪੜੇਂਗੇ ਸਰ
ਹੋਂਗੇ ਸ਼ਹੀਦ ਲੜ ਕੇ ਜਿ ਬਾਕੀ ਹੈਂ ਦੋ ਪਿਸਰ
ਰਹ ਜਾਊਂਗਾ ਇਕੇਲਾ ਮੈਂ ਕੱਲ ਤਕ ਲੁਟਾਕੇ ਘਰ
ਪਹਿਲੇ ਪਿਤਾ ਕਟਾਯਾ ਅਬ ਬੇਟੇ ਕਟਾਊਂਗਾ।
ਨਾਨਕ ਕਾ ਬਾਗ਼ ਖ਼ੂਨਿ ਜਿਗਰ ਸੇ ਖਿਲਾਊਂਗਾ।

ਆਪਾਂ ਨੂੰ ਵੀ ਛੇਤੀ ਹੀ ਉਸ ਥਾਂ ਤੇ ਪੁੱਜਣਾ ਹੈ ਜਿੱਥੇ ਤੁਹਾਨੂੰ ਸਾਰੇ ਬਹਾਦਰਾਂ ਨੂੰ ਆਪਣੇ ਸਿਰ ਕਟਾਉਣੇ ਪੈਣੇ ਹਨ। ਇਹ ਬਾਕੀ ਰਹੇ, ਦੋਵੇਂ ਬੇਟੇ ਵੀ ਲੜਕੇ ਸ਼ਹੀਦ ਹੋ ਜਾਣਗੇ ਅਤੇ ਮੈਂ ਆਪਣਾ ਸਾਰਾ ਘਰ ਘਾਟ ਲੁਟਾ ਕੇ ਕੱਲ ਤੱਕ ਕੱਲਾ ਹੀ ਰਹਿ ਜਾਵਾਂਗਾ। ਪਹਿਲਾਂ ਪਿਤਾ ਨੂੰ ਕਤਲ ਕਰਵਾਇਆ ਤੇ ਹੁਣ ਬੇਟਿਆਂ ਦਾ ਬਲੀਦਾਨ ਦੇਵਾਂਗਾ। ਇਸ ਪ੍ਰਕਾਰ ਮੈਂ ਗੁਰੂ ਨਾਨਕ ਦਾ ਬਾਗ਼ ਜਿਗਰ ਦੇ ਖ਼ੂਨ ਨਾਲ ਸਿੰਜ ਕੇ ਖਿੜਾਵਾਂਗਾ।



Sri Satguru Jagjit Singh Ji eLibrary NamdhariElibrary@gmail.com

## 45

ਯਿਹ ਕਹਿਕੇ ਫਿਰ ਹਜ਼ੂਰ ਤੋ ਚਮਕੌਰ ਚਲ ਦੀਏ
ਹਾਲਤ ਪਿ ਅਪਨੀ ਕੁਛ ਨ ਕੀਆ ਗ਼ੌਰ ਚਲ ਦੀਏ
ਕਰਤਾਰ ਕੇ ਧਯਾਨ ਮੇਂ 'ਫਿਲਫ਼ੌਰ' ਚਲ ਦੀਏ — *ਜਲਦੀ*
ਰਾਜ਼ੀ ਹੁਏ ਰਜ਼ਾ ਪਿ ਬ ਹਰ ਤੌਰ ਚਲ ਦੀਏ
    ਜੋ ਕੁਛ ਵਹਾਂ ਪਿ ਗੁਜ਼ਰੀ ਯਿ ਲਿਖਨਾ ਮੁਹਾਲ ਹੈ।
    ਯਿ ਮਰਸੀਆ ਸੁਨਾਨਾ, ਤੁਮੇਂ ਅਗਲੇ ਸਾਲ ਹੈ।

ਏਦਾਂ ਕਹਿ ਕੇ ਗੁਰੂ ਜੀ ਤਾਂ ਚਮਕੌਰ ਵੱਲ ਰਵਾਨਾ ਹੋ ਗਏ। ਆਪਣੀ ਹਾਲਤ ਵਲ ਬਿਲਕੁਲ ਵੀ ਧਿਆਨ ਨਾ ਦਿੱਤਾ। ਪਰਮਾਤਮਾ ਦਾ ਨਾਂ ਲੈ ਕੇ ਤੁਰਤ ਹੀ ਚੱਲ ਪਏ ਤੇ ਰੱਬ ਦੀ ਰਜ਼ਾ ਮੰਨ ਕੇ ਰਾਹੇ ਪਏ।

'ਜੋਗੀ' ਕਹਿੰਦਾ ਹੈ ਕਿ ਉੱਥੇ ਜੋ ਕੁੱਝ ਵਾਪਰਿਆ, ਬਿਆਨ ਕਰਨਾ ਮੁਸ਼ਕਿਲ ਹੈ। ਇਸ ਪ੍ਰਤੀ ਦੁੱਖ ਭਰੀ ਕਵਿਤਾ ਮੈਂ ਅਗਲੇ ਸਾਲ ਸੁਣਾਊਂਗਾ।

## 46

ਰਹੀ ਜ਼ਿੰਦਗੀ ਤੋ ਅਗਲੇ ਬਰਸ ਲਿਖ ਕੇ ਲਾਊਂਗਾ
ਅਰਸ਼ਦ ਸੇ ਬੜ੍ਹਕੇ ਮਰਸੀਆ ਸਜ ਕੇ ਸੁਨਾਊਂਗਾ
ਸਤਿਗੁਰ ਕੇ ਗ਼ਮ ਮੇਂ ਰੋਊਂਗਾ, ਤੁਮ ਕੋ ਰੁਲਾਊਂਗਾ
ਦਰਬਾਰਿ ਨਾਨਕੀ ਸੇ 'ਸਿਲਾ' ਇਸ ਕਾ ਪਾਊਂਗਾ — *ਇਨਾਮ*
    ਜ਼ੋਰਾਵਰ ਔਰ ਫ਼ਤਹਿ ਕਾ, ਇਸ ਦਮ ਬਿਆਂ ਸੁਨੋ।
    ਪਹੁੰਚੇ ਬਿਛੜ ਕੇ ਹਾਇ! ਕਹਾਂ ਸੇ ਕਹਾਂ ਸੁਨੋ।

ਅੱਗੋ ਜੋਗੀ ਫ਼ਰਮਾਉਂਦਾ ਹੈ ਕਿ ਜੇ ਜਿਊਂਦਾ ਰਿਹਾ ਤਾਂ ਅਗਲੇ ਸਾਲ ਅਰਸ਼ਦ (ਕਾਬਲੀ ਚੇਲਾ) ਨਾਲੋਂ ਵਧੀਆ ਮਰਸੀਆ ਲਿੱਖ ਕੇ ਲਿਆਵਾਂਗਾ ਤੇ ਤੁਹਾਨੂੰ ਸੁਣਾਵਾਂਗਾ। ਮੈਂ ਨਾਲੇ ਸਤਿਗੁਰਾਂ ਦੇ ਗ਼ਮ ਵਿੱਚ ਖ਼ੁਦ ਰੋਵਾਂਗਾ ਤੇ ਨਾਲੇ ਤੁਹਾਨੂੰ ਰੁਲਾਵਾਂਗਾ। ਇਸ ਪ੍ਰਕਾਰ ਗੁਰੂ ਨਾਨਕ ਦੇ ਦਰਬਾਰ ਤੋਂ ਇਨਾਮ ਪ੍ਰਾਪਤ ਕਰਾਂਗਾ। ਇਸ ਵਕਤ ਜ਼ੋਰਾਵਰ ਸਿੰਘ ਤੇ ਫ਼ਤਿਹ ਸਿੰਘ ਦੀ ਵਾਰਤਾ ਸੁਣੋ ਜਿਹੜੇ ਵਿਛੜ ਕੇ ਕਿੱਥੇ ਤੋਂ ਕਿੱਥੇ ਪੁੱਜ ਗਏ।



Sri Satguru Jagjit Singh Ji eLibrary NamdhariElibrary@gmail.com

## 47

ਬਹਰਿ ਦਵਾਤ ਖ਼ੂਨਿ ਸ਼ਹੀਦਾਂ ਬਹਮ ਕਰੂੰ
ਸੀਨੇ ਕੋ ਅਪਨੇ ਚਾਕ 'ਮਿਸਲਿ ਕ਼ਲਮ' ਕਰੂੰ
ਬਿਛੜੇ ਹੂਓਂ ਕੀ ਅਬ ਮੈਂ ਮੁਸੀਬਤ 'ਰਕ਼ਮ' ਕਰੂੰ
'ਰੂਦਾਦ' ਅਗਰ ਬਿਆਂ ਮੈਂ ਖ਼ੁਦਾ ਕੀ ਕ਼ਸਮ ਕਰੂੰ
ਰਸਤੇ ਸੇ ਜਬ ਭਟਕ ਗਏ ਨੰਨ੍ਹੇ ਸਵਾਰ ਥੇ।
ਤਕਤੇ ਪਿਤਾ ਕੋ ਚਾਰੋਂ ਤਰਫ਼ ਬਾਰ ਬਾਰ ਥੇ।

*ਕਲਮ ਵਾਂਗ*
*ਲਿਖਣਾ*
*ਵਿਥਿਆ*

ਹੁਣ ਮੈਂ ਦਵਾਤ ਦੇ ਸਾਗਰ ਵਿੱਚ ਖ਼ੂਨਿ ਸ਼ਹੀਦਾਂ ਕੱਠਾ ਕਰਦਾ ਹਾਂ। ਆਪਣੇ ਸੀਨੇ ਨੂੰ ਕ਼ਲਮ ਦੇ ਟੱਕ ਵਾਂਗੂੰ ਪਾੜ ਵਿਖਾਉਂਦਾ ਹਾਂ। ਜੋ ਵਿੱਛੜ ਗਏ ਹਨ ਅਰਥਾਤ ਕੁਰਬਾਨ ਹੋ ਗਏ ਹਨ ਉਹਨਾਂ ਦੀਆਂ ਮੁਸੀਬਤਾਂ ਬਿਆਨ ਕਰਦਾ ਹਾਂ। ਰੱਬ ਦੀ ਸਹੁੰ ਖਾ ਕੇ ਮੈਂ ਇਹ ਵਿਥਿਆ ਸੁਣਾਉਂਦਾ ਹਾਂ ਕਿ ਜਦੋਂ ਇਹ ਛੋਟੇ ਛੋਟੇ ਸਵਾਰ ਰਾਹੋਂ ਭਟਕ ਗਏ ਸਨ ਤਾਂ ਬਾਰ-ਬਾਰ ਚਾਰੇ ਪਾਸੇ ਪਿਤਾ ਵੱਲ ਵੇਖ ਰਹੇ ਸਨ।

## 48

ਦਾਦੀ ਸੇ ਬੋਲੇ ਅਪਨੇ ਸਿਪਾਹੀ ਕਿਧਰ ਗਏ
ਦਰਯਾ ਪਿ ਹਮ ਕੋ ਛੋੜ ਕੇ ਰਾਹੀ ਕਿਧਰ ਗਏ
ਤੜਪਾ ਕੇ ਹਾਇ 'ਸੂਰਤਿ ਮਾਹੀ' ਕਿਧਰ ਗਏ
ਅੱਬਾ ਭਗਾਕੇ ਲਸ਼ਕਰਿ-ਸ਼ਾਹੀ ਕਿਧਰ ਗਏ
ਭਾਈ ਭੀ ਹਮਕੋ ਭੂਲ ਗਏ ਜੌਕਿ ਜੰਗ ਮੇਂ।
ਅਪਨਾ ਖ਼ਯਾਲ ਤਕ ਨਹੀਂ, ਜ਼ੌਕਿ ਤੁਫੰਗ ਮੇਂ।

*ਖ਼ੂਬਸੂਰਤ ਮੂਰਤਾਂ*

ਦਾਦੀ ਨੂੰ ਆਖਣ ਲੱਗੇ ਕਿ ਆਪਣੇ ਸਿਪਾਹੀ ਕਿੱਧਰ ਚਲੇ ਗਏ ਹਨ ਤੇ ਆਪਾਂ ਨੂੰ ਦਰਿਆ ਕੰਢੇ ਛੱਡ ਕੇ ਕਿੱਧਰ ਦੇ ਰਾਹੀ ਹੋ ਗਏ। ਏਨੀਆਂ ਖ਼ੂਬਸੂਰਤ ਸੂਰਤਾਂ ਨੂੰ ਛੱਡ ਕੇ ਕਿੱਥੇ ਗਏ ? ਬੱਚੇ ਪੁੱਛਦੇ ਹਨ ਕਿ ਪਿਤਾ ਜੀ ਏਡੀ ਵੱਡੀ ਖ਼ਾਲਸਾ ਫ਼ੌਜ ਭਜਾ ਕੇ ਕਿੱਥੇ ਗਏ ? ਸਾਡੇ ਭਰਾ ਵੀ ਲੜਾਈ ਦੇ ਸ਼ੌਕ ਵਿੱਚ ਸਾਨੂੰ ਭੁੱਲ ਗਏ ਹਨ। ਤੀਰ ਫੈਂਕਣ ਦੇ ਸ਼ੌਕ ਵਿੱਚ ਆਪਣਾ ਵੀ ਉਹਨਾਂ ਨੇ ਕੋਈ ਖ਼ਿਆਲ ਨਹੀਂ ਕੀਤਾ।



Sri Satguru Jagjit Singh Ji eLibrary NamdhariElibrary@gmail.com

49

ਜਬ ਰਨ ਅਜੀਤ ਜੀਤ ਕੇ ਤਸ਼ਰੀਫ਼ ਲਾਏਂਗੇ
'ਅੱਬਾ' ਕੇ ਸਾਥ ਜਿਸ ਘੜੀ ਜੁ ਜੁਝਾਰ ਆਏਂਗੇ — *ਪਿਤਾ*
ਕਰਕੇ ਗਿਲਾ ਹਰ ਏਕ ਸੇ, ਹਮ ਰੂਠ ਜਾਏਂਗੇ
ਮਾਤਾ ਕਭੀ ਪਿਤਾ ਕਭੀ, ਭਾਈ ਮਨਾਏਂਗੇ
ਹਮ ਕੋ ਗਲੇ ਲਗਾਕੇ ਕਹੇਂਗੇ ਖ਼ੂਹ ਬਾਰ-ਬਾਰ।
ਮੰਨ ਜਾਓ ਲੇਕਿਨ ਹਮ ਨਹੀਂ ਮਾਨੇਂਗੇ 'ਜ਼ਿਨਹਾਰ'। — *ਬਿਲਕੁਲ*

"ਜਦੋਂ ਅਜੀਤ ਜੰਗ ਨੂੰ ਜਿੱਤ ਕੇ ਪਰਤਿਆ ਤੇ ਪਿਤਾ ਜੀ ਨਾਲ ਜੁਝਾਰ ਵੀ ਘਰ ਮੁੜਿਆ, ਅਸੀਂ ਉਹਨਾਂ ਨਾਲ ਨਿਹੋਰਾ ਕਰ ਕੇ ਰੁੱਸ ਜਾਵਾਂਗੇ। ਫੇਰ ਸਾਨੂੰ ਕਦੀ ਮਾਂ ਤੇ ਕਦੀ ਪਿਤਾ ਤੇ ਕਦੀ ਭਰਾ ਮਨਾਉਣਗੇ ਤੇ ਸਾਨੂੰ ਗਲ ਨਾਲ ਲਾ ਕੇ ਲੱਖ ਮੰਨਣ ਲਈ ਕਹਿਣਗੇ, ਪਰ ਅਸੀਂ ਬਿਲਕੁਲ ਵੀ ਨਹੀਂ ਮੰਨਾਂਗੇ।"

50

ਇਕਰਾਰ ਲੇਂਗੇ ਸਭ ਸੇ ਭੁਲਾਨਾ ਨ ਫਿਰ ਕਭੀ
'ਬਾਰਿ ਦਿਗਰ' ਛੋੜ ਕੇ ਸਤਾਨਾ ਨ ਫਿਰ ਕਭੀ — *ਦੋਬਾਰਾ*
ਹਮ ਕੋ ਇਕੇਲੇ ਛੋੜ ਕੇ ਜਾਨਾ ਨ ਫਿਰ ਕਭੀ
ਕਹ ਦੇਤੇ ਹੈਂ ਯੂੰ ਹੰਸ ਕੇ ਰੁਲਾਨਾ ਨ ਫਿਰ ਕਭੀ
ਬੱਚੋਂ ਕੀ ਗੁਫ਼ਤਗੂ ਜੋ ਸੁਨੀ ਦਾਦੀ ਜਾਨ ਨੇ।
ਬੇਇਖ਼ਤਯਾਰ ਰੋ ਦੀਆ ਉਸ 'ਵਾਲਾ ਸ਼ਾਨ' ਨੇ। — *ਵਡਿਆਈ ਵਾਲੀ*

"ਅਸੀਂ ਸਾਰਿਆਂ ਤੋਂ ਫੇਰ ਨਾਂ ਕਦੀ ਭੁੱਲਣ ਦਾ ਪ੍ਰਣ ਲਵਾਂਗੇ। ਦੂਜੀ ਵਾਰ ਵਿਛੋੜ ਕੇ ਸਾਨੂੰ ਨਾਂ ਕਦੀ ਸਤਾਉਣਾ। ਸਾਨੂੰ ਕਦੀ ਵੀ ਕੱਲੇ ਛੱਡ ਕੇ ਨਾਂ ਜਾਣਾ ਤੇ ਇਦਾਂ ਕਦੀ ਵੀ ਨਾ ਰੁਲਾਇਓ।"

ਜਦੋਂ ਦਾਦੀ ਮਾਂ ਨੇ ਬੱਚਿਆਂ ਦੀ ਇਹ ਵਾਰਤਾਲਾਪ ਸੁਣੀ ਤਾਂ ਉਸ ਵਡਿਆਈ ਵਾਲੀ ਮਾਂ ਨੇ ਪਿਆਰ ਵਿੱਚ ਫੁੱਟ-ਫੁੱਟ ਕੇ ਰੋਣਾ ਆਰੰਭ ਕਰ ਦਿੱਤਾ।


Sri Satguru Jagjit Singh Ji eLibrary NamdhariElibrary@gmail.com

51

ਕਹਤੀ ਥੀ ਕਿ ਮੈਂ ਲੇਕੇ ਕਿਸ ਤਰਫ਼ ਕੋ ਜਾਊਂ
ਬੇਟੇ ਕੋ ਔਰ ਬਹੂਓਂ ਕੋ ਯਾ ਰੱਬ! ਮੈਂ ਕੈਸੇ ਪਾਊਂ
ਲਖ਼ਤਿ ਜਿਗਰ ਕੇ ਲਾਲ ਯਿ ਦੋਨੋਂ ਕਹਾਂ ਛਿਪਾਊਂ
ਤੁਰਕੋਂ ਸੇ ਰਾਜਪੂਤੋਂ ਸੇ ਕਿਊਂ ਕਰ ਇਨ੍ਹੇ ਬਚਾਊਂ
ਬਿਪਤਾ 'ਜ਼ਈਫ਼ੀਓਂ' ਮੇਂ ਯਿ ਕਿਆ ਮੁਝ ਪਿ ਪੜ ਗਈ। ਬੁਢਾਪਾ
ਥੀ ਕੌਨ ਸੀ ਘੜੀ ਮੈਂ ਪਿਸਰ ਸੇ ਬਿਛੁੜ ਗਈ।

ਮਾਂ ਨੇ ਸੋਚਿਆ ਕਿ ਮੈਂ ਇਨ੍ਹਾਂ ਮਾਸੂਮਾਂ ਨੂੰ ਲੈ ਕੇ ਕਿੱਧਰ ਜਾਵਾਂ। ਰੱਬਾ ! ਹੁਣ ਮੈਂ ਆਪਣੇ ਪੁੱਤਰ ਅਤੇ ਬਹੂਆਂ ਨੂੰ ਕਿਵੇਂ ਮਿਲਾਂ। ਆਪਣੇ ਦਿਲ ਦੇ ਟੁਕੜੇ ਬੇਟੇ ਦੇ ਇਹਨਾਂ ਦੋ ਲਾਲਾਂ ਨੂੰ ਕਿੱਥੇ ਛੁਪਾਵਾਂ। ਤੁਰਕਾਂ ਅਤੇ ਪਹਾੜੀ ਰਾਜਿਆਂ ਤੋਂ ਇਨ੍ਹਾਂ ਨੂੰ ਕਿਵੇਂ ਬਚਾਵਾਂ। ਇਸ ਬੁੱਢੇ ਵਾਰੇ ਇਹ ਮੁਸੀਬਤ ਮੇਰੇ ਉੱਤੇ ਕਿਉਂ ਆ ਪਈ ? ਉਹ ਕਿਹੜੀ ਘੜੀ ਸੀ ਜਦੋਂ ਮੈਂ ਪੁੱਤਰ ਨਾਲੋਂ ਵੱਖ ਹੋ ਗਈ ?

52

ਬੱਚੋਂ ਕਾ ਸਾਥ ਰਾਹ ਕਠਿਨ, ਸਰ ਪਿ ਸ਼ਾਮ ਹੈ
ਸੁੰਨਸਾਨ 'ਦਸ਼ਤ' ਚਾਰ ਸੂ ਹੂ ਕਾ ਮੁਕ਼ਾਮ ਹੈ
ਹੋਤਾ ਕਹਾਂ ਪਿ ਦੇਖੀਏ ਸ਼ਬ ਕੋ ਕ਼ਯਾਮ ਹੈ
ਖ਼ਾਦਿਮ ਹੈ ਔਰ ਕੋਈ ਨ ਹਮਰਾਹ ਗ਼ੁਲਾਮ ਹੈ
ਗੰਗੂ ਰਸੋਈਆ ਹੈ ਫ਼ਕਤ ਸਾਥ ਰਹਿ ਗਿਆ।
ਲੇ ਦੇ ਕੇ ਰਹਿਬਰੀ ਕੋ ਯਿ 'ਹੈ ਹਾਤ' ਰਹਿ ਗਿਆ। ਅਫ਼ਸੋਸ

ਮੇਰੇ ਨਾਲ ਛੋਟੇ-ਛੋਟੇ ਬੱਚੇ ਹਨ, ਰਸਤੇ ਬਹੁਤ ਭਿਆਨਕ ਹਨ ਅਤੇ ਸਿਰ ਤੇ ਕਾਲ਼ੀ ਰਾਤ ਆ ਗਈ ਹੈ। ਚਾਰੇ ਪਾਸੇ ਸੁੰਨਸਾਨ ਬੀਆਬਾਨ ਜੰਗਲ ਹਨ ਤੇ ਡਰ ਛਾਇਆ ਪਿਆ ਹੈ। ਦੇਖੋ ਹੁਣ ਕਿੱਥੇ ਠਹਿਰਨਾ ਪਵੇਗਾ। ਮੇਰੇ ਨਾਲ਼ ਕੇਵਲ ਇੱਕ ਨੌਕਰ ਹੈ ਕੋਈ ਰੱਖਿਅਕ ਵੀ ਨਹੀਂ। ਕੇਵਲ 'ਗੰਗੂ' ਰਸੋਈਆ ਨਾਲ਼ ਰਹਿ ਗਿਆ ਹੈ। ਅਫ਼ਸੋਸੀ ਕਿ ਰਾਹ ਦੱਸਣ ਲਈ ਇਹੋ ਬਾਕ਼ੀ ਹੈ।"

53

ਆਤੇ ਥੇ ਸ਼ੇਰ ਸਾਹਮਨੇ ਗਰਦਨ ਕੋ ਡਾਲ ਕੇ
ਤਕਤੇ ਹਿਰਨ ਭੀ ਆਜ ਹੈਂ ਆਂਖੇਂ ਨਿਕਾਲ ਕੇ
'ਨੈਰੰਗ' ਹੈਂ ਤਮਾਮ ਜ਼ਮਾਨੇ ਕੀ ਚਾਲ ਕੇ — *ਅਨੋਖੀ ਖੇਡ*
ਤੇਵਰ ਹੈਂ ਬਨ ਮੇਂ ਬਦਲੇ ਹੂਏ ਹਰ 'ਸ਼ਿਗਾਲ' ਕੇ — *ਗਿੱਦੜ*
ਦਰਪੇਸ਼ ਅਨਕਰੀਬ ਕੋਈ ਇਮਤਿਹਾਨ ਹੈ।
ਖ਼ਤਰੇ ਮੇਂ ਦਿਖ ਰਹੀ ਮੁਝੇ ਬੱਚੋਂ ਕੀ ਜਾਨ ਹੈ।

ਕਦੀ ਸ਼ੇਰ ਆਪਣੀਆਂ ਧੌਣਾਂ ਨੀਵੀਆਂ ਕਰਕੇ ਆਉਂਦੇ ਸੀ ਪਰ ਅੱਜ ਹਿਰਨ ਵੀ ਗਰਦਣਾਂ ਅਕੜਾ ਤੇ ਅੱਖਾਂ ਕੱਢ-ਕੱਢ ਸਾਡੀ ਵੱਲ ਤੱਕ ਰਹੇ ਹਨ। ਜ਼ਮਾਨੇ ਦੀ ਚਾਲ ਦਾ ਰੰਗ ਹੀ ਬਦਲ ਗਿਆ ਹੈ ਤੇ ਜੰਗਲ ਵਿੱਚ ਹਰ ਗਿੱਦੜ ਦੀ ਵੀ ਤੱਕਣੀ ਵਿੱਚ ਪਰੀਵਰਤਨ ਆ ਗਿਆ ਹੈ। ਏਦਾਂ ਲੱਗਦੈ ਕਿ ਜਿਵੇਂ ਕੋਈ ਨੇੜੇ ਹੀ ਸਾਡੀ ਪ੍ਰੀਖਿਆ ਹੋਣੀ ਹੈ ਤੇ ਬੱਚਿਆਂ ਦੀ ਜਾਨ ਮੈਨੂੰ ਖ਼ਤਰੇ ਵਿੱਚ ਨਜ਼ਰ ਆਉਂਦੀ ਹੈ।

54

ਪੂਰਾ ਜ਼ਰੂਰ ਹੋਗਾ ਇਰਾਦਾ ਹਜ਼ੂਰ ਕਾ
ਕਰਤਾ ਪੁਰਖ ਕਾ ਵਾਹਿਗੁਰੂ ਕਾ 'ਗ਼ਫ਼ੂਰ' ਕਾ — *ਬਖਸ਼ਣ ਵਾਲਾ*
ਹੈ ਸਖ਼ਤ ਇਮਤਹਾਂ ਯਿ ਕਿਸੀ ਬੇ-ਕਸੂਰ ਕਾ
'ਹਾਫ਼ਿਜ਼' ਤੋ ਆਪ ਹੀ ਹੈ ਦਿਲਿ 'ਨਾਸਬੂਰ' ਕਾ — *ਰਾਖਾ, ਬੇਸਬਰਾ*
ਪਿਆਰੇ ਪਤੀ ਕੋ ਪਹਿਲੇ ਹੀ ਮੈਂ ਹੂੰ ਕਟਾ ਚੁੱਕੀ।
ਕੁਦਰਤ ਤੋ ਹੈ ਸਬਰ ਮਿਰਾ ਆਜ਼ਮਾ ਚੁੱਕੀ।

ਜੋ ਰੱਬ ਦਾ ਭਾਣਾ ਹੈ ਉਹ ਹੋਕੇ ਹੀ ਰਹਿਣਾ ਹੈ। ਪਰ ਇਹ ਕਿਸੇ ਨਿਰਦੋਸ਼ ਦੀ ਪ੍ਰੀਖਿਆ ਬਹੁਤ ਔਖੀ ਹੈ। ਭਾਵੇਂ ਬੇ-ਸਬਰੇ ਦਿਲਾਂ ਦਾ ਰਾਖਾ ਉਹ ਆਪ ਹੀ ਕਰਤਾ ਪੁਰਖ ਹੈ। ਮੈਂ ਆਪਣੇ ਪਿਆਰੇ ਪਤੀ ਨੂੰ ਤਾਂ ਪਹਿਲਾਂ ਹੀ ਕੁਰਬਾਨ ਕਰ ਚੁੱਕੀ ਹਾਂ ਤੇ ਰੱਬਾ ! ਤੇਰੀ ਕੁਦਰਤ ਤਾਂ ਪਹਿਲਾਂ ਹੀ ਮੇਰੇ ਸਬਰ ਦੀ ਪਰਖ ਕਰ ਚੁੱਕੀ ਹੈ।


Sri Satguru Jagjit Singh Ji eLibrary NamdhariElibrary@gmail.com

## 55

ਲੇਕਿਨ ਯਿ ਦੋ 'ਸਮਰ' ਹੈਂ ਮਿਰੇ ਨੌਨਿਹਾਲ ਕੇ — ਫਲ
ਬੇਟੇ ਹੈਂ ਦੋਨੋਂ 'ਸਰਵਰਿ' ਫ਼ੌਜਿ ਅਕਾਲ ਕੇ — ਫ਼ੌਜ ਦਾ ਸਰਦਾਰ
ਰੱਖ ਕਰ ਇਨ੍ਹੇਂ ਕਲੇਜੇ ਮੇਂ ਆਂਖੋਂ ਮੇਂ ਡਾਲ ਕੇ
ਬੇਟੇ ਕੀ ਲੇਕੇ ਜਾਊਂ ਅਮਾਨਤ ਸੰਭਾਲ ਕੇ
ਬੇਟੇ ਕਾ ਮਾਲ ਹੈ ਜਿਹ ਬਹੂ ਕੀ ਕਮਾਈ ਹੈ।
ਹੈ ਮੇਰੀ ਲਾਖ ਫਿਰ ਭੀ, ਯਿ ਦੌਲਤ ਪਰਾਈ ਹੈ।

ਪਰ ਇਹ ਦੋ ਬੇਟੇ ਅਕਾਲ ਸੈਨਾ ਦੇ ਸਰਦਾਰ ਤੇ ਮੇਰੇ ਪੁੱਤਰ ਦੇ ਹਨ ਜਿਨ੍ਹਾਂ ਨੂੰ ਮੈਂ ਆਪਣੀਆਂ ਅੱਖਾਂ ਵਿੱਚ ਵਸਾ ਕੇ ਅਤੇ ਕਲੇਜੇ ਨਾਲ ਲਾਕੇ ਅਮਾਨਤ ਵਜੋਂ ਸੰਭਾਲ ਕੇ ਲੈ ਕੇ ਜਾਵਾਂਗੀ। ਇਹ ਮੇਰੇ ਬੇਟੇ ਦਾ ਮਾਲ ਹੈ ਅਤੇ ਮੇਰੀ ਬਹੂ ਦੀ ਕਮਾਈ (ਪੈਦਾਇਸ਼) ਹੈ। ਮੈਂ ਭਾਵੇਂ ਲੱਖ ਇਸਨੂੰ ਆਪਣੀ ਕਹਾਂ, ਪਰ ਅਸਲ ਵਿੱਚ ਇਹ ਪਰਾਈ ਦੌਲਤ ਹੀ ਹੈ।

## 56

ਮਨਜ਼ੂਰ ਇਸ ਘੜੀ ਜੋ ਤੁਝੇ ਇਮਤਹਾਨ ਹੈ
ਹਾਜ਼ਰ ਬਜਾਇ ਪੋਤੋਂ ਕੇ ਦਾਦੀ ਕੀ ਜਾਨ ਹੈ
ਹੂੰ ਸੁਰਖ਼ਰੂ ਬਹੂ ਸੇ ਯਹੀ ਦਿਲ ਮੇਂ ਧਯਾਨ ਹੈ
ਬੀਂਕਾ ਨ ਇਨ ਕਾ ਵਾਲ ਹੋ ਡਰ ਯਿ ਹਰ ਆਨ ਹੈ
ਵਰਨਾ ਜਵਾਬ ਦੂੰਗੀ, ਮੈਂ ਕਯਾ ਇਨਕੇ ਬਾਪ ਕੋ।
ਸਦਕੇ ਕਰੂੰ ਮੈਂ ਇਨਕੇ ਸਰੋਂ ਪੇ ਅਪਨੇ ਆਪ ਕੋ।

ਰੱਬਾ! ਇਸ ਵਕ਼ਤ ਜੋ ਇਮਤਿਹਾਨ ਸਾਹਮਣੇ ਹੈ ਉਸ ਲਈ ਪੋਤਿਆਂ ਦੀ ਥਾਂ ਇਨਾਂ ਦੀ ਦਾਦੀ ਦੀ ਜਾਨ ਹਾਜ਼ਰ ਹੈ। ਆਪਣੀ ਬਹੂ ਅਰਥਾਤ ਇਨ੍ਹਾਂ ਦੀ ਮਾਂ ਸਾਹਮਣੇ ਸੁਰਖ਼ਰੂ ਹੋਣ ਵੱਲ ਮੇਰਾ ਧਿਆਨ ਹੈ। ਹਰ ਵੇਲੇ ਮੈਨੂੰ ਇਹੋ ਡਰ ਖਾਈ ਜਾ ਰਿਹਾ ਹੈ ਕਿ ਇਨ੍ਹਾਂ ਪੋਤਿਆਂ ਦਾ ਵਾਲ ਵਿੰਗਾ ਨਾ ਹੋਵੇ। ਵਰਨਾ ਮੈਂ ਇਨ੍ਹਾਂ ਦੇ ਬਾਪ ਨੂੰ ਕੀ ਜਵਾਬ ਦੇਵਾਂਗੀ। ਮੈਂ ਆਪਣੀ ਜਾਨ ਇਨ੍ਹਾਂ ਦੇ ਸਿਰਾਂ ਉੱਤੇ ਕੁਰਬਾਨ ਕਰ ਦੇਵਾਂਗੀ।



Sri Satguru Jagjit Singh Ji eLibrary NamdhariElibrary@gmail.com

## 57

ਗੰਗੂ ਰਸੋਈਏ ਨੇ ਜੁ ਦੇਖਾ ਜਿਹ 'ਇਜ਼ਤਰਾਬ' — *ਬੇਚੈਨੀ, ਘਬਰਾਹਟ*
ਮਾਤਾ ਸੇ ਸਤਿਗੁਰੂ ਕੀ ਕੀਆ ਉਸ ਨੇ ਜਿ ਖ਼ਿਤਾਬ
'ਗਾਂਉਂ ਮੇਰਾ ਕ਼ਰੀਬ ਹੈ ਚਲੀਏ ਵਹਾਂ ਜਨਾਬ।
ਬਾਗੋਂ ਉਠਾ ਕੇ ਆਈਏ ਪੀਛੇ 'ਸਰੇ ਸ਼ਿਤਾਬ'
'ਖੇੜੀ' ਮੇਂ ਆ ਬਿਰਾਜੇ ਜਿ 'ਅਲਕ਼ਿੱਸਾ' ਸ਼ਾਮ ਕੋ। — *ਗੱਲ ਕੀ*
ਕੋਠਾ ਬ੍ਰਾਹਮਨ ਨੇ ਦੀਆ ਥਾ ਇੱਕ, ਕ਼ਯਾਮ ਕੋ।

ਗੰਗੂ ਰਸੋਈਏ ਨੇ ਮਾਤਾ ਜੀ ਦੀ ਏਦਾਂ ਬੇਚੈਨੀ ਵੇਖੀ ਤਾਂ ਉਹ ਬੇਨਤੀ ਕਰਨ ਲੱਗਾ ਕਿ ਮਾਤਾ ਜੀ ਮੇਰਾ ਪਿੰਡ ਨੇੜੇ ਹੀ ਹੈ, ਆਓ ਆਪਾਂ ਉੱਥੇ ਚੱਲਦੇ ਹਾਂ। ਇਸ ਲਈ ਤੁਸੀਂ ਫਟਾਫਟ ਮੇਰੇ ਪਿੱਛੇ ਆਵੋ। ਗੱਲ ਕੀ ਤੁਰਦੇ ਹੋਏ ਉਹ ਸ਼ਾਮ ਨੂੰ ਪਿੰਡ ਖੇੜੀ ਆ ਪੁੱਜੇ ਜਿੱਥੇ ਗੰਗੂ ਬ੍ਰਾਹਮਣ ਨੇ ਉਹਨਾਂ ਨੂੰ ਰਹਿਣ ਲਈ ਇੱਕ ਕੋਠਾ (ਕਮਰਾ) ਦੇ ਦਿੱਤਾ।

## 58

ਦਿਨ ਭਰ ਕੀ ਦੌੜ ਧੂਪ ਸੇ, ਸਭ ਕੋ ਥਕਾਨ ਥਾ
ਮਹਿਫ਼ੂਜ਼ ਹਰ ਤਰਹ ਸੇ ਬਜ਼ਾਹਰ ਮਕਾਨ ਥਾ
ਬਰਸੋਂ ਜਿਸੇ ਖਿਲਾਯਾ ਥਾ ਵੁਹ ਮੇਜ਼ਬਾਨ ਥਾ
ਖ਼ਤਰੇ ਕਾ ਇਸ ਵਜ੍ਹਾ ਨਹੀਂ ਵਹਿਮੋ ਗੁਮਾਨ ਥਾ
ਨੌਕਰ ਕਾ ਘਰ ਸਮਝ ਕੇ ਵੁਹ ਬੇਫ਼ਿਕਰ ਹੋ ਗਏ।
ਲਗਾ ਕਰ ਗਲੇ ਸੇ ਦਾਦੀ ਕੇ ਸ਼ਹਿਜ਼ਾਦੇ ਸੋ ਗਏ।

ਸਾਰੇ ਦਿਨ ਦੀ ਦੌੜ ਭੱਜ ਕਾਰਨ ਸਾਰੇ ਥੱਕੇ ਟੁੱਟੇ ਸਨ। ਮਕਾਨ ਹਰ ਪਾਸਿਓਂ ਸੁਰੱਖਿਆ ਵਿੱਚ ਮਹਿਫ਼ੂਜ਼ ਸੀ। ਜਿਸ ਬੰਦੇ ਨੂੰ ਬਰਸਾਂ ਤੋਂ ਖਾਧ ਖ਼ੁਰਾਕ ਦਿੱਤੀ ਜਾਂਦੀ ਰਹੀ ਸੀ ਉਹ ਉਹਨਾਂ ਦਾ ਮੇਜ਼ਬਾਨ ਸੀ। ਇਸ ਲਈ ਏਥੇ ਕਿਸੇ ਕਿਸਮ ਦਾ ਕੋਈ ਡਰ ਨਹੀਂ ਸੀ। ਆਪਣੇ ਨੌਕਰ ਦਾ ਘਰ ਸਮਝ ਕੇ ਮਾਤਾ ਤੇ ਬੱਚੇ ਚਿੰਤਾ ਰਹਿਤ ਹੋ ਗਏ ਤੇ ਦੋਵੇਂ ਸ਼ਹਿਜ਼ਾਦੇ ਦਾਦੀ ਦੇ ਗਲ ਲੱਗ ਕੇ ਸੋ ਗਏ।



Sri Satguru Jagjit Singh Ji eLibrary NamdhariElibrary@gmail.com

59

ਮਾਤਾ ਕੇ ਸਾਥ ਡਿੱਬਾ ਥਾ 'ਜ਼ੇਵਰਾਤ' ਕਾ ਗਹਿਣੇ
ਲਲਚਾ ਜਿਸੇ ਥਾ ਦੇਖਕੇ ਜੀ 'ਬਦਸਿਫ਼ਾਤ' ਕਾ ਭੈੜਾ
ਕਹਤੇ ਹੈਂ ਜਬਕਿ ਵਕਤ ਹੂਆ ਆਧੀ ਰਾਤ ਕਾ
ਜੀ ਮੇਂ ਕੀਆ ਨ ਖ਼ੌਫ਼ ਕੁੱਛ 'ਆਕ਼ਾ' ਕੀ ਮਾਤ ਕਾ ਮਾਲਿਕ
ਮੁਹਰੋਂ ਕਾ 'ਬਦਰਾ' ਔਰ ਵੁਹ ਡਿੱਬਾ ਉੜਾ ਗਿਆ। ਥੈਲੀ
ਧੋਖੇ ਸੇ ਬ੍ਰਾਹਮਨ ਵੁਹ ਖ਼ਜ਼ਾਨਾ ਚੁਰਾ ਗਿਆ।

ਮਾਤਾ ਜੀ ਪਾਸ ਗਹਿਣਿਆਂ ਦਾ ਡੱਬਾ ਸੀ ਜਿਸ ਨੂੰ ਵੇਖ ਕੇ ਭੈੜੇ ਗੰਗੂ ਦਾ ਦਿਲ ਲਾਲਚ ਵਿੱਚ ਆ ਗਿਆ। ਕਹਿੰਦੇ ਨੇ ਕਿ ਜਦੋਂ ਅੱਧੀ ਰਾਤ ਹੋਈ, ਉਸਦੇ ਦਿਲ ਵਿੱਚ ਮਾਲਕ ਦੀ ਮਾਂ ਦੇ ਅਹਿਸਾਨ ਦਾ ਵੀ ਕੋਈ ਡਰ ਨਹੀਂ ਆ ਰਿਹਾ ਸੀ। ਉਸਨੇ ਮੋਹਰਾਂ ਦੀ ਥੈਲੀ ਅਤੇ ਉਹ ਡੱਬਾ ਉੜਾ ਲਿਆ ਅਤੇ ਧੋਖੇ ਨਾਲ ਉਸ ਬ੍ਰਾਹਮਨ ਨੇ ਸਾਰਾ ਖ਼ਜ਼ਾਨਾ ਚੋਰੀ ਕਰ ਲਿਆ।

60

ਬਦਜ਼ਾਤ 'ਬਦਸਿਫ਼ਾਤ' ਵੁਹ ਗੰਗੂ ਨਿਮਕਹਰਾਮ ਧੋਖੇਬਾਜ਼
ਟੁਕੜੋਂ ਪੈ ਸਤਿਗੁਰੂ ਕੇ ਜੁ ਪਲਤਾ ਰਹਾ 'ਮੁਦਾਮ' ਹਮੇਸ਼ਾ
ਘਰ ਲੇਕੇ ਸ਼ਹਿਜ਼ਾਦੋਂ ਕੋ ਆਯਾ ਜੋ ਬਦਲਗਾਮ
ਥਾ ਜ਼ਰ ਕੇ ਲੂਟਨੇ ਕੋ ਕੀਆ ਯਿਹ ਇੰਤਜ਼ਾਮ
ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।
ਦੁਸ਼ਮਨ ਭੀ ਜੋ ਨ ਕਰਤਾ ਵੁਹ ਯਿ ਕਾਮ ਕਰ ਗਿਆ।

ਉਹ ਹਰਾਮੀ ਤੇ ਧੋਖੇਬਾਜ਼ ਗੰਗੂ ਜਿਹੜਾ ਗੁਰੂ ਮਹਾਰਾਜ ਦੇ ਟੁਕੜਿਆਂ ਉੱਤੇ ਸਾਰੀ ਉਮਰ ਪਲਦਾ ਰਿਹਾ ਸੀ ਤੇ ਜੋ ਬੇਸ਼ਰਮ, ਸ਼ਹਿਜ਼ਾਦਿਆਂ ਨੂੰ ਆਪਣੇ ਘਰ ਲੈ ਕੇ ਆਇਆ ਸੀ, ਉਸਨੇ ਲੁੱਟਣ ਲਈ ਇਹ ਸਾਰਾ ਪ੍ਰਬੰਧ ਕੀਤਾ ਸੀ। ਇਸ ਪ੍ਰਕਾਰ ਉਹ ਸਾਰੀ ਦੁਨੀਆਂ ਵਿੱਚ ਆਪਣਾ ਨਾਮ ਬਦਨਾਮ ਕਰ ਗਿਆ। ਅਜੇਹਾ ਘਟੀਆ ਕੰਮ ਕਰ ਗਿਆ ਜੋ ਕੋਈ ਦੁਸ਼ਮਣ ਵੀ ਨਹੀਂ ਕਰਦਾ।


Sri Satguru Jagjit Singh Ji eLibrary NamdhariElibrary@gmail.com

## 61

'ਅਲਕਿੱਸਾ' ਜਬ ਸਵੇਰ ਕੋ ਜਾਗੀ ਗੁਰੂ ਕੀ ਮਾਂ | *ਮੁੱਕਦੀ ਗੱਲ*
ਰੱਖੇ ਹੁਏ ਖ਼ਜ਼ਾਨਾ ਕਾ ਪਾਯਾ ਨ ਕੁਛ ਨਿਸ਼ਾਂ
ਗੰਗੂ ਸੇ ਬੋਲੀ 'ਲੇਤਾ ਹੈ ਕਿਉਂ ਸਬਰਿ 'ਬੇਕਸਾਂ' | *ਬੇਸਹਾਰਾ*
ਜ਼ਰ ਲੇ ਗਿਆ ਉਠਾ ਰਕੇ ਤੂ ਐ 'ਜਿਸ਼ਤ-ਰੂ' ਕਹਾਂ | *ਕਾਲ-ਮੂੰਹਾਂ*

ਬਿਹਤਰ ਥਾ ਮਾਂਗ ਲੇਤਾ ਤੂ ਹਮ ਸੇ ਤਮਾਮ ਮਾਲ।
ਲੇਕਿਨ ਹੂਆ ਚੁਰਾਨੇ ਸੇ, ਤੁਝ ਪਰ ਹਰਾਮ ਮਾਲ।

ਗੱਲ ਕੀ ਕਿ ਜਦੋਂ ਸਵੇਰ ਹੋਣ ਤੇ ਗੁਰੂਮਾਤਾ ਜਾਗੀ ਤਾਂ ਵੇਖਿਆ ਕਿ ਸਾਰਾ ਹੀ ਖਜ਼ਾਨਾ ਗੁੰਮ ਸੀ ਤੇ ਕੋਈ ਪਤਾ ਨਹੀਂ ਲੱਗਦਾ ਸੀ। ਉਹ ਗੰਗੂ ਨੂੰ ਕਹਿਣ ਲੱਗੀ,"ਗੰਗੂ! ਸਾਡਾ ਬੇਸਹਾਰਿਆਂ ਦਾ ਸਬਰ ਕਿਉਂ ਅਜ਼ਮਾਉਣ ਲੱਗਿਆ ਹੈਂ। ਕਾਲੇ ਮੂੰਹ ਵਾਲਿਆ! ਸਾਡਾ ਸਾਰਾ ਧੰਨ ਤੂੰ ਕਿਥੇ ਚੁੱਕ ਲੈ ਗਿਆ ਹੈਂ। ਚੰਗਾ ਹੁੰਦਾ ਜੇ ਮੇਰੇ ਪਾਸੋਂ ਸਾਰਾ ਕੁਝ ਤੂੰ ਮੰਗ ਕੇ ਲੈ ਲੈਂਦਾ। ਤੂੰ ਸਾਡਾ ਮਾਲ ਚੋਰੀ ਕਰਕੇ ਨਮਕ ਹਰਾਮ ਹੋ ਗਿਆ ਹੈਂ।"

## 62

ਜਿਸ ਘਰ ਕਾ ਤੂ ਗ਼ੁਲਾਮ ਥਾ ਉਨ ਸੇ ਦਗ਼ਾ ਕੀਆ
ਲਾ ਕਰ ਕੇ ਘਰ ਮੇਂ ਕਾਮ ਯਿ ਕਿਆ ਬੇਵਫ਼ਾ ਕੀਆ
ਜ਼ਰ ਕੇ ਲੀਏ ਸਵਾਲ ਨ ਕਿਉਂ 'ਬਰਮਲਾ' ਕੀਆ | *ਸਪੱਸ਼ਟ*
ਹਮ ਸੇ ਤੋ ਜਿਸ ਨੇ ਭੀ ਮਾਂਗਾ ਅਤਾ ਕੀਆ

ਮਾਤਾ ਹੂੰ ਕਲਗ਼ੀਧਰ ਕੀ ਤੁਝੇ ਕਿਆ ਖ਼ਬਰ ਨ ਥੀ ?
ਤੇਰੀ ਤਰਹ ਤੋ ਮੁਝ ਕੋ ਜ਼ਰਾ ਹਿਰਸਿ ਜ਼ਰ ਨ ਥੀ ?

ਤੂੰ ਜਿਸ ਘਰ ਦਾ ਗੁਲਾਮ ਸੀ, ਉਸ ਨਾਲ ਹੀ ਧੋਖਾ ਕੀਤਾ ਹੈ। ਸਾਡੇ ਘਰ ਵਿੱਚ ਹੀ ਕੰਮ ਕਰਦਾ ਰਿਹਾ ਤੇ ਸਾਡੇ ਨਾਲ ਹੀ ਇਹ ਬੇਵਫ਼ਾਈ ਦਾ ਕੰਮ ਕੀਤਾ। ਜੇ ਪੈਸਾ ਤੇ ਸੋਨਾ ਚਾਹੀਦਾ ਸੀ ਤੂੰ ਸਪਸ਼ਟ ਕਿਉਂ ਨਾ ਦੱਸਿਆ। ਅਸੀਂ ਤਾਂ ਹਰ ਇੱਕ ਨੂੰ ਜਿਸਨੇ ਮੰਗਿਆ, ਦੇ ਦਿੱਤਾ। ਕੀ ਤੈਨੂੰ ਪਤਾ ਨਹੀਂ ਸੀ ਕਿ ਮੈਂ ਕਲਗ਼ੀਧਰ ਦੀ ਮਾਂ ਹਾਂ। ਮੈਨੂੰ ਤਾਂ ਤੇਰੇ ਵਾਂਗ ਕੋਈ ਲਾਲਚ ਨਹੀਂ ਸੀ।



Sri Satguru Jagjit Singh Ji eLibrary NamdhariElibrary@gmail.com

63

ਵਾਹਿਗੁਰੂ ਕੇ ਨਾਮ ਪਿ ਕੁਲ ਮਾਲੋ ਜ਼ਰ ਭੀ ਦੂੰ
ਖ਼ਲਕ਼ਤ ਕੇ ਫ਼ਾਯਦੇ ਕੋ ਲੁਟਾ ਅਪਨਾ ਘਰ ਭੀ ਦੂੰ
ਗਰਦਨ ਪਤੀ ਕੀ ਦੇ ਚੁੱਕੀ ਅਪਨਾ ਸਰ ਭੀ ਦੂੰ
'ਖ਼ੁਸ਼ਨੂਦੀਏ ਅਕਾਲ' ਕੋ, ਲਖ਼ਤਿ ਜਿਗਰ ਭੀ ਦੂੰ  *ਰੱਬੀ ਖ਼ੁਸ਼ੀ*
ਕਰਾਰ ਕਰ ਲੇ ਅਪਨੀ ਖ਼ਤਾ ਕਾ ਤੂ ਗਰ ਅਭੀ।
ਹਮ ਬਖ਼ਸ਼ ਦੇਂਗੇ ਸ਼ੌਕ਼ ਸੇ ਸਭ ਮਾਲੋ ਜ਼ਰ ਅਭੀ।

ਮੈਂ ਪਰਮਾਤਮਾ ਦੇ ਨਾਮ ਤੇ ਸਾਰਾ ਮਾਲ ਤੇ ਧੰਨ ਲੁਟਾ ਸਕਦੀ ਹਾਂ। ਲੋਕਾਂ ਦੇ ਫ਼ਾਇਦੇ ਖ਼ਾਤਰ ਆਪਣਾ ਘਰ ਵੀ ਦੇ ਦੇਵਾਂਗੀ। ਮੈਂ ਆਪਣੇ ਪਤੀ ਦਾ ਸੀਸ ਦੇ ਚੁੱਕੀ ਹਾਂ, ਹੁਣ ਆਪਣਾ ਵੀ ਦੇ ਦੇਵਾਂਗੀ। ਜੇ ਹੁਣੇ ਤੂੰ ਆਪਣਾ ਕ਼ਸੂਰ ਮੰਨ ਜਾਵੇਂ ਤਾਂ ਅਸੀਂ ਸ਼ੌਕ ਨਾਲ ਹੀ ਸਭੋ ਕੁੱਝ ਤੈਨੂੰ ਦੇ ਦੇਵਾਂਗੇ।

www.archive.org/details/namdhari

64

ਉਪਦੇਸ਼ ਮਾਤਾ ਗੁਜਰੀ ਕਾ ਸੁਨ ਕਰ ਵੁਹ ਬੇਹਯਾ
ਸ਼ਰਮਿੰਦਾ ਹੋਨੇ ਕੀ ਜਗ੍ਹਾ ਚਿੱਲਾਨੇ ਲਗਾ ਗਜਾ
ਬਕਤਾ ਥਾ ਜ਼ੋਰ-ਜ਼ੋਰ ਸੇ, ਦੇਖੋ ਗ਼ਜ਼ਬ ਹੈ ਕਯਾ
ਤੁਮ ਕੋ ਪਨਾਹ ਦੇਨੇ ਕੀ ਕਯਾ ਥੀ ਯਹੀ 'ਸਜ਼ਾ' ?  *ਬਦਲਾ*
ਫਿਰਤੇ ਹੋ ਜਾਂ ਛਿਪਾਏ ਹੂਏ ਖ਼ੁਦ ਨੱਵਾਬ ਸੇ।
ਕਹਤੇ ਹੋ ਮੁਝ ਕੋ ਚੋਰ ਪਿ ਫਿਰ ਕਿਸ ਹਿਸਾਬ ਸੇ ?

ਪਰ ਉਹ ਮਾਤਾ ਗੁਜਰੀ ਦਾ ਉਪਦੇਸ਼ ਸੁਣ ਕੇ ਸ਼ਰਮਿੰਦਾ ਹੋਣ ਦੀ ਥਾਂ ਉੱਚੀ ਉੱਚੀ ਬਕਣ ਲੱਗ ਪਿਆ। ਉੱਚੀ-ਉੱਚੀ ਕਹਿ ਰਿਹਾ ਸੀ, 'ਦੇਖੋ ਕਿੰਨਾ ਗ਼ਜ਼ਬ ਹੋ ਗਿਆ ਕਿ ਤੁਹਾਨੂੰ ਪਨਾਹ ਦੇਣ ਦੀ ਇਹ ਸਜ਼ਾ ਦੇ ਰਹੇ ਹੋ। ਤੁਸੀਂ ਨਵਾਬ ਪਾਸੋਂ ਆਪਣੀ ਜਾਨ ਬਚਾਉਂਦੇ ਫਿਰ ਰਹੇ ਹੋ ਤੇ ਮੈਨੂੰ ਪਤਾ ਨਹੀਂ ਲੱਗਦਾ ਕਿ ਕਿਹੜੇ ਹਿਸਾਬ ਨਾਲ ਮੈਨੂੰ ਚੋਰ ਕਹਿ ਰਹੇ ਹੋ।'



Sri Satguru Jagjit Singh Ji eLibrary NamdhariElibrary@gmail.com

## 65

ਚੁੱਪ-ਚਾਪ ਘਰ ਸੇ ਚਲ ਦੀਆ ਫਿਰ ਵੁਹ ਨਿਮਕ-ਹਰਾਮ
ਪਹੁੰਚਾ ਵੁਹ ਉਸ ਜਗ੍ਹਾ ਪਿ ਮੋਰਿੰਡਾ ਜਿਸ ਕਾ ਨਾਮ
ਮੁਖ਼ਬਰ ਵਹਾਂ ਨਵਾਬ ਕੇ ਰਖਤੇ ਥੇ ਕੁਛ ਫ਼ੁਜਾਮ
ਖ਼ੁਸ਼ੀਆ ਕੁਛ ਉਨ ਸੇ ਕਰਨੇ ਲਗਾ 'ਬਦ ਸਿਯਰ'-ਕਲਾਮ *ਭੈੜਾ*
ਮਤਲਬ ਥਾ ਜਿਸਕਾ 'ਘਰ ਮਿਰੇ ਸਤਿਗੁਰ ਕੇ ਲਾਲ ਹੈਂ।
ਜਿਨਕੇ ਪਕੜਨੇ ਕੇ ਸਭੀ 'ਖ਼੍ਵਾਹਾਂ' ਕਮਾਲ ਹੈ।' *ਇੱਛਕ*

ਇਸ ਪਿਛੋਂ ਨਿਮਕ ਹਰਾਮ ਚੁੱਪ ਚਾਪ ਘਰੋਂ ਚਲਾ ਗਿਆ ਤੇ ਮੋਰਿੰਡਾ ਨਾਮੀ ਥਾਂ ਉੱਤੇ ਪੁੱਜ ਗਿਆ। ਉੱਥੇ ਨਵਾਬ ਦੇ ਕੁੱਝ ਸੂਹੀਏ ਰਹਿੰਦੇ ਸਨ। ਉਹਨਾਂ ਵਿੱਚੋਂ ਇੱਕ ਨਾਲ ਬੇਹਯਾ ਇਸ ਪ੍ਰਕਾਰ ਗੱਲਬਾਤ ਕਰਨ ਲੱਗਿਆ ਕਿ ਸਤਿਗੁਰਾਂ ਦੇ ਲਾਲ ਮੇਰੇ ਘਰ ਟਿਕੇ ਹੋਏ ਹਨ ਜਿਨ੍ਹਾਂ ਨੂੰ ਫੜਨ ਦੇ ਤੁਸੀਂ ਇੱਛਕ ਹੋ।

## 66

ਰਾਜੋਂ ਸੇ ਔਰ ਨੱਵਾਬ ਸੇ ਦਿਲਵਾਓ ਗਰ ਇਨਾਮ
ਆਕ਼ਾ ਕੀ ਮਾਂ ਕੋ ਬੇਟੋਂ ਕੋ ਪਕੜਾਊਂ 'ਲਾ ਕਲਾਮ' *ਨਿਰਸੰਦੇਹ*
ਪਾ ਕੇ ਸਿਲਾ ਵਜ਼ੀਦ ਸੇ ਤੁਮ ਭੀ ਹੋ ਸ਼ਾਦ ਕਾਮ
ਮੁਝ ਕੋ ਭੀ ਖ਼ਿਲਅਤੋਂ ਸੇ ਕਰੋ 'ਫ਼ਾਇਜ਼ੁਲਮਰਾਮ' *ਸਫਲ*
ਅਲਕ਼ਿੱਸਾ ਲੇ ਕੇ ਸਾਥ ਵੁਹ, ਜਾਸੂਸ ਆ ਗਿਆ।
ਪਕੜਾਨੇ ਸ਼ਹਿਜ਼ਾਦੋਂ ਕੋ ਮਨਹੂਸ ਆ ਗਿਆ।

"ਜੇ ਰਾਜੇ ਅਤੇ ਨਵਾਬ ਪਾਸੋਂ ਮੈਨੂੰ ਕੁੱਝ ਇਨਾਮ ਦਿਲਵਾ ਸਕੋ ਤਾਂ ਮੈਂ ਬਿਲਾਸ਼ੱਕ ਮਾਲਕ ਦੀ ਮਾਂ ਅਤੇ ਬੇਟਿਆਂ ਨੂੰ ਪਕੜਵਾ ਦੇਵਾਂਗਾ। ਤੁਸੀਂ ਇਨਾਮ ਪਾਕੇ ਅਤਿਅੰਤ ਖ਼ੁਸ਼ ਹੋ ਜਾਣਾ ਤੇ ਸ਼ਾਹੀ ਖ਼ਿਲਅਤ ਮੈਨੂੰ ਦਿਲਵਾ ਕੇ ਸਫਲ ਬਣਾ ਦੇਣਾ।" ਗੱਲ ਕੀ, ਉਹ ਸੂਹੀਆ ਨਾਲ ਲੈ ਕੇ ਘਰ ਪੁੱਜ ਗਿਆ ਤਾਂ ਜੋ ਉਹ ਮਨਹੂਸ ਬੱਚਿਆਂ ਨੂੰ ਗ੍ਰਿਫ਼ਤਾਰ ਕਰਵਾ ਦੇਵੇ।



Sri Satguru Jagjit Singh Ji eLibrary NamdhariElibrary@gmail.com

## 67

ਬੱਚੇ ਉਨ੍ਹੋਂ ਨੇ ਆ ਕੇ ਗਿਰਫ਼ਤਾਰ ਕਰ ਲੀਏ
ਕਾਬੂ ਬ-ਜਬਰ ਬੇ ਕਸੋ ਬੇ ਯਾਰ ਕਰ ਲੀਏ
ਕੁਬਜ਼ੇ ਮੇਂ ਅਪਨੇ 'ਦੁਰਿ ਸ਼ਾਹਵਾਰ' ਕਰ ਲੀਏ *ਸ਼ਾਹੀ ਮੋਤੀ*
ਸਰਹੰਦ ਸਾਥ ਚਲਨੇ ਕੋ ਤੱਯਾਰ ਕਰ ਲੀਏ
ਪੀਨਸ ਥੀ ਨ ਪਾਲਕੀ ਥੀ ਨ ਵੁਹ ਅੰਬਾਰੀ ਥੀ।
ਬਦਬਖ਼ਤ ਲਾਏ ਬੈਲ ਕੀ ਗਾੜੀ ਸਵਾਰੀ ਥੀ।

ਜਿਨ੍ਹਾਂ ਨੇ ਆ ਕੇ ਬੱਚੇ ਗ੍ਰਿਫ਼ਤਾਰ ਕਰ ਲਏ ਅਤੇ ਬੇਸਹਾਰਾ ਕਰ ਦਿੱਤੇ ਤੇ ਦੋ ਸ਼ਾਹੀ ਮੋਤੀਆਂ ਨੂੰ ਆਪਣੇ ਕੁਬਜ਼ੇ ਵਿੱਚ ਕਰ ਲਿਆ ਅਤੇ ਆਪਣੇ ਨਾਲ ਸਰਹਿੰਦ ਜਾਣ ਲਈ ਅੱਗੇ ਲਾ ਲਿਆ। ਲੈ ਜਾਣ ਲਈ, ਜਿਹੜੇ ਕਦੀ ਸ਼ਾਨ ਪਾਲਕੀ ਵਿੱਚ ਬਾਹਰ ਨਿਕਲਦੇ ਸਨ, ਬੈਲ-ਗੱਡੀ ਉੱਤੇ ਬਿਠਾ ਕੇ ਤੁਰ ਗਏ।'

## 68

ਸਰਹੰਦ ਜਾ ਕੇ ਪਹੁੰਚੇ ਹਜ਼ਾਰ 'ਇਜ਼ਤਰਾਬ' ਸੇ *ਬੇਚੈਨੀ*
ਦੋ ਚਾਰ ਹਾਏ ਜਬ ਹੂਏ ਜ਼ਾਲਿਮ ਨਵਾਬ ਸੇ
ਕਮਬਖ਼ਤ ਦੇਖਤੇ ਹੀ ਯਿ ਬੋਲਾ 'ਅਤਾਬ' ਸੇ *ਗੁੱਸਾ*
ਫ਼ਿਲਹਾਲ ਇਨ ਕੋ ਕੈਦ ਮੇਂ ਰਖੋ ਗ਼ੁਜ਼ਾਬ ਸੇ
ਗੁੰਬਦ ਥਾ ਜਿਸ ਮਕਾਂ ਮੇਂ 'ਮੁਰੱਯਦ' ਹਜ਼ੂਰ ਥੇ। *ਕੈਦ*
ਦੋ ਚਾਂਦ ਏਕ ਬੁਰਜ ਮੇਂ ਰਖਤੇ ਜ਼ਹੂਰ ਥੇ।

ਹਜ਼ਾਰ ਮੁਸੀਬਤਾਂ ਤੇ ਬੇਚੈਨੀ ਸਹਿੰਦੇ ਜਦੋਂ ਸਰਹਿੰਦ ਪੁੱਜੇ ਤੇ ਜਦੋਂ ਨਵਾਬ ਨਾਲ ਗੁੱਸਿ ਭਰੀ ਗੱਲ ਹੋਈ ਤਾਂ ਮੰਦੇ ਭਾਗਾਂ ਨਾਲ ਨੱਵਾਬ ਦੇਖਦੇ ਸਾਰ ਹੀ ਗੁੱਸਿ ਨਾਲ ਬੋਲਿਆ ਕਿ ਇਹਨਾਂ ਨੂੰ ਹਾਲੇ ਕੈਦ ਵਿੱਚ ਰੱਖ। ਜਿਸ ਮਕਾਨ ਉੱਤੇ ਇੱਕ ਗੁਬੰਦ ਬਣਿਆ ਸੀ, ਉਹਨਾਂ ਨੂੰ ਉੱਥੇ ਕੈਦ ਕਰ ਦਿੱਤਾ ਗਿਆ ਕਿਉਂਕਿ ਇਸ ਬੁਰਜ ਵਿੱਚ ਦੋ ਚਾਰ ਨੂੰ ਹਮੇਸ਼ਾਂ ਹੀ ਰੱਖਿਆ ਕਰਦੇ ਸਨ।



Sri Satguru Jagjit Singh Ji eLibrary NamdhariElibrary@gmail.com

## 69

ਫ਼ੈਦਿ ਬਲਾ ਮੇਂ ਤੀਸਰਾ ਦਿਨ ਥਾ ਜਨਾਬ ਕੋ
ਬੇ ਆਬ ਕਰ ਚੁਕੀ ਥੀ, 'ਅਤਸ' ਹਰ ਗੁਲਾਬ ਕੋ — *ਪਿਆਸ*
ਤਰਸੇ ਹੁਏ ਰਿਜ਼ਕ ਕੋ ਜੀ ਔਰ ਖ਼ਵਾਬ ਕੋ
ਇਕ ਰੋਜ਼ ਸੁੱਚਾਨੰਦ ਯਿਹ ਬੋਲਾ ਨਵਾਬ ਕੋ—
ਮੰਗਵਾਕੇ ਕਲਗ਼ੀਧਰ ਕੇ ਪਿਸਰ ਇੰਤਕ਼ਾਮ ਲੇ।
ਮਾਸੂਮ ਉਨੇਂ ਸਮਝ ਕੇ ਦਯਾ ਸੇ ਨ ਕਾਮ ਲੇ।

ਕ਼ੈਦ ਵਿੱਚ ਤੀਜਾ ਦਿਨ ਆ ਗਿਆ ਸੀ। ਪਿਆਸ ਹਰ ਗੁਲਾਬ ਨੂੰ ਪਿਆਸਾ ਕਰ ਚੁੱਕੀ ਸੀ। ਰੋਟੀ ਤੋਂ ਬਿਨਾਂ ਭੁੱਖ ਜੀਣਾ ਹਰਾਮ ਕਰ ਰਹੀ ਸੀ ਤਾਂ ਇੱਕ ਦਿਨ ਸੁੱਚਾ ਨੰਦ ਨੇ ਨਵਾਬ ਨੂੰ ਆਖਿਆ ਕਿ ਕਲਗੀਧਰ ਦੇ ਪੁੱਤਰਾਂ ਨੂੰ ਸੱਦ ਕੇ ਬਦਲਾ ਲਵੇ ਐਵੇਂ ਉਹਨਾਂ ਨੂੰ ਮਸੂਮ ਸਮਝ ਕੇ ਰਹਿਮ ਨਾਂ ਕਰੀ ਜਾਵੇ।

## 70

ਬੋਲਾ ਵੁਹ ਸੁੱਚਾਨੰਦ ਸੇ 'ਲੇ ਆ ਉਨ੍ਹੇ ਸ਼ਿਤਾਬ'
'ਚਰਕੋਂ' ਸੇ ਸਤਿਗੁਰੂ ਕੇ ਜਿਗਰ ਹੈ ਮੇਰਾ ਕਬਾਬ — ਚੋਭਾਂ
ਗੋਬਿੰਦ ਨੇ ਗੰਵਾ ਦੀਆ ਸਭ ਮੇਰਾ ਰੋਅਬ-ਦਾਬ
ਰਾਜੋਂ ਕੇ ਸਾਥ ਮੇਰੀ ਭੀ ਮੱਟੀ ਹੂਈ ਖ਼ਰਾਬ
ਦੁਸ਼ਮਨ ਕੇ ਬੱਚੇ ਕ਼ਤਲ ਕਰੂੰਗਾ ਜ਼ਰੂਰ ਮੈਂ।
ਕਹਨੇ ਪਿ ਤੇਰੇ ਆਜ ਚਲੂੰਗਾ ਜ਼ਰੂਰ ਮੈਂ।

ਇਹ ਸੁਣ ਨਵਾਬ ਨੇ ਸੁੱਚਾ ਨੰਦ ਨੂੰ ਆਖਿਆ ਕਿ ਹੁਣੇ ਜਲਦੀ ਤੋਂ ਜਲਦੀ ਲੈ ਆਵੇ। ਸਤਿਗੁਰੂ ਦੇ ਚੋਭਾਂ ਨਾਲ ਮੇਰਾ ਜਿਗਰ ਕਬਾਬ ਬਣ ਚੁਕਿਆ ਹੈ। ਗੋਬਿੰਦ ਨੇ ਮੇਰਾ ਸਾਰਾ ਰੋਅਬ ਦਾਬ ਖ਼ਤਮ ਕਰ ਦਿੱਤਾ ਹੈ। ਪਹਾੜੀ ਰਾਜਿਆਂ ਦੇ ਨਾਲ-ਨਾਲ ਮੇਰੀ ਵੀ ਮਿੱਟੀ ਖ਼ਰਾਬ ਹੋ ਗਈ ਹੈ। ਮੈਂ ਆਪਣੇ ਦੁਸ਼ਮਣ ਦੇ ਬੱਚਿਆਂ ਨੂੰ ਜ਼ਰੂਰ ਕ਼ਤਲ ਕਰਕੇ ਹਟੂੰਗਾ ਤੇ ਅੱਜ ਮੈਂ ਤੇਰੇ ਕਹਿਣੇ ਉੱਤੇ ਜ਼ਰੂਰ ਅਮਲ ਕਰੂੰਗਾ।



Sri Satguru Jagjit Singh Ji eLibrary NamdhariElibrary@gmail.com

**71**

ਬੱਚੋਂ ਕੋ ਲੇਨੇ ਆਏ ਗ਼ਰਜ਼ ਚੰਦ ਬੇਹੱਯਾ
ਸਰਦਾਰ ਇਨ ਕਾ ਕਹਿਤੇ ਕਿ ਸੁੱਚਾਨੰਦ ਥਾ
ਮਾਤਾ ਨੇ ਦੇਖ ਕਰ ਕਹਾ—ਹੈ! ਹੈ! ਗ਼ਜ਼ਬ ਹੂਆ
ਬਸ ਆਨ ਪਹੁੰਚਾ ਸਿਰ ਪਿ ਹੈ ਮੌਕ਼ਾ ਜੁਦਾਈ ਕਾ
ਦੇਖੂੰਗੀ ਉਮਰ ਭਰ ਕੇ ਨ ਪਯਾਰੀ ਸੂਰਤੇਂ।
ਮੱਟੀ ਮੇਂ ਮਿਲਨੇ ਵਾਲੀ ਹੈਂ, ਮੈਂ ਵਾਰੀ, ਸੂਰਤੇਂ।

ਬੱਸ ਕੁੱਝ ਬੰਦੇ ਦੋ ਬੱਚਿਆਂ ਨੂੰ ਲੈਣ ਲਈ ਪੁੱਜ ਗਏ। ਕਹਿੰਦੇ ਨੇ ਕਿ ਇਨ੍ਹਾਂ ਦਾ ਆਗੂ ਸੁੱਚਾ ਨੰਦ ਸੀ। ਜਦੋਂ ਮਾਤਾ ਨੇ ਵੇਖਿਆ ਤਾਂ ਕਹਿਣ ਲੱਗੀ ਕਿ ਕ਼ਹਿਰ ਹੋ ਗਿਆ ਹੈ ਕਿਉਂਕਿ ਹੁਣ ਜੁਦਾਈ ਦਾ ਸਮਾਂ ਪੁੱਜ ਗਿਆ ਹੈ। ਹੁਣ ਮੈਂ ਇਨ੍ਹਾਂ ਪਿਆਰੀਆਂ ਸੂਰਤਾਂ ਨੂੰ ਮੁੜ ਉਮਰ ਭਰ ਨਹੀਂ ਦੇਖ ਸਕਣਾਂ ਕਿਉਂਕਿ ਹੁਣ ਇਹ ਮਿੱਟੀ ਵਿੱਚ ਮਿਲਣ ਵਾਲੀਆਂ ਹਨ।

**72**

ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ
ਕੇਸੋਂ ਕੋ ਕੰਘੀ ਕਰੂੰ ਮੂੰਹ ਧੁਲਾ ਤੋ ਲੂੰ
ਪਿਆਰੇ ਸਰੋਂ ਪੈ ਨੰਨ੍ਹੀ ਸੀ ਕਲਗ਼ੀ ਸਜਾ ਤੋ ਲੂੰ
ਮਰਨੇ ਸੇ ਪਹਿਲੇ ਤੁਮ ਕੋ ਮੈਂ ਦੂਲਹਾ ਬਨਾ ਤੋ ਲੂੰ
ਰੋ ਰੋ ਕੇ ਮਾਤਾ ਗੁਜਰੀ ਨੇ 'ਆਰਾਸਤਾ' ਕੀਆ। — *ਸਜਾ ਦਿੱਤਾ*
ਤੀਰੋ ਕਮਾਂ ਸੇ ਤੇਗ਼ ਸੇ 'ਪੈਰਾਸਤਾ' ਕੀਤਾ। — *ਛੁਡਾਇਆ*

"ਆਓ ਪੁੱਤਰੋ! ਜਾਣ ਤੋਂ ਪਹਿਲਾਂ ਮੈਂ ਤੁਹਾਨੂੰ ਗੱਲ ਨਾਲ ਤਾਂ ਲਾ ਲਵਾਂ। ਤੁਹਾਡੇ ਕੇਸ ਵਾਹ ਕੇ ਮੂੰਹ ਧੁਲਾ ਦੇਵਾਂ। ਪਿਆਰੇ ਸਿਰਾਂ ਉੱਤੇ ਨਿੱਕੀਆਂ-ਨਿੱਕੀਆਂ ਕਲਗ਼ੀਆਂ ਸਜਾ ਦੇਵਾਂ ਤਾਂ ਜੋ ਮਰਨ ਤੋਂ ਪਹਿਲਾਂ ਤੁਹਾਨੂੰ ਦੂਲ੍ਹੇ ਬਣਾ ਦੇਵਾਂ।" ਰੋ-ਰੋ ਕੇ ਮਾਤਾ ਗੁਜਰੀ ਨੇ ਇਸ ਪ੍ਰਕਾਰ ਉਹਨਾਂ ਨੂੰ ਸਜਾ ਦਿੱਤਾ ਕਿ ਉਹ ਤੀਰਾਂ ਕਮਾਨਾਂ ਨਾਲ ਪੂਰੇ ਫੱਬਣ ਲੱਗ ਪਏ।


Sri Satguru Jagjit Singh Ji eLibrary NamdhariElibrary@gmail.com

## 73

ਬੇਟੇ ਸੇ ਪਹਿਲੇ ਬਿਛੁੜੀ ਥੀ ਤੁਮ ਭੀ ਬਿਛੜ ਚਲੇ
ਬਿਗੜੇ ਹੂਏ ਨਸੀਬ ਯੇ ਜ਼ਯਾਦਾ ਬਿਗੜ ਚਲੇ
ਬੇ ਰਹਿਮ ਦੁਸ਼ਮਨੋਂ ਕੇ ਤੁਮ ਹਾਥੋਂ ਮੇਂ ਪੜ ਚਲੇ
ਜ਼ੰਜੀਰਿ ਗ਼ਮ ਮੇਂ ਮੁਝ ਕੋ ਯਹਾਂ ਪਰ ਜਕੜ ਚਲੇ
ਬਿਹਤਰ ਥਾ ਤੁਮ ਸੇ ਪਹਿਲੇ ਮੈਂ ਦੇਤੀ ਪਰਾਨ ਕੋ।
ਦੁਖ ਸੇ ਤੁਮ੍ਹਾਰੇ ਦੁਖ ਹੈ, 'ਸਿਵਾ' ਮਿਰੀ ਜਾਨ ਕੋ। ਹੋਰ ਜ਼ਿਆਦਾ

"ਮੈਂ ਪਹਿਲਾਂ ਆਪਣੇ ਬੇਟੇ ਨਾਲੋਂ ਵਿਛੁੜੀ ਸੀ ਹੁਣ ਤੁਸੀਂ ਵੀ ਵਿਛੁੜ ਗਏ ਹੋ। ਮੇਰੀ ਵਿਗੜੀ ਹੋਈ ਕ਼ਿਸਮਤ ਹੋਰ ਵਿਗੜ ਗਈ ਹੈ। ਤੁਸੀਂ ਨਿਰਦਈ ਲੋਕਾਂ ਦੇ ਹੱਥ ਆ ਗਏ ਹੋ ਤੇ ਮੈਨੂੰ ਫ਼ਿਕਰਾਂ ਦੀਆਂ ਜ਼ੰਜੀਰਾਂ ਪਾ ਚੱਲੇ ਹੋ। ਚੰਗਾ ਸੀ ਮੈਂ ਤੁਹਾਡੇ ਨਾਲੋਂ ਪਹਿਲਾ ਪ੍ਰਾਨ ਤਿਆਗ ਦੇਂਦੀ। ਹੁਣ ਤੁਹਾਡੇ ਦੁੱਖ ਨੂੰ ਵੇਖ ਕੇ ਮੇਰਾ ਦੁੱਖ ਹੋਰ ਵੱਧ ਗਿਆ।"

## 74

ਕਹਿ ਕੇ ਰੋਤੀ ਜਾਤੀ ਥੀ ਜ਼ਾਰੋ ਜ਼ਾਰ ਮਾਤ
ਜ਼ੋਰਾਵਰ ਅਰ ਫ਼ਤਿਹ ਪਿ ਹੋਤੀ ਨਿਸਾਰ ਮਾਤ
ਇਸ ਦਰਜਾ ਰੰਜੋ ਗ਼ਮ ਸੇ, ਹੂਈ ਬੇਕਰਾਰ ਮਾਤ
ਗ਼ਸ਼ ਖਾ ਕੇ ਗਿਰਨੇ ਵਾਲੀ ਥੀ ਬੇਇਖ਼ਤਯਾਰ ਮਾਤ
ਸ਼ਹਿਜ਼ਾਦਗਾਂ ਨੇ ਬੜ੍ਹ ਕੇ ਸੰਭਾਲਾ ਹਜ਼ੂਰ ਕੋ।
ਢਾਰਸ ਬੰਧਾਈ ਕਹਿਕੇ, ਦਿਲੇ ਨਾ ਸਬੂਰ ਕੋ।

ਏਦਾਂ ਕਹਿੰਦੀ ਹੋਈ ਮਾਤਾ ਜ਼ਾਰ ਜ਼ਾਰ ਰੋਂਦੀ ਜਾ ਰਹੀ ਸੀ ਤੇ ਜ਼ੋਰਾਵਰ ਅਤੇ ਫ਼ਤਹਿ ਉੱਤੇ ਕੁਰਬਾਨ ਹੁੰਦੀ ਜਾ ਰਹੀ ਸੀ। ਮਾਤਾ ਫ਼ਿਕਰ ਤੇ ਦੁੱਖ ਨਾਲ਼ ਏਨੀ ਬੇਚੈਨ ਸੀ ਕਿ ਬਸ ਬੇਸੁੱਧ ਹੋ ਕੇ ਗ਼ਮ ਨਾਲ ਗਿਰਨ ਬਰਾਬਰ ਸੀ। ਸ਼ਹਿਜ਼ਾਦਿਆਂ ਨੇ ਬਹੁਤ ਮੁਸ਼ਕਿਲ ਨਾਲ਼ ਉਸ ਨੂੰ ਸੰਭਾਲਿਆ ਅਤੇ ਦਲਾਸਾ ਦਿੱਤਾ।



Sri Satguru Jagjit Singh Ji eLibrary NamdhariElibrary@gmail.com

## 75

ਫ਼ੁਰਮਾਏ 'ਦਸਤ ਬਸਤਾ' ਵੁਹ ਦੋਨੋਂ ਗੁਰੂ ਕੇ ਲਾਲ ਹੱਥ ਜੋੜ ਕੇ
ਜੀ ਕਿਉਂ ਮੁਕੱਦਸਾ ਕਾ ਹੈ ਅਪਨੇ ਲੀਏ ਨਿਢਾਲ
ਕੁਰਬਾਨੀਓਂ ਕੀ ਪੰਥ ਕੋ ਹਾਜਤ ਭੀ ਹੈ ਕਮਾਲ
ਜਾਂ ਸੀ ਹਕੀਰ ਚੀਜ਼ ਕਾ ਫਿਰ ਹਮ ਕੋ ਹੋ ਖ਼ਯਾਲ ?
 ਵਾਹਿਗੁਰੂ ਸੇ ਜਾਨ ਪਿਆਰੀ ਨਹੀਂ ਹਮੇਂ।
 ਭਾਤੀ ਜਿ 'ਆਹੋ-ਜ਼ਾਰੀ' ਤੁਮ੍ਹਾਰੀ ਨਹੀਂ ਹਮੇਂ। ਰੋਣਾ

ਦੋਵੇਂ ਗੁਰੂ ਬੇਟੇ ਹੱਥ ਜੋੜ ਕੇ ਕਹਿਣ ਲੱਗੇ, "ਮਾਤਾ ਜੀ! ਤੁਸੀਂ ਇਸ ਧਾਕ ਕੰਮ ਉੱਤੇ ਨਿਢਾਲ ਨਾ ਹੋਵੋ। ਪੰਥ ਨੂੰ ਅੱਜ ਕੁਰਬਾਨੀਆਂ ਦੀ ਜ਼ਰੂਰਤ ਹੈ। ਜਾਨ ਤਾਂ ਬਹੁਤ ਘਟੀਆ ਵਸਤੂ ਹੈ, ਮਾਤਾ ਧਿਆਨ ਇਸ ਪਾਸੇ ਨਾ ਦਿਵਾਓ। ਸਾਨੂੰ ਵਾਹਿਗੁਰੂ ਤੋਂ ਜਾਨ ਪਿਆਰੀ ਨਹੀਂ ਹੈ ਇਸ ਲਈ ਤੁਹਾਡਾ ਰੋਣਾ ਧੋਣਾ ਸਾਨੂੰ ਚੰਗਾ ਨਹੀਂ ਲੱਗਦਾ।"

## 76

ਰੁਖ਼ਸਤ ਦੋ ਅਬ ਖ਼ੁਸ਼ੀ ਸੇ ਕਿ ਜਾਨੇਂ ਫ਼ਿਦਾ ਕਰੇਂ
ਦੁਨੀਆਂ ਸੇ 'ਜਬਰੋ ਜ਼ੋਰ' ਕਾ ਹਮ ਖ਼ਾਤਮਾ ਕਰੇਂ ਜ਼ੁਲਮ
ਹਾਸਲ ਸਰੋਂ ਕੋ ਦੇ ਕੇ ਖ਼ੁਦਾ ਕੀ ਰਜ਼ਾ ਕਰੇਂ
ਨਾਮ ਅਪਨੇ ਬਾਪ ਦਾਦੇ ਕਾ, ਮਰ ਕਰ 'ਸਿਵਾ' ਕਰੇਂ ਵੱਡਾ
 'ਗਿਰਿਯਾ' ਕੋ ਜ਼ਬਤ ਕਰਕੇ ਬਹੁਤ ਆਲੀਸ਼ਾਨ ਨੇ। ਰੋਣ
 'ਵਾਰੀ ਗਈ ਲੇ ਜਾਓ!' ਕਹਾ ਦਾਦੀ ਜਾਨ ਨੇ। ਕੁਰਬਾਨ ਹੋਈ

"ਹੁਣ ਸਾਨੂੰ ਖ਼ੁਸ਼ੀ-ਖ਼ੁਸ਼ੀ ਤੋਰੋ ਤਾਂ ਜੋ ਅਸੀਂ ਜਾਨਾਂ ਕੁਰਬਾਨ ਕਰੀਏ ਅਤੇ ਦੁਨੀਆਂ ਵਿੱਚੋਂ ਜ਼ੁਲਮ ਅਤੇ ਧੱਕੇ ਦਾ ਖ਼ਾਤਮਾ ਕਰ ਸਕੀਏ। ਅਸੀਂ ਆਪਣੇ ਸਿਰ ਦੇ ਕੇ ਪਰਮਾਤਮਾ ਨੂੰ ਪ੍ਰਸੰਨ ਕਰ ਦੇਈਏ ਅਤੇ ਆਪਣੇ ਬਾਪ ਦਾਦੇ ਦਾ ਨਾਮ ਅਮਰ ਕਰ ਦੇਈਏ।" ਇਹ ਸੁਣ ਦਾਦੀ ਜੀ ਨੇ ਰੋਣਾ ਬੰਦ ਕੀਤਾ ਤੇ ਕਿਹਾ ਕਿ ਮੈਂ ਤੁਹਾਡੇ ਉੱਤੋਂ ਪੁੱਤਰੋ ਕੁਰਬਾਨ ਹਾਂ। ਜਿੱਥੇ ਚਾਹੁੰਦੇ ਹੋ ਹੁਣ ਖ਼ੁਸ਼ੀ-ਖ਼ੁਸ਼ੀ ਜਾਵੋ।


Sri Satguru Jagjit Singh Ji eLibrary NamdhariElibrary@gmail.com

## 77

ਲੇਨੇ ਜੋ ਲੋਗ ਆਏ 'ਜ਼ਲੂਮੇ ਜਹੂਲ' ਥੇ — *ਮੂਰਖ, ਧੱਕੇਬਾਜ਼*
ਇਨਸਾਂ ਕਾ ਜਾਮਾ ਪਹਿਨੇ ਹੂਏ ਵੁਹ ਫ਼ਜ਼ੂਲ ਥੇ
ਚਲਨੇ ਮੇਂ ਦੇਰ ਕਰਨੇ ਸੇ ਹੋਤੇ 'ਮਲੂਲ' ਥੇ — *ਗੁੱਸੇ, ਅੱਗ ਬਗੋਲੇ*
ਇਕ ਦਮ ਘਿਰੇ ਹੂਏ ਗੋਯਾ ਕਾਂਟੋਂ ਮੇਂ ਫੂਲ ਥੇ
ਤਸਲੀਮ ਕਰਕੇ ਦਾਦੀ ਸੇ ਬੱਚੇ ਜੁਦਾ ਹੂਏ।
ਦਰਬਾਰ ਮੇਂ ਨਵਾਬ ਕੇ ਦਾਖ਼ਲ ਵੁਹ ਆ ਹੂਏ।

ਜਿਹੜੇ ਲੋਕ ਬੱਚਿਆਂ ਨੂੰ ਲੈਣ ਆਏ ਬਹੁਤ ਮੂਰਖ ਅਤੇ ਧੱਕਾਖ਼ੋਰ ਸਨ। ਉਹਨਾਂ ਦਾ ਮਾਨਵੀ ਵਜੂਦ ਵਿੱਚ ਆਉਣਾ ਵਿਅਰਥ ਸੀ। ਬੱਚਿਆਂ ਨੂੰ ਤੁਰਨ ਵਿੱਚ ਕੁਝ ਦੇਰ ਹੋ ਰਹੀ ਸੀ ਤੇ ਉਹ ਅੱਗ ਬਗੋਲਾ ਹੋਈ ਜਾ ਰਹੇ ਸੀ। ਇਝ ਲੱਗ ਰਿਹਾ ਸੀ ਜਿਵੇਂ ਕੰਡਿਆਂ ਨੇ ਫੁੱਲਾਂ ਨੂੰ ਘੇਰਿਆ ਹੋਵੇ। ਦਾਦੀ ਜੀ ਨੂੰ ਆਖ਼ਰੀ ਵਿਦਾਅ ਕਹਿ ਕੇ ਬੱਚੇ ਉਸ ਪਾਸੋਂ ਜੁਦਾ ਹੋ ਗਏ ਅਤੇ ਨਵਾਬ ਦੇ ਦਰਬਾਰ ਵਿੱਚ ਹਾਜ਼ਰ ਹੋ ਗਏ।

## 78

ਥੀ ਪਿਆਰੀ ਸੂਰਤੋਂ ਸੇ 'ਸ਼ੁਜਾਅਤ' ਬਰਸ ਰਹੀ — *ਬਹਾਦਰੀ*
ਨੰਨ੍ਹੀ ਸੀ ਮੂਰਤੋਂ ਸੇ ਥੀ ਜੁੱਰਤ ਬਰਸ ਰਹੀ
ਰੁਖ਼ ਪਰ ਨਵਾਬ ਕੇ ਥੀ 'ਸ਼ਕਾਵਤ' ਬਰਸ ਰਹੀ — *ਨਭਾਗਾ*
ਰਾਜੋਂ ਕੇ ਮੂੰਹ ਪਿ ਸਾਫ਼ ਥੀ, ਲਾਅਨਤ ਬਰਸ ਰਹੀ
ਬੱਚੋਂ ਕਾ ਰੋਅਬ ਛਾ ਗਯਾ ਹਰ ਇੱਕ ਮਸ਼ੀਰ ਪਰ।
'ਲਰਜ਼ਾ' ਸਾ ਪੜ ਗਯਾ ਥਾ ਅਮੀਰੋ ਵਜ਼ੀਰ ਪਰ। — *ਕਾਂਬਾ*

ਪਿਆਰੀਆਂ ਪਿਆਰੀਆਂ ਸੂਰਤਾਂ ਵਿੱਚੋਂ ਬਹਾਦਰੀ ਡੁਲ੍ਹ ਡੁਲ੍ਹ ਪੈਂਦੀ ਸੀ। ਨਿੱਕੀਆਂ ਨਿੱਕੀਆਂ ਜਿੰਦਾਂ ਵਿੱਚੋਂ ਦਲੇਰੀ ਬਰਸ ਰਹੀ ਸੀ। ਨੱਵਾਬ ਦੇ ਮੂੰਹ ਉੱਤੇ ਨਿਰਭਾਗਤਾ ਛਾਈ ਹੋਈ ਸੀ ਅਤੇ ਰਾਜਿਆਂ ਦੇ ਮੂੰਹਾਂ ਤੋਂ ਲਾਅਣਤ ਡਿੱਗ ਡਿੱਗ ਪੈਂਦੀ ਸੀ। ਹਰ ਵਿਅਕਤੀ ਉੱਤੇ ਬੱਚਿਆਂ ਦਾ ਰੋਅਬ ਛਾ ਗਿਆ ਸੀ ਅਤੇ ਹਰ ਅਮੀਰ ਵਜ਼ੀਰ ਕੰਬਣ ਲੱਗ ਪਿਆ ਸੀ।


Sri Satguru Jagjit Singh Ji eLibrary NamdhariElibrary@gmail.com

## 79

ਨਾਜ਼ਮ ਕੀ ਬਾਤ ਬਾਤ ਪਿ ਰੁਕਨੇ ਲਗੀ ਜ਼ਬਾਂ
ਖ਼ੁਦ ਕੋ ਸੰਭਾਲ ਕਰਕੇ ਵੁਹ ਕਹਨੇ ਲਗਾ ਕਿ ਹਾ
ਖ਼ਾਹਾਂ ਹੋ ਮੌਤ ਕੇ ਯਾ ਤੁਮ੍ਹੇਂ ਚਾਹੀਏ 'ਅਮਾਂ' ਪਨਾਹ
ਬਤਲਾਓ ਸਾਫ਼ ਸਾਫ਼ ਅਬ, ਐ ਆਲੀ ਖ਼ਾਨਦਾਂ
ਇਸ ਦਮ ਕਰੋ ਕ਼ਬੂਲ ਅਗਰ ਸ਼ਾਹ ਕੇ ਦੀਨ ਕੋ।
ਫਿਰ ਆਸਮਾਂ ਬਨਾ ਦੂੰ ਤੁਮ੍ਹਾਰੀ ਜ਼ਿਮੀਨ ਕੋ।

ਗੱਲ ਗੱਲ ਤੇ ਨਾਜ਼ਮ ਦੀ ਜ਼ਬਾਨ ਰੁੱਕਣ ਲੱਗ ਗਈ। ਥੋੜਾ ਆਪਣੇ ਆਪ ਨੂੰ ਸੰਭਾਲ ਕੇ ਕਹਿਣ ਲੱਗਿਆ ਕਿ ਤੁਸੀਂ ਮੌਤ ਚਾਹੁੰਦੇ ਹੋ ਜਾਂ ਪਨਾਹ ਮੰਗਦੇ ਹੋ। ਉੱਚ ਪਰਿਵਾਰ ਵਾਲਿਓ। ਸੱਚ ਮੁੱਚ ਦੱਸੋ। ਜੇ ਅਜ ਵੀ ਤੁਸੀਂ ਸਾਡੇ ਦੀਨ ਨੂੰ ਕ਼ਬੂਲ ਕਰ ਲਵੋ, ਫੇਰ ਧਰਤੀ ਤੋਂ ਆਸਮਾਨ ਤੱਕ ਤੁਹਾਡਾ ਰਾਜ ਤੇ ਕ਼ਬਜ਼ਾ ਹੋ ਜਾਵੇਗਾ।

*

## 80

ਸਤਿਗੁਰ ਕੇ ਲਾਡਲੋਂ ਨੇ ਦੀਆ ਰੋਅਬ ਸੇ ਜਵਾਬ....
'ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਐ ਨਵਾਬ!
ਦੁਨੀਆ ਕੇ ਪੀਛੇ ਕਰਤਾ ਹੈਂ ਕਿਉਂ ਦੀਨ ਕੋ ਖ਼ਰਾਬ
ਕਿਸ ਕਾ ਲਿਖਾ ਹੈ ਜ਼ੁਲਮ ਦਿਖਾ ਤੂੰ ਹਮੇਂ ਕਿਤਾਬ
ਤਾਲੀਮ 'ਜ਼ੋਰ' ਕੀ ਕਹੀਂ ਕ਼ੁਰਾਨ ਮੇਂ ਨਹੀਂ। ਸਖ਼ਤੀ
ਖ਼ੂਬੀ ਤੁਮ੍ਹਾਰੇ ਸ਼ਾਹ ਕੇ ਈਮਾਨ ਮੇਂ ਨਹੀਂ।

ਸਤਿਗੁਰਾਂ ਦੇ ਲਾਡਲਿਆਂ ਨੇ ਪੂਰੇ ਰੋਅਬ ਨਾਲ ਜਵਾਬ ਦਿੱਤਾ–

"ਐ ਨੱਵਾਬ! ਤੈਨੂੰ ਸ਼ਰਮ ਨਹੀਂ ਆਉਂਦੀ? ਦੁਨੀਆਂ ਪਿੱਛੇ ਲੱਗ ਕੇ ਤੂੰ ਆਪਣੇ ਧਰਮ ਨੂੰ ਕਿਉਂ ਬਦਨਾਮ ਕਰ ਰਿਹਾ ਹੈਂ ? ਸਾਨੂੰ ਦਿਖਾ ਕਿਹੜੀ ਕਿਤਾਬ ਵਿੱਚ ਜ਼ੁਲਮ ਕਰਨਾ ਲਿਖਿਆ ਹੈ? ਸਖ਼ਤੀ ਕਰਨ ਦੀ ਵਿੱਦਿਆ ਕ਼ੁਰਾਨ ਵਿੱਚ ਕਿਤੇ ਨਹੀਂ ਹੈ। ਤੇਰੇ ਬਾਦਸ਼ਾਹ ਦੇ ਵੀ ਧਰਮ ਵਿੱਚ ਕੋਈ ਨੇਕੀ ਤੇ ਅਛਾਈ ਨਹੀਂ ਹੈ।



Sri Satguru Jagjit Singh Ji eLibrary NamdhariElibrary@gmail.com

## 81

ਔਰੰਗਜ਼ੇਬ ਡਰਤਾ ਨਹੀਂ ਹੈ ਗੁਨਾਹ ਸੇ
ਬੇਕਸ ਕੇ ਇਜ਼ਤਰਾਬ ਸੇ ਦੁਖੀਓਂ ਕੀ ਆਹ ਸੇ
ਮਜ਼ਹਬ ਬਦਲ ਰਹਾ ਹੈ ਵੁਹ 'ਜ਼ੇਰਿ ਸਿਪਾਹ' ਸੇ ਧੱਕਾ
ਫੈਲਾਨਾ ਦੀਨ ਪਾਪ ਹੈ ਜਬਰੋ ਕਰਾਹ ਸੇ
ਲਿਖਾ ਹੂਆ ਹੈ ਸਾਫ਼ ਤੁਮ੍ਹਾਰੀ ਕਿਤਾਬ ਮੇਂ।
ਫੈਲਾਓ ਦੀਂ 'ਬ ਜਬਰ' ਨ ਤੁਮ ਸ਼ੈਖ਼ ਸ਼ਾਬ ਮੇਂ।

'ਔਰੰਗਜ਼ੇਬ ਗੁਨਾਹਾਂ ਤੋਂ ਨਹੀਂ ਡਰਦਾ' ਦਿਮਾਗ਼ੀ ਬੇਚੈਨ ਅਤੇ ਦੁਖੀਆਂ ਦੀਆਂ ਅਸੀਸਾਂ ਦਾ ਉਸਨੂੰ ਕੋਈ ਡਰ ਨਹੀਂ ਹੈ। ਉਹ ਫ਼ੌਜ ਦੇ ਜ਼ੋਰ ਨਾਲ ਮਜ਼ਹਬ ਬਦਲ ਰਿਹਾ ਹੈ ਅਰਥਾਤ ਹਿੰਦੂ ਸਿੱਖ ਫ਼ੌਜਾਂ ਨੂੰ ਧੱਕੇ ਨਾਲ ਮੁਸਲਮਾਨ ਬਣਾ ਰਿਹਾ ਹੈ, ਜਦਕਿ ਧੱਕੇ ਅਤੇ ਸ਼ਕਤੀ ਨਾਲ ਦੀਨ ਧਰਮ ਨੂੰ ਫੈਲਾਉਣਾ ਪਾਪ ਹੈ। ਤੁਹਾਡੀ ਧਾਰਮਕ ਪੁਸਤਕ ਵਿੱਚ ਸਾਫ਼ ਲਿਖਿਆ ਹੈ ਕਿ ਤੁਸੀਂ ਕਦੀ ਵੀ ਧੱਕੇ ਨਾਲ ਦੀਨ ਨਾਂ ਫੈਲਾਵੋ।'

## 82

'ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਜੁ ਕ਼ੈਦ ਹੈ
ਮਰਨਾ ਪਿਤਾ ਕਾ ਜਿਸਕੋ ਖ਼ੁਸ਼ੀ ਕੀ 'ਨਵੇਦ' ਹੈ
ਕਤਲਿ ਬਰਾਦਰਾਂ ਜਿਸੇ ਮਾਮੂਲੀ 'ਸੈਦ' ਹੈ ਸ਼ਿਕਾਰ
ਨੇਕੀ ਕੀ ਉਸ ਸੇ ਖ਼ਲਕ਼ ਕੋ ਫਿਰ ਕਿਆ ਉਮੈਦ ਹੈ
ਗ਼ੈਰੋਂ ਪਿ ਫਿਰ ਵੁਹ 'ਜ਼ੋਰ' ਕਰੇ ਯਾ ਜਫ਼ਾ ਕਰੇ।
ਹਮ ਕਯਾ ਕਹੇਂ ਕਿਸੀ ਕੋ ਹਦਾਯਤ ਖ਼ੁਦਾ ਕਰੇ।'

ਜੋ ਵਿਅਕਤੀ ਕੁਰਾਨ ਪੜ੍ਹ ਕੇ ਆਪਣੇ ਬਾਪ ਨੂੰ ਕ਼ੈਦ ਕਰ ਲਵੇ ਤੇ ਪਿਤਾ ਦੀ ਮੌਤ ਜਿਸ ਦੀ ਖ਼ੁਸ਼ੀ ਦਾ ਕਾਰਨ ਬਣੇ, ਭਰਾਵਾਂ ਦਾ ਕਤਲ ਇੱਕ ਮਾਮੂਲੀ ਸ਼ਿਕਾਰ ਦੇ ਬਰਾਬਰ ਲੱਗੇ, ਫੇਰ ਦੂਜਿਆਂ ਉੱਤੇ ਸ਼ਾਹੀ ਤਾਕ਼ਤ ਅਤੇ ਧੱਕਾ ਦਿਖਾਵੇ, ਉਸ ਬਾਰੇ ਅਸੀਂ ਕੀ ਕਹਿ ਸਕਦੇ ਹਾਂ। ਉਸਨੂੰ ਤਾਂ ਪਰਮਾਤਮਾ ਹੀ ਹਦਾਇਤ ਕਰ ਸਕਦਾ ਹੈ।"



Sri Satguru Jagjit Singh Ji eLibrary NamdhariElibrary@gmail.com

83

ਹਦ ਸੇ ਬੜ੍ਹਾ ਹੂਆ ਹੈ ਜੋ ਜ਼ਾਲਿਮ ਬਸ਼ਰ ਹੂਆ
ਮੌਲਾ ਕਾ ਖ਼ੌਫ਼ ਜਿਸ ਕੋ ਨ ਹਾਦੀ ਕਾ ਡਰ ਹੂਆ
ਮੁਸਲਮ ਕਹਾਂ ਕੇ ਹਾਇ! ਜੋ 'ਕੋਤਾਹ ਨਜ਼ਰ' ਹੂਆ
ਸਰਮਦ ਕੇ ਕ਼ਤਲ ਮੇਂ ਭੀ ਨ ਜਿਸ ਕੋ 'ਹਜ਼ਰ' ਹੂਆ ਸੰਕੋਚ
ਬੁਲਵਾ ਕੇ ਦਿੱਲੀ ਤੇਗ਼ ਬਹਾਦਰ ਕੀ ਜਾਨ ਲੀ।
ਮਰਨੇ ਕੀ ਹਮ ਨੇ ਭੀ ਜਬੀ ਆਨ ਠਾਨ ਲੀ।

"ਜੋ ਵਿਅਕਤੀ ਜ਼ੁਲਮ ਵਿੱਚ ਵੱਧ ਜਾਵੇ, ਨਾ ਪਰਮਾਤਮਾ ਦਾ ਡਰ ਤੇ ਨਾਂ ਕਿਸੇ ਸਿਆਣੇ ਦੀ ਸਿੱਖਿਆ ਹੋਵੇ, ਜਿਸ ਦੀ ਦ੍ਰਿਸ਼ਟੀ ਹੀ ਸੀਮਤ ਹੋਵੇ, ਉਹ ਕਿਥੋਂ ਦਾ ਮੁਸਲਮਾਨ ਹੈ ਜਿਸ ਨੇ 'ਸਰਮਦ' ਵਰਗੇ ਦਰਵੇਸ਼ ਨੂੰ ਵੀ ਕ਼ਤਲ ਕਰਨ ਤੋਂ ਸੰਕੋਚ ਨਹੀਂ ਕੀਤਾ। ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਸੱਦ ਕੇ ਕ਼ਤਲ ਕਰਾ ਦਿੱਤਾ। ਅਸੀਂ ਵੀ ਮਰਨ ਦਾ ਕੋਈ ਡਰ ਨਾ ਰੱਖ ਕੇ ਪੱਕੀ ਠਾਣ ਲਈ ਹੈ।"

84

ਜ਼ਾਲਿਮ ਕਾ ਦੀਨ ਕਿਸ ਲੀਏ ਕਰਨੇ ਲਗੇਂ ਕ਼ਬੂਲ
ਤਬਦੀਲੀਏ ਮਜ਼੍ਹਬ ਸੇ ਨਹੀਂ ਕੁਛ ਭੀ ਹੈ ਹਸੂਲ
'ਤੌਹੀਦ' ਕੇ ਸਿਵਾ ਹੈਂ ਯਿ ਬਾਤੇਂ ਹੀ ਸਭ ਫ਼ਜ਼ੂਲ
ਮਨਵਾਨੇ ਵਾਹਿਗੁਰੂ ਕੋ ਹੀ ਆਏ ਥੇ ਸਭ ਰਸੂਲ
ਕੁਛ ਬੁਤਪ੍ਰਸਤ ਭੀ ਨਹੀਂ ਨ ਬੁਤਸ਼ਿਕਨ ਹੈਂ ਹਮ।
ਅੰਮ੍ਰਿਤ ਛਕਾ ਹੈ ਜਬ ਸੇ ਨਿਹਾਇਤ ਮਗਨ ਹੈਂ ਹਮ।

"ਅਸੀਂ ਜ਼ਾਲਮ ਦਾ ਦੀਨ ਕਿਸ ਵਾਸਤੇ ਕ਼ਬੂਲ ਕਰੀਏ ? ਧਰਮ ਬਦਲਣਾ ਸਾਡਾ ਕੋਈ ਸਰੋਕਾਰ ਨਹੀਂ ਹੈ। ਉਸ ਪਰਮਾਤਮਾ ਦੀ ਬੰਦਗੀ ਤੋਂ ਬਿਨਾਂ ਇਹ ਸਭੋ ਕੁੱਝ ਬੇਫ਼ਾਇਦਾ ਹੈ। ਦੁਨੀਆਂ ਦੇ ਸਾਰੇ ਪੀਰ ਪੈਗੰਬਰ ਪਰਮਾਤਮਾ ਦੀ ਰਜ਼ਾ ਨਾਲ ਹੀ ਜ਼ਾਹਰ ਹੋਏ ਸਨ। ਅਸੀਂ ਕੋਈ ਬੁੱਤਪੂਜ ਨਹੀਂ ਹਾਂ ਤੇ ਨਾਂ ਬੁੱਤਾਂ ਨੂੰ ਤੋੜਨ ਵਾਲੇ ਹਾਂ। ਅਸੀਂ ਤਾਂ ਅੰਮ੍ਰਿਤ ਛੱਕ ਕੇ ਆਪਣੇ ਕੰਮ ਵਿੱਚ ਹੀ ਮਗਨ ਹਾਂ।"


Sri Satguru Jagjit Singh Ji eLibrary NamdhariElibrary@gmail.com

85

ਕਰ ਲੇ ਮੁਕਾਬਲਾ ਤੂੰ ਜ਼ਰਾ ਅਪਨੇ ਸ਼ਾਹ ਸੇ
ਪਾਪੀ ਹੈ ਵੁਹ ਤੋ ਹਮ ਹੈਂ ਬਰੀ ਹਰ ਗੁਨਾਹ ਸੇ
ਉਸ ਨੇ ਫ਼ਰੇਬ ਖੇਲਾ ਥਾ 'ਪੁਸ਼ਤਿ ਪਨਾਹ ਸੇ
ਮਰਤੇ ਪਿਤਾ ਕੇ ਵਾਸਤੇ ਹਮ ਆਏ ਰਾਹ ਸੇ
ਕਾਮ ਉਸਨੇ ਭਾਈਓਂ ਸੇ ਕੀਆ ਥਾ 'ਯਜ਼ੀਦ' ਕਾ। *ਜ਼ੁਲਮੀ, ਅੱਤਿਆਚਾਰੀ*
ਦਾਗ਼ਾ ਕਾ ਹੈ, ਮੁਰਾਦ ਕਾ, ਰੁਤਬਾ ਸ਼ਹੀਦ ਕਾ।

"ਐ ਨਵਾਬ ! ਤੂੰ ਸਾਡੇ ਨਾਲ ਆਪਣੇ ਸ਼ਾਹ ਦਾ ਮੁਕਾਬਲਾ ਕਰ ਕੇ ਵੇਖ। ਉਹ ਮਹਾਨ ਪਾਪੀ ਹੈ ਤੇ ਅਸੀਂ ਹਰ ਪਾਪ ਤੋਂ ਬਰੀ ਹਾਂ। ਉਸ ਨੇ ਝੂਠੀ ਰੱਖਿਆ ਦਿਖਾ ਕੇ ਧੋਖਾ ਕੀਤਾ ਸੀ। ਅਸੀਂ ਹੁਣ ਆਪਣੇ ਪਿਤਾ ਦੇ ਦੱਸੇ ਰਾਹ ਤੇ ਸ਼ਹੀਦ ਹੋਣ ਆਏ ਹਾਂ। ਉਸਨੇ ਆਪਣੇ ਭਰਾਵਾਂ ਨਾਲ ਅਤਿਆਚਾਰ ਦਾ ਕੰਮ ਕੀਤਾ ਸੀ। ਉਸਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਉਹਨਾਂ ਭਰਾਵਾਂ ਨੂੰ ਸ਼ਹੀਦ ਦਾ ਮਰਤਬਾ ਪ੍ਰਾਪਤ ਹੈ।"

86

ਹਮ ਸਾਫ਼ ਚਾਹਤੇ ਹੈਂ 'ਅਜਲ ਕੇ ਦਹਨ' ਮੇਂ ਜਾਏਂ *ਮੌਤ ਦਾ ਮੂੰਹ*
ਮਰ ਜਾਏਂ ਭੀ ਤੋ ਕ਼ਬਰ ਮੇਂ ਏਕ ਹੀ ਕਫ਼ਨ ਮੇਂ ਜਾਏਂ
ਹਾਥੋਂ ਮੇਂ ਹਾਥ ਡਾਲ ਕੇ ਬਾਗ਼ਿ ਅਦਨ ਮੇਂ ਜਾਏਂ
ਮਾਸੂਮੋਂ ਕੇ ਲੀਏ ਜੋ ਬਨਾ, ਉਸ ਚਮਨ ਮੇਂ ਜਾਏਂ
ਮਜ਼ਹਬ ਕੋ ਬਾਦਸ਼ਾਹ ਨੇ 'ਬੱਟਾ' ਲਗਾ ਦੀਆ।
ਹਮ ਨੇ ਅਮਲ ਸੇ ਪੰਥ ਕੋ ਅੱਛਾ ਬਨਾ ਦੀਆ।

"ਅਸੀਂ ਸਾਫ਼ ਚਾਹੁੰਦੇ ਹਾਂ ਕਿ ਮੌਤ ਦੇ ਮੂੰਹ ਵਿੱਚ ਜਾਈਏ। ਏਥੋਂ ਤੱਕ ਕਿ ਮਰਕੇ ਵੀ ਇੱਕ ਕੱਫਣ ਵਿੱਚ ਰਹੀਏ ਤੇ ਕਬਰ ਵਿੱਚ ਜਾਈਏ। ਇੱਕ ਦੂਜੇ ਨਾਲ ਹੱਥ ਮਿਲਾ ਕੇ ਹੀ ਅਦਨ ਦੇ ਬਾਗ਼ ਅਰਥਾਤ ਸੁਰਗ ਵਿੱਚ ਜਾਈਏ ਜਾਂ ਉਸ ਬਾਗ਼ ਵਿੱਚ ਜਾਈਏ ਜੋ ਬੇਗੁਨਾਹਾਂ ਤੇ ਮਾਸੂਮਾਂ ਲਈ ਬਣਿਆ ਹੈ। ਸ਼ਾਹ ਨੇ ਮਜ਼ਹਬ ਨੂੰ ਬਦਨਾਮ ਕਰ ਦਿੱਤਾ ਹੈ ਅਤੇ ਅਸੀਂ ਆਪਣੇ ਕੰਮਾਂ ਸਦਕਾ ਆਪਣੇ ਪੰਥ ਨੂੰ ਚਮਕਾ ਦਿੱਤਾ ਹੈ।"


Sri Satguru Jagjit Singh Ji eLibrary NamdhariElibrary@gmail.com

87

ਮਾਲੂਮ ਅਬ ਹੂਈ ਤੁਝੇ, ਵਜਹਾਇ ਫ਼ਸਾਦ ਹੈ
ਸਤਿਗੁਰੂ ਕੋ ਸ਼ਾਹਿ ਦਿੱਲੀ ਸੇ ਕਿਉਂ ਜਿ 'ਅਨਾਦ' ਹੈ — ਵੈਰ
ਮੋਮਨ ਹੀ ਕਯਾ, ਨਹੀਂ ਜਿਸੇ ਕਰਤਾਰ ਯਾਦ ਹੈ
ਨਾਜ਼ਮ ਨੇ ਸਰ ਝੁਕਾ ਕੇ ਕਹਾ ਮੇਰਾ ਸਾਇਦ ਹੈ
ਨਾਨਕ ਸੁਨਾ ਹੈ ਮੈਂ ਨੇ ਬਾਬਰ ਕੇ ਯਾਰ ਥੇ।
ਬਾਬਾ ਫ਼ਰੀਦ ਸੇ ਭੀ ਬਹੁਤ ਉਨ ਕੋ ਪਿਆਰ ਥੇ।

"ਤੈਨੂੰ ਹੁਣ ਸਾਰੇ ਝਗੜੇ ਦੇ ਕਾਰਨ ਦਾ ਪਤਾ ਲੱਗ ਗਿਆ ਹੈ ਕਿ ਸਤਿਗੁਰੂ ਨੂੰ ਦਿੱਲੀ ਦੇ ਸ਼ਾਹ ਨਾਲ ਕੀ ਦੁਸ਼ਮਣੀ ਹੈ। ਮੋਮਨ ਅਰਥਾਤ ਪਾਕ ਕਿਵੇਂ ਹੋ ਸਕਦਾ ਹੈ ਜਿਸ ਨੂੰ ਖ਼ੁਦਾ ਯਾਦ ਨਹੀਂ।" ਇਹ ਸੁਣ ਸੂਬੇ ਨੇ ਸਿਰ ਝੁਕਾ ਕੇ ਆਪ ਨੂੰ ਚੰਗੇ ਭਾਗਾਂ ਵਾਲ ਕਿਹਾ ਕਿ ਸੁਣਿਐ ਬਾਦਸ਼ਾਹ ਬਾਬਰ ਨਾਨਕ ਗੁਰੂ ਦੇ ਬਹੁਤ ਗੂੜ੍ਹੇ ਮਿੱਤਰ ਸਨ। ਅਤੇ ਬਾਬਾ ਫ਼ਰੀਦ ਨਾਲ ਵੀ ਬਹੁਤ ਪਿਆਰ ਸੀ।

88

ਮਾਲੂਮ ਸ਼ਾਹ ਸੇ ਹੂਈ ਵਜਹਾਏ ਮੁਖ਼ਾਲਫ਼ਿਤ
ਰਾਜਾਓਂ ਸੇ ਨਹੀਂ ਹੈ ਭਲਾ ਕਿਉਂ 'ਯਗਾਨਗਤ' — ਅਪਣੱਤ
ਨਾਨਕ ਕੇ ਬਾਪ ਦਾਦੇ ਭੀ ਹਿੰਦੂ ਸੇ ਰਖਤੇ ਮਤ
ਸਤਿਗੁਰੂ ਬਨਾਤੇ ਰਹਤੇ ਹੈਂ ਕਿਉਂ 'ਕੋਹੀਉਂ' ਕੀ ਗਤ — ਪਹਾੜੀ ਰਾਜੇ
ਬੱਚੇ ਨੇ ਫਿਰ ਜਵਾਬ ਦੀਆ ਬਾਯਜ਼ੀਦ ਕੋ।
ਹੋ ਪਾਕ ਜੁ ਪਸੰਦ ਕਰੇਂ ਕਿਉਂ 'ਪਲੀਦ' ਕੋ। — ਅਪਵਿੱਤਰ

ਸ਼ਾਹ ਤੋਂ ਵੈਰ ਦਾ ਕਾਰਨ ਪਤਾ ਲੱਗਿਆ ਤੇ ਇਹ ਵੀ ਜਾਣਕਾਰੀ ਹੋਈ ਕਿ ਪਹਾੜੀ ਰਾਜਿਆਂ ਨਾਲ ਕਿਉਂ ਅਪਣੱਤ ਨਹੀਂ ਹੈ। ਨਾਨਕ ਦੇ ਵੱਡੇ ਵਡੇਰੇ ਸਾਰੇ ਹਿੰਦੂ ਸਨ ਅਤੇ ਸਤਿਗੁਰੂ ਪਹਾੜੀ ਰਾਜਿਆਂ ਦੇ ਵਿਰੁੱਧ ਰਹਿੰਦੇ ਹਨ, ਇਹ ਕਿਉਂ? ਬੱਚੇ ਨੇ ਨਵਾਬ ਨੂੰ ਜਵਾਬ ਦਿੱਤਾ ਕਿ ਜਿਹੜੇ ਪਵਿੱਤਰ ਹਨ ਉਹ ਅਪਵਿੱਤਰ ਲੋਕਾਂ ਨੂੰ ਕਿਉਂ ਪਿਆਰ ਕਰਨ।


Sri Satguru Jagjit Singh Ji eLibrary NamdhariElibrary@gmail.com

## 89

'ਅਲਾਇਸ਼ੇ' ਸੇ ਕੁਫ਼ਰ ਕੀ ਜੋ ਲੋਗ ਪਾਕ ਹੈਂ
ਹੈਬਤ ਸੇ 'ਜ਼ੁਲ ਜਲਾਲ' ਕੀ ਜੋ ਖ਼ੌਫ਼ਨਾਕ ਹੈਂ
ਨੇਕੀ ਸੇ ਜਿਸਕੋ ਉਨਸ ਬੁਰਾਈ ਸੇ 'ਬਾਕ' ਹੈਂ
ਅਪਨੇ ਵੁਹ ਰਿਸ਼ਤੇਦਾਰ ਵਹੀ ਅੰਗ ਸਾਕ ਹੈਂ
 ਭਾਈ ਬੁਤੋਂ ਕੋ ਪੂਜੇਂ ਤੋ ਸਰ ਉਸਕਾ ਤੋੜ ਦੇਂ।
 ਸੱਯਦ ਹੋ ਬ੍ਰਾਹਮਨ ਹੋ ਕੋਈ ਭੀ ਹੋ ਛੋੜ ਦੇਂ।

"ਜਿਹੜੇ ਲੋਕ ਕੁਫ਼ਰ ਦੀ ਰਲਾਵਟ ਤੋਂ ਸਫ਼ ਹਨ ਅਤੇ ਜਿਹੜੇ ਪਰਮਾਤਮਾ ਦੇ ਭੈ ਤੋਂ ਡਰਦੇ ਹਨ। ਜਿਨ੍ਹਾਂ ਦਾ ਨੇਕੀ ਨਾਲ ਪਿਆਰ ਤੇ ਬੁਰਾਈ ਨਾਲ ਦੁਸ਼ਮਣੀ ਹੈ, ਬੱਸ ਉਹ ਹੀ ਸਾਡੇ ਸੰਬੰਧੀ ਤੇ ਸੰਗੀ ਸਾਥੀ ਹਨ। ਜੇ ਗੁਰੂ ਘਰ ਦਾ ਭਾਈ ਬੁੱਤਪੂਜ ਹੋ ਜਾਵੇ, ਅਸੀਂ ਉਸ ਦਾ ਸਿਰ ਭੰਨ ਦੇਵਾਂਗੇ ਪਰ ਜੇ ਉਹ ਸੱਯਦ ਹੋਵੇ ਜਾਂ ਬ੍ਰਾਹਮਣ ਹੋਵੇ ਤਾਂ ਕੁੱਝ ਨਹੀਂ ਆਖਾਂਗੇ।"

## 90

ਵਾਹਿਗੁਰੂ ਕਾ ਲਾਲ ਹਰ ਇਕ ਹਮ ਕੋ ਪਿਆਰਾ ਹੈ
ਮੁਨਕਰ ਹੈ ਜੋ ਖ਼ੁਦਾ ਸੇ ਵੁਹ ਦੁਸ਼ਮਨ ਹਮਾਰਾ ਹੈ
ਭਗਤੀ ਅਕਾਲ ਪੁਰਖ ਕੀ, ਜੋ ਭੀ ਬਿਸਾਰਾ ਹੈ
ਰਾਜਾ ਹੋ ਸ਼ਾਹ ਹੋ ਹਮੇਂ ਉਸ ਸੇ ਕਿਨਾਰਾ ਹੈ
 ਕਰਤਾਰ ਕੋ ਰੀਝਾਏਗਾ ਜੋ ਪਾਸ ਹੋ ਵਹੀ।
 ਪੂਜੇਗਾ ਜੋ ਬੁਤੋਂ ਕੋ 'ਬਸ਼ਰ' ਨਾਸ਼ ਹੋ ਵਹੀ।

ਜੋ ਕੇਵਲ ਰੱਬ ਪੂਜ ਹੈ, ਸਾਨੂੰ ਉਹ ਬਹੁਤ ਪਿਆਰਾ ਹੈ ਪਰ ਜਿਹੜਾ ਪਰਮਾਤਮਾ ਦੀ ਹੋਂਦ ਨਹੀਂ ਮੰਨਦਾ, ਉਹ ਸਾਡਾ ਦੁਸ਼ਮਣ ਹੈ। ਜੋ ਵੀ ਵਾਹਿਗੁਰੂ ਦਾ ਨਾਮ ਲੇਵਾ ਨਹੀਂ ਹੈ, ਅਸੀਂ ਉਸਦੇ ਵਿਰੋਧੀ ਹਾਂ। ਜੋ ਪਰਮਾਤਮਾਂ ਨੂੰ ਧਿਆਵੇਗਾ, ਉਹ ਹੀ ਪਾਸ ਹੋ ਜਾਵੇਗਾ ਤੇ ਜਿਹੜਾ ਬੁੱਤਾਂ ਨੂੰ ਪੂਜੇਗਾ, ਉਸਦਾ ਨਾਸ਼ ਹੋ ਜਾਵੇਗਾ।



Sri Satguru Jagjit Singh Ji eLibrary NamdhariElibrary@gmail.com

91

ਦਾਅਵਏ ਖ਼ੁਦਾ ਕੀ ਬੰਦਗੀ ਕਾ ਹੈ ਤੁਮੇਂ ਕਮਾਲ
ਲੇਕਿਨ ਹੈ ਮੁਸਲਮੋਂ ਕਾ ਬਹੁਤ ਆਜ ਗੈਰ ਹਾਲ
ਕ਼ਬਰੋਂ ਜੁ ਪੂਜਤੇ ਹੈਂ ਮੋਮਨ ਹੈਂ 'ਖ਼ਾਲ ਖ਼ਾਲ' — *ਤਿਲਤਿਲ*
ਲਾਯਾ ਜ਼ਵਾਲ ਤੁਮ ਪਿ ਜਭੀ ਸਤਿ ਸ੍ਰੀ ਅਕਾਲ

ਕ਼ਾਇਲ ਫ਼ਕਤ ਜ਼ੁਬਾਂ ਸੇ ਹੋ ਤੁਮ ਯਾ ਕਰੀਮ ਕੇ।
ਬਨ ਬਨ ਕੇ ਜ਼ੁਲਮ ਢਾਰ੍ਹੇ ਹੋ ਬੰਦੇ ਰਹੀਮ ਕੇ।

ਪਰਮਾਤਮਾ ਦਾ ਦਾਅਵਾ ਕਰਕੇ ਅਤੇ ਉਸਦੀ ਬੰਦਗੀ ਦਾ ਤੁਹਾਨੂੰ ਬਹੁਤ ਕਮਾਲ ਹਾਸਲਾ ਹੈ ਪਰ ਅੱਜ ਮੁਸਲਮਾਨਾਂ ਦਾ ਬਹੁਤ ਮੰਦਾ ਹਾਲ ਹੈ। ਜੋ ਲੋਕ ਕ਼ਬਰਾਂ ਪੂਜਣ ਉਹ ਮੋਮਨ ਨਹੀਂ ਹਨ ਅਰਥਾਤ ਤਿਲ ਭਰ ਵੀ ਰੱਬ ਪੂਜ ਨਹੀਂ ਹਨ। ਤਾਂ ਹੀ ਸਤਿ ਸ੍ਰੀ ਅਕਾਲ ਨੇ ਤੁਹਾਡਾ ਪਤਨ ਕੀਤਾ ਹੈ। ਤੁਸੀਂ ਦੱਸ ਕਿ ਕੇਵਲ ਗੱਲਾਂ ਬਾਤਾਂ ਦੇ ਕ਼ਾਇਲ ਹੋ ਜਾਂ ਦਿਲੋਂ ਪੂਜਕ ਹੋ। ਤੁਸੀਂ ਪਾਕ ਬਣ ਕੇ ਕਿਵੇਂ ਪਰਮਾਤਮਾ ਦੇ ਬੰਦਿਆਂ 'ਤੇ ਜ਼ੁਲਮ ਕਰੀ ਜਾ ਰਹੇ ਹੋ ?

92

ਸਾਰੇ ਅਮੀਰ ਤੁਮ ਮੇਂ 'ਰਊਨਤ ਪਸੰਦ' ਹੈਂ
ਮਜ਼੍ਹਬ ਸੇ ਗਿਰ ਗਏ ਹੈਂ ਵੁਹ ਜਿਤਨੇ ਬੁਲੰਦ ਹੈਂ
ਰਸਤੇ ਭੀ ਮਾਅਰਫ਼ਤ ਕੇ ਸਭੀ ਇਨ ਪਿ ਬੰਦ ਹੈਂ
'ਬੇਸੂਦ' ਤੁਮਕੋ ਅਪਨੀ 'ਨਸਾਇਹ' ਵ ਪੰਦ ਹੈਂ — *ਸਿੱਖਿਆ, ਰਊਨਤ ਪਸੰਦ*

ਸੁਨਤਾ ਹੈ ਕੌਨ ਹਿਰਸਿ ਹਵਾਓਂ ਕੇ ਸ਼ੋਰ ਮੇਂ।
ਇਸਲਾਮ ਦਰ ਕਿਤਾਬ, ਮੁਸਲਮਾਂ ਹੈਂ 'ਗੋਰ' ਮੇਂ। — *ਮਗ਼ਰੂਰ*

ਤੁਹਾਡੇ ਵਿੱਚ ਸਾਰੇ ਅਮੀਰ ਅੱਜ ਮਗ਼ਰੂਰ ਹਨ ਉਹ ਜਿੰਨੇ ਉੱਚੇ ਕਹਾਉਂਦੇ ਹਨ, ਮਜ਼ਹਬ ਤੋਂ ਗਿਰ ਗਏ ਹਨ। ਤਾਹੀਂ ਉਹਨਾਂ ਦੇ ਮਾਅਰਫ਼ਤ ਦੇ ਸਾਰੇ ਰਾਹ ਬੰਦ ਹੋ ਗਏ ਹਨ। ਤੁਹਾਡੀ ਸਿੱਖਿਆ ਅਤੇ ਨਿਸੀਹਤਾਂ ਬੇ ਫ਼ਾਇਦਾ ਹਨ। ਪਰ ਇਸ ਲਾਲਸਾ ਦੇ ਝੱਖੜ ਨੂੰ ਇਸ ਸ਼ੋਰ-ਸ਼ਰਾਬੇ ਵਿੱਚ ਕੌਣ ਸੁਣਦਾ ਹੈ। ਕਿਤਾਬ ਵਿੱਚ ਇਸਲਾਮ ਬਾਰੇ ਜਾਨਣ ਵਾਲੇ ਮੁਸਲਮਾਨ ਕਬਰਾਂ ਵਿੱਚ ਪਏ ਹਨ।


Sri Satguru Jagjit Singh Ji eLibrary NamdhariElibrary@gmail.com

93

ਰੋਕਾ ਜੁ ਜ਼ੁਲਮ ਸੇ ਤੋ ਮੁਸਲਮਾਂ ਬਿਗੜ ਗਏ
ਬੁਤ ਕੋ ਬੁਰਾ ਕਹਾ ਤੋ ਯਿ ਹਿੰਦੂ ਬਿਟਰ ਗਏ
ਤੇਗ਼ਾ ਨਿਕਾਲਾ ਹਮਨੇ ਸੋ ਸਭ ਜੋਸ਼ ਝੜ ਗਏ
ਚਿੜੀਓਂ ਸੇ ਬਾਜ਼ ਰਨ ਮੇਂ 'ਨਦਾਮਤ' ਸੇ ਗੜ ਗਏ ਸ਼ਰਮ
ਫ਼ੌਜੋਂ ਪਿ ਨਾਜ਼ ਇਨ੍ਹੇਂ ਉਨ੍ਹੇਂ ਦੇਵੀ ਕਾ ਮਾਨ ਹੈ
ਆਸ਼ਕ ਹੈਂ ਹਮ ਖ਼ੁਦਾ ਕੇ, ਹਥੇਲੀ ਪਿ ਜਾਨ ਹੈ।

ਅਸੀਂ ਜੋ ਜ਼ੁਲਮ ਵਿਰੁੱਧ ਆਵਾਜ਼ ਉਠਾਈ ਤਾਂ ਮੁਸਲਮਾਨ ਸਾਡੇ ਨਾਲ ਵਿਗੜ ਗਏ। ਬੁੱਤਾਂ ਨੂੰ ਬੁਰਾ ਕਿਹਾ ਤਾਂ ਹਿੰਦੂ ਵਿਰੁੱਧਾ ਹੋ ਗਏ। ਜਦੋਂ ਅਸੀਂ ਤਲਵਾਰ ਖਿੱਚੀ ਤਾਂ ਸਾਰੇ ਜੋਸ਼ ਰਹਿਤ ਹੋ ਗਏ। ਚਿੜੀਆਂ ਤੋਂ ਬਾਜ਼ ਤੁੜਾਏ ਤਾਂ ਸ਼ਰਮ ਨਾਲ ਪਾਣੀ-ਪਾਣੀ ਹੋ ਗਏ। ਮੁਸਲਮਾਨਾਂ ਨੂੰ ਫੌਜਾਂ ਉੱਤੇ ਘਮੰਡ ਹੈ ਤੇ ਹਿੰਦੂਆਂ ਨੂੰ ਦੇਵੀ ਉੱਤੇ ਮਾਣ ਹੈ, ਪਰ ਅਸੀਂ ਤਾਂ ਰੱਬ ਦੇ ਆਸ਼ਕ ਹਾਂ ਤਾਂਹੀਓਂ ਆਪਣੀਆਂ ਜਾਨਾਂ ਹਥੇਲੀ ਉੱਤੇ ਰੱਖੀ ਫਿਰ ਰਹੇ ਹਾਂ।

94

ਮਾਨਾ ਕਿ ਹਮ 'ਕ਼ਲੀਲ' ਮੁਖ਼ਾਲਿਫ਼ 'ਕਸੀਰ' ਹੈਂ 1 ਥੋੜ੍ਹਾ 2 ਬਹੁਤਾ
ਤੁਮ ਪਾਦਸ਼ਾਹ ਹੋ ਰਾਜੇ ਹੋ ਔਰ ਹਮ ਫ਼ਕ਼ੀਰ ਹੈਂ
ਤੁਮਸੇ ਹਜ਼ਾਰੋਂ ਬੜ੍ਹ ਕੇ ਹਮ ਬੇਨਜ਼ੀਰ ਹੈਂ
ਅਪਨੀ ਨਜ਼ਰ ਮੇਂ ਮਾਲ ਤੁਮ੍ਹਾਰੇ 'ਹਕ਼ੀਰ' ਹੈਂ ਤੁੱਛ
ਪਰਵਾਹ ਨਹੀਂ ਹੈ ਬੇ ਸਰੋ ਸਾਮਾਂ ਲੜੇਂਗੇ ਹਮ।
ਜ਼ਾਲਮ ਸੇ ਬੁਤ-ਪ੍ਰਸਤ ਸੇ, ਹਾਂ ਹਾਂ ਲੜੇਂਗੇ ਹਮ।

"ਮੰਨਿਆਂ ਅਸੀਂ ਬਹੁਤ ਥੋੜੇ ਹਾਂ ਤੇ ਵਿਰੋਧੀ ਬਹੁਤ ਜ਼ਿਆਦਾ ਹਨ। ਤੁਸੀਂ ਰਾਜੇ ਹੋ ਬਾਦਸ਼ਾਹ ਹੋ ਅਤੇ ਅਸੀਂ ਸਾਧੂ ਫ਼ਕੀਰ ਗ਼ਰੀਬ ਲੋਕ ਹਾਂ। ਪਰ ਅਸੀਂ ਤੁਹਾਡੇ ਨਾਲੋਂ ਕਿਤੇ ਚੰਗੇ ਹਾਂ ਤੇ ਸਾਡਾ ਕੋਈ ਮੁਕ਼ਾਬਲਾ ਨਹੀਂ ਹੈ। ਸਾਡੀਆਂ ਨਜ਼ਰਾਂ ਵਿੱਚ ਸਾਨੂੰ ਤੁਹਾਡੀ ਕੋਈ ਪਰਵਾਹ ਨਹੀਂ ਹੈ। ਅਸੀਂ ਬਿਨਾਂ ਸਾਮਾਨ ਤੇ ਕਿਸੇ ਸਹਾਰੇ ਦੇ ਤੁਹਾਡੇ ਨਾਲ ਟੱਕਰ ਲਵਾਂਗੇ ਅਤੇ ਜ਼ਾਲਮਾਂ ਤੇ ਬੁਤਪ੍ਰਸਤਾਂ ਨਾਲ ਜਮ ਕੇ ਲੜਾਈ ਕਰਾਂਗੇ।"

95

ਤੌਬਾ ਕਰੋ ਤੋ ਯੇ ਤਖ਼ਤ ਤੁਮ੍ਹਾਰੇ ਬਨੇ ਰਹੇਂ
ਅਫ਼ਸਰ ਜਿ ਸ਼ਾਹੀ 'ਰਖ਼ਤ' ਤੁਮ੍ਹਾਰੇ ਬਨੇ ਰਹੇਂ — *ਸਾਮਾਨ*
ਬਿਗਾੜੋ ਨ ਹਮ ਸੇ ਬਸਤ ਤੁਮ੍ਹਾਰੇ ਬਨੇ ਰਹੇਂ
ਐਵਾਇ ਦਿਲ ਜੋ ਸਖ਼ਤ ਤੁਮ੍ਹਾਰੇ ਬਨੇ ਰਹੇਂ
'ਸਰਕਸ਼' ਸੇ ਵੈਰ ਕਰਨਾ ਹੈ ਆਦਤ 'ਗ਼ਫ਼ੂਰ' ਕੀ। — *ਪਰਮਾਤਮਾ*
ਸਮਝੋ ਤੁਮ੍ਹੇ ਸੁਨਾਤੇ ਹੈਂ ਹਮ ਬਾਤ ਦੂਰ ਕੀ।

"ਜੇ ਅਜੇ ਵੀ ਤੌਬਾ ਕਰ ਲਵੋ ਤਾਂ ਤੁਹਾਡੀ ਹਿਕੂਮਤ ਬਣੀ ਰਹੇਗੀ। ਇਹ ਸਰਕਾਰੀ ਅਫ਼ਸਰ ਤੁਹਾਡੇ ਮਾਲ ਦੌਲਤ ਬਣੇ ਰਹਿਣਗੇ। ਸਾਡੇ ਨਾਲ ਵਿਗਾੜ ਨਾਂ ਤਾਂ ਜੋ ਤੁਹਾਡੇ ਕਿਲ੍ਹੇ ਕਾਇਮ ਰਹਿਣ। ਸਰ ਕੁਰਬਾਨ ਕਰਨ ਵਾਲਿਆਂ ਨਾਲ ਵੈਰ ਕਰਨਾ ਬਖਸ਼ੰਦ ਦੀ ਆਦਤ ਹੁੰਦੀ ਹੈ। ਤੁਸੀਂ ਸਮਝ ਜਾਵੋ ਅਸੀਂ ਤੁਹਾਨੂੰ ਦੂਰ ਦੀ ਗੱਲ ਸਮਝਾਂਦੇ ਰਹੇ ਹਾਂ।

96

ਸੱਚ ਕੋ ਮਿਟਾਓਗੇ ਤੋ ਮਿਟੋਗੇ ਜਹਾਨ ਸੇ
ਡਰਤਾ ਨਹੀਂ ਅਕਾਲ ਸ਼ਹਿਨਸ਼ਾਹ ਕੀ ਸ਼ਾਨ ਸੇ
ਉਪਦੇਸ਼ ਅਪਨਾ ਸੁਨ ਲੋ ਜ਼ਰਾ ਦਿਲ ਕੇ ਕਾਨ ਸੇ
ਹਮ ਕਹ ਰਹੇ ਹੈਂ ਤੁਮ ਕੋ ਖ਼ੁਦਾ ਕੀ ਜ਼ਬਾਨ ਸੇ
ਬਾਜ਼ ਆਓ 'ਸ਼ਰ' ਸੇ ਹਿੰਦੂ ਮੁਸਲਮ ਹੋ ਕੋਈ ਹੋ। — ਝਗੜਾ
ਪੰਡਿਤ ਹੋ, ਮੌਲਵੀ ਹੋ ਯਾ ਆਲਮ ਹੋ ਕੋਈ ਹੋ।

"ਯਾਦ ਰੱਖੋ ਕਿ ਜੇ ਸੱਚ ਨੂੰ ਮਿਟਾਓਗੇ, ਤਾਂ ਤੁਸੀਂ ਜਹਾਨ ਤੋਂ ਹੀ ਮਿਟ ਜਾਵੋਗੇ। ਖਾਲਸਾ ਬਾਦਸ਼ਾਹ ਦੀ ਤਾਕਤ ਤੋਂ ਕਦੀ ਨਹੀਂ ਡਰਦਾ। ਅਸੀਂ ਆਪਣਾ ਉਪਦੇਸ਼ ਜੋ ਕਰ ਰਹੇ ਹਾਂ, ਕੰਨ ਖੋਲ੍ਹ ਕੇ ਸੁਣ ਲਵੋ ਕਿਉਂਕਿ ਇਹ ਅਸੀਂ ਪਰਮਾਤਮਾ ਦੇ ਹੀ ਸ਼ਬਦ ਤੁਹਾਡੇ ਤੱਕ ਪੁਚਾ ਰਹੇ ਹਾਂ ਕਿ ਭਾਵੇਂ ਤੁਸੀਂ ਹਿੰਦੂ ਹੋ ਜਾਂ ਮੁਸਲਮਾਨ ਕੋਈ ਵੀ ਹੋ, ਝਗੜੇ ਤੋਂ ਬਾਜ਼ ਆ ਜਾਵੋ।"



Sri Satguru Jagjit Singh Ji eLibrary NamdhariElibrary@gmail.com

97

ਅੰਮ੍ਰਿਤ ਬ-ਜ਼ੋਰ ਤੁਮ ਕੋ ਛਕਾਨਾ ਨਹੀਂ ਹਮੇਂ
ਹਾਂ, ਸਿਖ ਬਾ-ਜਬਰ ਤੁਮ ਕੋ ਬਨਾਨਾ ਨਹੀਂ ਹਮੇਂ
ਭਾਤਾ ਕਿਸੀ ਕੇ ਦਿਲ ਕੋ ਦੁਖਾਨਾ ਨਹੀਂ ਹਮੇਂ
ਲੜ ਭਿੜ ਕੇ ਜਮ੍ਹਾ ਕਰਨਾ ਖ਼ਜ਼ਾਨਾ ਨਹੀਂ ਹਮੇਂ
ਸ਼ਾਹੀ ਹੈਂ ਅਪਨੇ ਠਾਠ ਮਗਰ ਯੂੰ ਫ਼ਕ਼ੀਰ ਹੈਂ।
ਨਾਨਕ ਕੀ ਤਰਹ ਹਿੰਦੂ ਓ ਮੁਸਲਿਮ ਕੇ ਪੀਰ ਹੈਂ।

"ਅਸੀਂ ਤੁਹਾਨੂੰ ਧੱਕੇ ਨਾਲ ਅੰਮ੍ਰਿਤ ਨਹੀਂ ਛਕਾਉਣਾ ਤੇ ਨਾ ਹੀ ਤੁਹਾਨੂੰ ਧੱਕੇ ਨਾਲ ਸਿੱਖ ਬਣਾਉਣਾ ਹੈ। ਸਾਨੂੰ ਕਿਸੇ ਦੇ ਦਿਲ ਨੂੰ ਦੁਖਾਣਾ ਚੰਗਾ ਨਹੀਂ ਲੱਗਦਾ। ਅਸੀਂ ਲੜ-ਭਿੜ ਕੇ ਕੋਈ ਖਜ਼ਾਨਾ ਕੱਠਾ ਨਹੀਂ ਕਰਨਾ, ਸਾਡੀ ਠਾਠ ਸ਼ਾਹਾਂ ਵਰਗੀ ਹੀ ਹੈ ਭਾਵੇਂ ਅਸੀਂ ਫ਼ੱਕਰ ਹਾਂ। ਪਰ ਯਾਦ ਰੱਖ, ਅਸੀਂ ਨਾਨਕ ਵਾਂਗੂ ਹਿੰਦੂਆਂ ਅਤੇ ਮੁਸਲਮਾਨਾਂ ਦੇ ਪੀਰ ਹਾਂ।"

98

ਤਕਰੀਰਿ ਦਿਲ-ਪਜ਼ੀਰ ਸੇ, ਗੁੰਮ ਸਭ ਕੇ ਹੋਸ਼ ਥੇ
ਨੀਚੀ ਨਜ਼ਰ ਹਰ ਇਕ ਕੀ ਥੀ 'ਇਸਤਾਦਹ ਗੋਸ਼' ਥੇ ਝੁਕੰਨੇ
ਬੱਚੋਂ ਕੇ ਸਾਹਮਨੇ ਸਭੀ ਜ਼ੋਹ ਦਾਨਾ ਖ਼ਾਮੋਸ਼ ਥੇ
ਨਾਜ਼ਮ ਕੇ ਜੀ ਮੇਂ 'ਬੁਗ਼ਜ਼' ਥਾ ਅਬ ਨਾ ਜੋਸ਼ ਥੇ ਦੁਸ਼ਮਣੀ
ਇਤਨੇ ਮੇਂ ਸੁਚਾਨੰਦ ਵੁਹ ਦੀਵਾਨ 'ਨਾਬਕਾਰ'। ਨਾਕਾਰਾ
ਝੁੰਜਲਾਕੇ ਬੋਲਾ ਹਾਏ! ਵੁਹ ਸ਼ੈਤਾਨ ਨਾਬਕਾਰ।

ਦਿਲ ਨੂੰ ਹਿਲਾ ਦੇਣ ਵਾਲੀ ਇਸ ਤਕਰੀਰ ਨਾਲ ਸਾਰਿਆਂ ਦੇ ਹੋਸ਼ ਗੁੰਮ ਸਨ। ਭਾਵੇਂ ਹਰ ਇੱਕ ਨੇ ਨਜ਼ਰਾਂ ਝੁਕਾ ਲਈਆਂ ਸਨ ਪਰ ਝੁਕੰਨੇ ਖੜ੍ਹੇ ਸਨ। ਸਾਰੇ ਸਿਆਣੇ ਲੋਕ ਬੱਚਿਆਂ ਸਾਹਮਣੇ ਚੁੱਪ ਹੋ ਗਏ ਸਨ। ਨਾਜ਼ਮ ਦੇ ਦਿਲ ਵਿੱਚ ਹੁਣ ਨਾਂ ਦੁਸ਼ਮਣੀ ਸੀ ਤੇ ਨਾਂ ਜੋਸ਼ ਸੀ। ਏਨੇ ਨੂੰ ਸੁੱਚਾਨੰਦ, ਹਰਾਮੀ ਤੇ ਨਕਾਰਾ ਦੀਵਾਨ, ਉਹ ਸ਼ੈਤਾਨ ਤੇ ਬਦਮਾਸ਼ ਬੋਲਿਆ :

## 99

"ਕਿਆ ਖ਼ੂਬ ਹੈ ਨਵਾਬ ਭੀ ਬਾਤੋਂ ਮੇਂ ਆ ਗਏ
ਉਸ ਬੁਤ-ਸ਼ਿਕਨ ਕੇ, ਬੱਚੋਂ ਕੀ 'ਘਾਤੋਂ' ਮੇਂ ਆ ਗਏ
ਸਰਦਾਰ ਹੋ ਕੇ ਆਪ ਭੀ ਲਾਤੋਂ ਮੇਂ ਆ ਗਏ
ਸੰਭਲੋ ਕਹੀਂ ਜੁ ਉਨ ਕੇ, ਹਾਥੋਂ ਮੇਂ ਆ ਗਏ
  ਕਹਤੇ ਹੈਂ ਯਿ ਤੋ ਬੁਰਾ ਸ਼ਾਹਿ ਹਿੰਦੁਸਤਾਨ ਕੋ।
  ਤੁਮ ਦੇਖਤੇ ਹੋ ਰਹਿਮ ਸੇ, ਕਿਉਂ ਇਨ ਕੀ ਜਾਨ ਕੋ ?"

"ਨਵਾਬ ਸਾਹਿਬ! ਤੁਸੀਂ ਇਨ੍ਹਾਂ ਦੀਆਂ ਗੱਲਾਂ 'ਚ ਆ ਗਏ ਹੋ? ਉਸ ਬੁਤਾਂ ਦੇ ਤੋੜਨ ਵਾਲੇ ਦੇ ਬੱਚਿਆਂ ਦੇ ਧੋਖੇ ਵਿੱਚ ਫੱਸ ਗਏ ਹੋ ? ਏਡੇ ਵੱਡੇ ਸਰਦਾਰ ਹੋ ਕੇ ਇਨ੍ਹਾਂ ਦੇ ਚੱਕਰ 'ਚ ਆ ਗਏ? ਸੰਭਲ ਜਾਵੋ, ਐਵੇਂ ਇਸ ਨਾਦਾਨ ਮੁੰਡੇ ਦੇ ਹੱਥਾਂ ਵਿੱਚ ਨਾ ਫਸ ਜਾਇਓ! ਇਹ ਸਾਰੇ ਭਾਰਤ ਦੇ ਬਾਦਸ਼ਾਹ ਨੂੰ ਬੁਰਾ ਕਹਿ ਰਹੇ ਹਨ ਤੇ ਤੁਸੀਂ ਰਹਿਮ ਕਰਕੇ ਇਨ੍ਹਾਂ ਦੀ ਜਾਨ ਵੱਲ ਵੇਖ ਰਹੇ ਹੋ ?"

## 100

"ਖੈਂਚੋ ਜ਼ਬਾਨੇਂ ਬਰ ਸਰਿ ਦਰਬਾਰ ਐਸੋਂ ਕੀ
ਮੇਰਾ ਜੁ ਬਸ ਚਲੇ, ਸਜ਼ਾਵਾਰ ਐਸੋਂ ਕੀ
ਦਿੱਲੀ ਮੇਂ ਜੁ ਰਪਟ ਸੁਨੇ ਸਰਕਾਰ ਐਸੋਂ ਕੀ
ਨਹੱਕ ਕੈ ਹਮ ਪਿ ਆ ਪੜੇ ਫਿਟਕਾਰ ਐਸੋਂ ਕੀ
  ਤਕਦੀਰ ਫਿਰ ਗਈ ਹੈ ਤੋ ਕੁਛ ਅਪਨਾ ਬਸ ਨਹੀਂ।
  ਇਨ ਪਿ ਦੁਹਾਈ ਰਾਮ ਕੀ ਖਾਨਾ ਤਰਸ ਨਹੀਂ।"

"ਅਜਿਹੇ ਬੱਚਿਆਂ ਦੀਆਂ ਦਰਬਾਰ ਵਿੱਚ ਹੀ ਜ਼ਬਾਨਾਂ ਖਿੱਚ ਲਵੋ। ਜੇ ਮੇਰਾ ਵਸ ਚੱਲੇ ਤਾਂ ਮੈਂ ਸਖ਼ਤ ਤੋਂ ਸਖ਼ਤ ਸਜ਼ਾ ਦੇਵਾਂ। ਦਿੱਲੀ ਵਿੱਚ ਜੇ ਇਨ੍ਹਾਂ ਦੀ ਗੱਲ ਪੁੱਜ ਗਈ ਤਾਂ ਨਾਹਕ ਆਪਣੇ ਉੱਤੇ ਇਨ੍ਹਾਂ ਦੀ ਫਟਕਾਰ ਪੈ ਜਾਵੇਗੀ। ਜੇ ਇਨ੍ਹਾਂ ਦੀ ਕਿਸਮਤ ਹਾਰ ਗਈ ਤਾਂ ਇਸ ਵਿੱਚ ਸਾਡਾ ਵੱਸ ਨਹੀਂ ਹੈ। ਸੋ ਮੈਂ ਰਾਮ ਦੀ ਦੁਹਾਈ ਦੇ ਕੇ ਕਹਿ ਰਿਹਾ ਹਾਂ ਕਿ ਇਨ੍ਹਾਂ ਉੱਤੇ ਤਰਸ ਨਾ ਖਾਓ।"



Sri Satguru Jagjit Singh Ji eLibrary NamdhariElibrary@gmail.com

## 101

"ਐਸਾ ਨ ਹੋ ਕਿ ਤਖ਼ਤ ਸੇ ਤਖ਼ਤਾ ਨਸੀਬ ਹੋ
ਦੁਸ਼ਮਨ ਤੁਮ੍ਹਾਰੀ ਜਾਨ ਕਾ, ਹਰ ਇਕ 'ਹਬੀਬ' ਹੋ ਮਿੱਤਰ
ਤੁਮ ਆਲੀ ਖ਼ਾਨਦਾਨ ਹੋ, ਸ਼ਰੀਫ਼ ਵ 'ਨਜੀਬ' ਹੋ ਕੁਲੀਨ
ਦੇਖੋ ਬਚਾ ਰਹਾ ਹੂੰ ਤੁਮ ਗੜ੍ਹੇ ਕੇ ਕਰੀਬ ਹੋ
ਕਿਉਂ ਰਹਿਮ ਕਰਕੇ ਲੇਤੇ ਹੋ ਦੋਜ਼ਖ਼ ਜਹਾਨ ਮੇਂ।
ਜੋੜੇ ਹੂਏ ਹੈਂ ਤੀਰ ਮੁਕੱਦਸ ਕਮਾਨ ਮੇਂ।"

"ਇਹ ਨਾ ਹੋਵੇ ਕਿ ਕਿਤੇ ਤਖ਼ਤ ਲੈਂਦੇ ਹੋਏ ਤਖ਼ਤੇ (ਫਾਂਸੀ) ਉੱਤੇ ਲਟਕ ਜਾਈਏ। ਤਰਸ ਕਰਕੇ ਤੁਸੀਂ ਆਪਣੇ ਹਰ ਮਿੱਤਰ ਨੂੰ ਦੁਸ਼ਮਣ ਬਣਾ ਲਵੋਂਗੇ ਤੁਸੀਂ ਬਹੁਤ ਉੱਚ ਘਰਾਣੇ ਵਿੱਚੋਂ ਹੋ, ਕੁਲੀਨ ਹੋ ਤੇ ਸਾਊ ਹੋ, ਬੱਚ ਜਾਵੋ। ਮੈਂ ਤੁਹਾਨੂੰ ਬਚਾਅ ਰਿਹਾ ਹਾਂ ਕਿਉਂਕਿ ਤੁਸੀਂ ਟੋਏ ਦੇ ਕੰਢੇ ਤੇ ਖੜੇ ਹੋ। ਇਨ੍ਹਾਂ ਉੱਤੇ ਰਹਿਮ ਕਰਕੇ ਤੁਸੀਂ ਕਿਉਂ ਨਰਕਾਂ ਦੇ ਭਾਗੀ ਬਣਦੇ ਹੋ ਜਦੋਂ ਕਿ ਤੁਸੀਂ ਕਮਾਨ ਵਿੱਚ ਪਾਕ ਤੀਰ ਜੋੜੇ ਹੋਏ ਹਨ।"

www.archive.org/details/namdhari

## 102

"ਮਨਜ਼ੂਰ ਜਬਕਿ ਸਾਂਪ ਕਾ ਸਰ ਭੀ ਹੈ ਫੋੜਨਾ
ਬੇ ਜਾ ਹੈ ਫਿਰ ਤੋ 'ਬੱਚਾਇ ਅਫ਼ੀ' ਕੋ ਛੋੜਨਾ ਸੱਪ
ਦਸਵੇਂ ਗੁਰੂ ਕਾ ਹੈ ਜੋ ਖ਼ਜ਼ਾਨਾ ਬਟੋਰਨਾ
ਬੱਚੋਂ ਕੀ, ਪਹਿਲੇ ਬਾਪ ਸੇ, ਗਰਦਨ ਮਰੋੜਨਾ
ਨਾਜ਼ਿਮ ਥਾ ਇਸ 'ਲਾਇਨ' ਕੀ ਬਾਤੋਂ ਮੇਂ ਆ ਗਿਆ। ਸ਼ੈਤਾਨ
ਬੇਮਿਹਰ ਬੇਧਰਮ ਕੀ ਥਾ 'ਘਾਤੋਂ' ਮੇਂ ਆ ਗਿਆ।" ਦਾਓ

"ਜਦੋਂ ਇਰਾਦਾ ਹੋਵੇ ਕਿ ਸੱਪ ਦਾ ਸਿਰ ਭੰਨਣਾ ਹੀ ਭੰਨਣਾ ਹੈ ਫੇਰ ਸੱਪ ਦੇ ਬੱਚੇ ਨੂੰ ਵੀ ਛੱਡਣਾ ਬੇ ਜਾ ਹੁੰਦਾ ਹੈ। ਜੇ ਦਸਵੇਂ ਗੁਰੂ ਦਾ ਖਜ਼ਾਨਾ ਲੁੱਟਣਾ ਹੈ, ਤਾਂ ਬਾਪ ਤੋਂ ਪਹਿਲਾ ਬੱਚਿਆਂ ਦੀ ਗਰਦਣ ਮਰੋੜ ਦੇਵੋ।" ਸੂਬਾ ਇਸ ਸ਼ੈਤਾਨ ਦੀਆਂ ਗੱਲਾਂ 'ਚ ਆ ਗਿਆ ਅਤੇ ਬੇਤਰਸ ਅਤੇ ਬੇਧਰਮ ਜ਼ਾਲਮਾਂ ਦੇ ਦਾਓ ਵਿੱਚ ਫਸ ਗਿਆ।



Sri Satguru Jagjit Singh Ji eLibrary NamdhariElibrary@gmail.com

## 103

ਦੋ ਭਾਈ ਸ਼ੇਰ ਖ਼ਾਨ ਵ ਖਿਜ਼ਰ ਖ਼ਾਂ ਪਠਾਨ ਥੇ
ਮਾਲੇਰਕੋਟਲਾ ਕੇ ਵੋਹ ਮਸ਼ਹੂਰ ਖ਼ਾਨ ਥੇ
ਇਕ ਰੋਜ਼ ਆ ਕੇ ਰਨ ਮੇਂ ਲੜੇ ਕੁਛ ਜਵਾਨ ਥੇ
ਗੋਬਿੰਦ ਇਨ ਕੇ ਬਾਪ ਕੀ ਲੇ ਬੈਠੇ ਜਾਨ ਥੇ

ਨਾਜ਼ਿਮ ਨੇ, ਸੁੱਚਾਨੰਦ ਨੇ ਉਨਸੇ ਕਹਾ ਕਿ ਲੋ :
"ਬਦਲਾ ਪਿਦਰ ਕਾ ਇਨਕੇ ਲਹੂ ਕੋ ਬਹਾ ਕੇ ਲੋ।"

ਸ਼ੇਰ ਖਾਂ ਅਤੇ ਖਿਜ਼ਰ ਖਾਂ ਦੋ ਪਠਾਣ ਭਰਾ ਜੋ ਮਾਲੇਰ ਕੋਟਲੇ ਦੇ ਪ੍ਰਸਿੱਧ ਖ਼ਾਨ ਸਨ। ਇੱਕ ਦਿਨ ਲੜਾਈ ਵਿੱਚ ਇਨ੍ਹਾਂ ਦੇ ਬਾਪ ਦੀ ਗੋਬਿੰਦ ਪਾਸੋਂ ਮੌਤ ਹੋ ਗਈ। ਨਵਾਬ ਅਤੇ ਸੁੱਚਾ ਨੰਦ ਨੇ ਉਹਨਾਂ ਨੂੰ ਕਿਹਾ ਕਿ ਲਉ ਆਪਣੇ ਬਾਪ ਦਾ ਬਦਲਾ ਇਨ੍ਹਾਂ ਦਾ ਖ਼ੂਨ ਕਰਕੇ ਲੈ ਲਵੋ।

## 104

ਕਹਨੇ ਲਗੇ ਵੁਹ ਤੁਮ ਨਿਹਾਇਤ 'ਜ਼ੈਲੀਲ' ਹੋ — *ਬੇਦਲੀਲ*
ਨਾਮਰਦੀ ਕੀ ਬਤਾਤੇ 'ਜਰੀ' ਕੋ 'ਸਬੀਲ' ਹੋ — *ਬਹਾਦਰ, ਰਾਹ*
ਮੁਖ਼ਤਾਰ ਤੁਮ ਹਮਾਰੇ, ਹੋ ਯਾ ਤੁਮ ਵਕੀਲ ਹੋ ?
ਨਾਹੱਕ ਬਿਆਨ ਕਰਤੇ,ਜੋ ਬੇਦੀ ਦਲੀਲ ਹੋ

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਿਫ਼ੂਜ਼ ਰੱਖੇ ਹਮ ਕੋ ਖ਼ੁਦਾ ਐਸੇ ਪਾਪ ਸੇ।

ਉਹਨਾਂ ਖ਼ਾਨਾਂ ਨੇ ਜਵਾਬ ਦਿੱਤਾ ਕਿ ਤੁਸੀਂ ਨਿਹਾਇਤ ਘਟੀਆ ਤੇ ਬੇਦਲੀਲ ਬੰਦੇ ਹੋ ਜੋ ਬਹਾਦਰ ਮਰਦਾਂ ਨੂੰ ਨਾਮਰਦੀ ਦਾ ਰਾਹ ਦੱਸ ਰਹੇ ਹੋ। ਦੱਸੋ, ਤੁਸੀਂ ਸਾਡੇ ਮੁਖਤਿਆਰ ਹੋ ਜਾਂ ਵਕੀਲ ਹੋ । ਜਿਹੜੀ ਦਲੀਲ ਨਾਹਕ ਹੋਵੇ, ਉਹ ਕਦੀ ਨਹੀਂ ਦੇਣੀ ਚਾਹੀਦੀ। ਜੇ ਬਦਲਾ ਲੈਣਾ ਹੋਊ ਤਾਂ ਇਨ੍ਹਾਂ ਦੇ ਬਾਪ ਤੋਂ ਲਵਾਂਗੇ। ਸਾਨੂੰ ਖ਼ੁਦਾ ਅਜੇਹੇ ਪਾਪ ਤੋਂ ਬਚਾਈ ਰੱਖੇ।



Sri Satguru Jagjit Singh Ji eLibrary NamdhariElibrary@gmail.com

## 105

ਝਾੜੇਂ ਵੋਹ ਖਾ ਕੇ ਦੋਨੋਂ ਸ਼ਰਮਸਾਰ ਹੋ ਗਏ
ਜੱਲਾਦ ਸਾਰੇ ਕ਼ਤਲ ਸੇ ਬੇਜ਼ਾਰ ਹੋ ਗਏ
ਜ਼ਿਆਦਾ ਦਲੇਰ ਫਿਰ 'ਸਿਤਮ ਆਜ਼ਾਰ' ਹੋ ਗਏ ਜ਼ਾਲਮ
ਦੀਵਾਰ ਮੇਂ ਚੁਨਾਨੇ ਕੋ ਵੁਹ ਤੱਯਾਰ ਹੋ ਗਏ
ਈਂਟੇਂ ਮੰਗਾਈ ਚੂਨਾ ਭੀ ਫੌਰਨ ਬਾਹਮ ਕੀਆ।
ਯਾਰਾ ਨਹੀਂ ਬਿਆਨ ਕਾ ਫਿਰ ਜੁ ਸਿਤਮ ਕੀਆ।

ਇਸ ਤਰ੍ਹਾਂ ਨਾਜ਼ਮ ਤੇ ਸੁੱਚਾ ਨੰਦ ਖ਼ਾਨਾਂ ਪਾਸੋਂ ਝਾੜਾਂ ਖਾਕੇ ਬਹੁਤ ਸ਼ਰਮਿੰਦਾ ਹੋ ਗਏ। ਜਿੰਨੇ ਜੱਲਾਦ ਸੀ, ਉਹ ਵੀ ਕਤਲ ਤੋਂ ਬਹੁਤ ਦੁਖੀ ਸਨ। ਪਰ ਜ਼ਾਲਮ ਸੂਬਾ ਤੇ ਸੁੱਚਾ ਨੰਦ ਹੋਰ ਜ਼ਿਆਦਾ ਗੁੱਸੇ ਵਿੱਚ ਆ ਗਏ ਤੇ ਦੀਵਾਰ ਵਿੱਚ ਚਿਨਵਾਉਣ ਲਈ ਤਿਆਰ ਹੋ ਗਏ। ਝੱਟ ਇੱਟਾਂ ਤੇ ਚੂਨਾ ਮੰਗਵਾਇਆ, ਬੱਸ ਜੋ ਸਿਤਮ ਤੇ ਜ਼ੁਲਮ ਕੀਤਾ ਉਹ ਬਿਆਨ ਨਹੀਂ ਕੀਤਾ ਜਾ ਸਕਦਾ।

## 106

ਲਪਕੇ 'ਲਈਨ' ਦੋਨੋ ਵੁਹ ਸ਼ਹਿਜ਼ਾਦਗਾਨ ਪਰ ਲਾਅਣਤੀ
ਹਮਲਾ ਕੀਆ ਜ਼ਲੀਲੋਂ ਨੇ ਹਰ ਆਲੀਸ਼ਾਨ ਪਰ
ਥਾ ਇਨ ਕਾ ਕਿੱਸਾ ਲੇ ਕੇ ਚਲੇਂ ਅਬ ਮਚਾਨ ਪਰ
ਬੁਨਯਾਦ ਥੀ ਧਰਮ ਕੀ ਖ਼ੁਦੀ ਜਿਸ ਮਕਾਨ ਪਰ
ਸਤਿਗੁਰ ਕੇ ਲਾਲ ਬੋਲੇ ਨ ਛੂਨਾ ਹਮਾਰੇ ਹਾਥ।
ਗੜਨੇ ਹਮ ਆਜ ਜ਼ਿੰਦਾ ਚਲੇਂਗੇ ਖ਼ੁਸ਼ੀ ਕੇ ਸਾਥ।

ਉਹ ਲਾਅਣਤੀ ਦੋਵੇਂ ਸ਼ਹਿਜ਼ਾਦਿਆਂ ਉੱਤੇ ਟੁੱਟ.ਪਏ ਤੇ ਖ਼ੂਬਸੂਰਤ ਬੱਚਿਆਂ ਉੱਤੇ ਹਮਲਾ ਕਰ ਦਿੱਤਾ। ਆਓ ਹੁਣ ਇਹ ਕਿੱਸਾ ਮੁਖ਼ਤਸਰ ਕਰ ਦੇਈਏ। ਖ਼ੁਦੀ ਇਸ ਜਗ੍ਹਾ ਪਰ ਧਰਮ ਦੀ ਬੁਨਿਆਦ ਸੀ।

ਸਤਿਗੁਰੂ ਦੇ ਬੱਚਿਆਂ ਨੇ ਕਿਹਾ ਕਿ ਸਾਡੇ ਹੱਥਾਂ ਨੂੰ ਮੱਤ ਛੂਹਣਾ, ਅਸੀਂ ਅੱਜ ਆਪ ਹੀ ਖ਼ੁਸ਼ੀ ਖ਼ੁਸ਼ੀ ਦੀਵਾਰ ਵਿੱਚ ਖ਼ੁਦ ਨੂੰ ਚਿਨਵਾਉਣ ਜਾਵਾਂਗੇ।



Sri Satguru Jagjit Singh Ji eLibrary NamdhariElibrary@gmail.com

## 107

ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵੁਹ ਨੌਨਿਹਾਲ
ਕਹਤੇ ਹੁਏ ਜ਼ਬਾਂ ਸੇ ਬੜ੍ਹੇ 'ਸਤਿ ਸ੍ਰੀ ਅਕਾਲ'
ਚਿਹਰੋਂ ਪਿ ਗ਼ਮ ਕਾ ਨਾਮ ਥਾ ਔਰ ਨਾ ਥਾ 'ਮਲਾਲ' *ਉਦਾਸੀ*
ਜਾ ਠਹਿਰੇ ਸਰ ਪਿ ਮੌਤ ਕੇ ਫਿਰ ਭੀ ਨਾ ਥਾ ਖ਼ਯਾਲ
ਜਿਸ ਦਮ ਗਲੇ ਭਲੀਂ ਵੁਹ ਮਾਸੂਮ ਗੜ ਗਏ।
ਦਿਨ ਛੁਪਨੇ ਭੀ ਨ ਪਾਇਆ ਕਿ ਕ਼ਾਤਲ ਉਜੜ ਗਏ।

ਇੱਕ ਦੂਸੇ ਦਾ ਹੱਥ ਫੜ ਕੇ ਉਹ ਦੋਵੇਂ ਨੌਨਿਹਾਲ 'ਸਤਿ ਸ੍ਰੀ ਅਕਾਲ' ਗਜਾਉਂਦੇ ਹੋਏ ਨਾਲ ਤੁਰ ਪਏ। ਉਹਨਾਂ ਦੇ ਚਿਹਰਿਆਂ ਉੱਤੇ ਨਾ ਕੋਈ ਫ਼ਿਕਰ ਸੀ ਤੇ ਨਾ ਚਿੰਤਾ ਸੀ। ਗੱਲ ਕੀ ਮੌਤ ਦੇ ਸਿਰ ਤੇ ਖੜ੍ਹਕੇ ਵੀ ਮੌਤ ਦਾ ਕੋਈ ਖ਼ਿਆਲ ਨਹੀਂ ਸੀ। ਜਦ ਗਲ ਗਲ ਤੱਕ ਮਾਸੂਮਾਂ ਦੇ ਕੰਧ ਆਈ ਅਜੇ ਦਿਨ ਵੀ ਨਹੀਂ ਛੁਪਿਆ ਸੀ ਕਿ ਕ਼ਾਤਲ ਆਪਣਾ ਕੰਮ ਮੁਕਾ ਕੇ ਤੁਰ ਗਏ।

## 108

ਦੀਵਾਰ ਕੇ ਦਬਾਉ ਸੇ ਜਬ 'ਹਬਸਿ ਦਮ ' ਹੂਆ *ਸਾਹ ਬੰਦ*
ਦੌਰਾਨਿ ਖ਼ੂਨ ਰੁਕਨੇ ਲਗਾ ਸਾਂਸ ਕਮ ਹੂਆ
ਫ਼ੁਰਮਾਏ ਦੋਨੋਂ ਹਮ ਪਿ ਬ-ਜ਼ਾਹਰ ਸਿਤਮ ਹੂਆ
ਬਾਤਨ ਪੰਥ ਪਰ ਹੈ ਖ਼ੁਦਾ ਕਾ ਕਰਮ ਹੂਆ
ਸਦ ਸਾਲ ਔਰ ਜੀ ਕੇ ਭੀ ਮਰਨਾ ਜ਼ਰੂਰ ਥਾ।
ਸਰ ਕੌਮ ਸੇ ਬਚਾਨਾ ਯਿ ਗ਼ੈਰਤ ਸੇ ਦੂਰ ਥਾ।

ਦੀਵਾਰ ਦੇ ਘੇਰੇ ਨਾਲ ਜਦੋਂ ਦਮ ਘੁੱਟ ਗਿਆ ਅਰਥਾਤ ਸਾਹ ਬੰਦ ਹੋ ਗਿਆ। ਨਾੜੀਆਂ ਵਿੱਚ ਖ਼ੂਨ ਰੁੱਕਣ ਲੱਗ ਗਿਆ ਅਤੇ ਸਾਹ ਅੜ੍ਹਕ ਗਿਆ ਤਾਂ ਦੋਵਾਂ ਨੇ ਫਰਮਾਇਆ ਕਿ ਸਾਡੇ ਉੱਤੇ ਨਾਜਾਇਜ਼ ਜ਼ੁਲਮ ਹੋਇਆ ਹੈ ਪਰ ਅਸਲ ਵਿੱਚ ਪੰਥ ਉੱਤੇ ਪਰਮਾਤਮਾ ਦੀ ਮਿਹਰ ਹੋਈ ਹੈ ਸੌ ਸਾਲ ਹੋਰ ਜਿਉਂ ਕੇ ਵੀ ਤਾਂ ਮਰਨਾ ਜ਼ਰੂਰੀ ਸੀ। ਜੇ ਆਪਣੇ ਕੌਮ ਤੋਂ ਆਪਣੇ ਸਿਰਾਂ ਨੂੰ ਬਚਾਉਂਦੇ ਤਾਂ ਗ਼ੈਰਤ ਤੋਂ ਬਹੁਤ ਪਰੇ ਦੀ ਗੱਲ ਸੀ।


Sri Satguru Jagjit Singh Ji eLibrary NamdhariElibrary@gmail.com

## 109

ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ
ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਿ ਉਠਾ ਚਲੇ
ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ
ਸਿੰਘੋਂ ਕੀ ਸਲਤਨਤ ਕਾ ਹੈ ਪੌਦਾ ਲਗਾ ਚਲੇ
ਗੱਦੀ ਓ ਤਖ਼ਤ ਬਸ ਅਬ ਕੌਮ ਪਾਏਗੀ।
ਦੁਨੀਆਂ ਮੇਂ ਜ਼ਾਲਮੋਂ ਕਾ ਨਿਸ਼ਾਂ ਤਕ ਮਿਟਾਏਗੀ।

ਅੱਜ ਅਸੀਂ ਆਪਣੀਆਂ ਜਾਨਾਂ ਦੇ ਕੇ ਹੋਰਾਂ ਦੀਆਂ ਜਾਨਾਂ ਬਚਾ ਦਿੱਤੀਆਂ ਹਨ। ਅਸੀਂ ਸਿੱਖੀ ਦੀ ਨੀਂਹ ਆਪਣੇ ਸਿਰਾਂ ਉੱਤੇ ਰਖਵਾ ਚੱਲੇ ਹਾਂ। ਗੁਰਿਆਈ ਦੀ ਕਹਾਣੀ ਦੁਨੀਆਂ ਵਿੱਚ ਪ੍ਰਸਿੱਧ ਕਰ ਚੱਲੇ ਹਾਂ ਅਤੇ ਸਿੰਘਾਂ ਦੀ ਰਿਆਸਤ ਦਾ ਬੂਟਾ ਉਗਾ ਚੱਲੇ ਹਾਂ। ਹੁਣ ਗੁਰ ਗੱਦੀ ਤੇ ਕੌਮ ਤਖ਼ਤ ਸੰਭਾਲੇਗੀ ਅਤੇ ਦੁਨੀਆਂ ਵਿੱਚੋਂ ਜਾਲਮਾਂ ਦਾ ਨਾਮ ਨਿਸ਼ਾਨ ਖ਼ਤਮ ਕਰੇਗੀ।

## 110

ਠੋਡੀ ਤਕ ਈਂਟੇਂ ਚਿਨ ਦੀ ਗਈਂ ਮੂੰਹ ਤੱਕ ਆ ਗਈਂ
'ਬੀਨੀ' ਕੋ ਢਾਂਪਤੇ ਹੀ ਵੁਹ ਆਂਖੋਂ ਪਿ ਛਾ ਗਈਂ ਨੱਕ
ਹਰ ਚਾਂਦ ਸੀ 'ਜਬੀਂ' ਕੋ ਗ੍ਰਹਨ ਸਾ ਲਗਾ ਗਈ ਮੱਥਾ
ਲਖ਼ਤਿ ਜਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ
'ਜੋਗੀ ਜੀ' ਇਸ ਕੇ ਬਾਅਦ ਹੂਈ ਥੋੜ੍ਹੀ ਦੇਰ ਥੀ।
ਬਸਤੀ ਸਰਹੰਦ ਸ਼ਹਿਰ ਕੀ, ਈਂਟੇਂ ਕਾ ਢੇਰ ਥੀ।

ਇੱਟਾਂ ਠੋਡੀ ਤੱਕ ਕੰਧ ਵਿੱਚ ਲੱਗ ਗਈਆਂ ਤੇ ਹੁਣ ਕੰਧ ਮੂੰਹ ਤੱਕ ਆ ਗਈ ਸੀ। ਫੇਰ ਨੱਕ ਤੱਕ ਹੁੰਦੀ ਅੱਖਾਂ ਤੱਕ ਪੁੱਜ ਗਈ। ਉਹਨਾਂ ਦੇ ਚੰਦ ਵਰਗੇ ਮੱਥਿਆਂ ਉੱਤੇ ਏਦਾਂ ਲੱਗਣ ਲੱਗ ਪਿਆ ਜਿਵੇਂ ਚੰਦ ਨੂੰ ਗ੍ਰਹਿਣ ਲੱਗ ਗਿਆ ਹੋਵੇ। ਇਸ ਤਰ੍ਹਾਂ ਗੁਰੂ ਮਹਾਰਾਜ ਦੇ ਦੋਵੇਂ ਬੇਟੇ ਕੰਧ ਪਿੱਛੇ ਛੁਪ ਗਏ।

ਜੋਗੀ ਦਾ ਕਹਿਣਾ ਹੈ ਕਿ ਇਸ ਪਿਛੋਂ ਥੋੜ੍ਹਾ ਹੀ ਸਮਾਂ ਬੀਤਿਆ ਸੀ ਕਿ ਸਾਰਾ ਸ਼ਹਿਰ ਸਰਹਿੰਦ ਇੱਟਾਂ ਦਾ ਢੇਰ ਬਣ ਗਿਆ।


Sri Satguru Jagjit Singh Ji eLibrary NamdhariElibrary@gmail.com

# ਚਮਕੌਰ ਅਤੇ ਸਰਹਿੰਦ ਦੀ ਹਾਲਤ

ਤੀਰਥ ਨੇ ਦੋ ਪੰਜਾਬ ਵਿੱਚ ਚਮਕੌਰ ਤੇ ਸਿਰਹੰਦ
ਕਟਵਾਏ ਜਿਥਿ ਇੱਕ ਬਾਪ ਨੇ ਚਾਰ ਆਪਣੇ ਫ਼ਰਜ਼ੰਦ
ਕਿਣਕੇ ਉੱਡ ਇਸ ਧਰਤ ਦੇ ਅਸਮਾਨੀ ਪੁੱਜੇ,
ਤਾਰੇ ਬਣ ਉਹ ਚਮਕਦੇ ਨਾ ਰਹੇ ਉਹ ਗੁੱਝੇ।
ਚਮਕ ਹੈ ਚਮਕੌਰ ਤੇਰੇ ਹਰ ਜ਼ੱਰਰੇ ਅੰਦਰ,
ਰਹਿੰਦੀ ਦੁਨੀਆ ਤੱਕ ਰਹੇਗਾ ਤੇਰਾ ਮੰਦਰ।
ਅਜੀਤ ਜੁਝਾਰ ਜੋ ਧਰਮ ਲਈ ਦੇ ਗਏ ਕੁਰਬਾਨੀ,
ਖ਼ੂਨ ਆਪਣਾ ਕਰ ਅਰਪਣ, ਕਰ ਗਏ ਅਮਰ ਕਹਾਣੀ।
ਜ਼ੋਰਾਵਰ ਸਿੰਘ ਫ਼ਤਿਹ ਸਿੰਘ ਨੇ ਧਰਮ ਬਚਾ ਕੇ,
ਸਰਹਿੰਦ ਦੇ ਵਿੱਚ ਕਰ ਦਿਖਲਾਏ ਵੱਡੇ ਸਾਕੇ।
ਨਿੱਕੀਆਂ ਜਿੰਦਾਂ ਵੇਖੋ ਕੇਡੇ ਖੇਲ੍ਹ ਰਚਾਏ,
ਦੱਸਦੀ ਕੰਧ ਸਰਹਿੰਦ ਦੀ ਕਿਝ ਸੀਸ ਕਟਾਏ।
ਖੂਹ ਵਿੱਚ ਸੁੱਟਿਆ ਯੂਸਫ਼ ਬਾਪੂ ਹੋ ਗਿਆ ਅੰਨ੍ਹਾ,
ਹਾਈ, ਹਾਵੇ, ਰੋਣ ਧੋਣ ਟੱਪ ਗਏ ਹੱਦ ਬੰਨ੍ਹਾ।
ਸ਼ਾਬਾਸ਼ੇ, ਗੋਬਿੰਦ ਦੇ ਹੰਝੂ ਨਾ ਗਿਰਾਇਆ,
ਵਾਰ ਕੇ ਚਾਰੇ ਲਾਲ ਅੱਲਾ ਦਾ ਸ਼ੁਕਰ ਮਨਾਇਆ।
ਮੱਕਾ ਹੈ ਚਮਕੌਰ ਮੈਂ ਲਿਖਿਐ ਵਿੱਚ ਇਬਾਰਤ,
ਕਾਅਬਾ ਹੈ ਸਿਰਹਿੰਦ ਆਓ ਕਰ ਲਈਏ ਜ਼ਿਆਰਤ।
ਖ਼ਿਤਾਬ ਸ਼ਹੀਦੀ ਪਾਣ ਲਈ ਏਥੇ ਸਿਰ ਕਟਵਾਏ,
ਕੌਮ ਦੀ ਖ਼ਾਤਰ ਧਰਤੀ ਉੱਤੇ ਖ਼ੂਨ ਬਹਾਏ।
'ਗੰਜਿ ਸ਼ਹੀਦਾਂ' ਗੱਲ ਵੱਡੇ ਪੁੱਤਰਾਂ ਦੀ ਦੱਸੇ,
'ਸ਼ਹੀਦਾਨਿ ਵਫ਼ਾ' ਵਿੱਚ ਛੋਟਿਆਂ ਦੀ ਕਰਨੀ ਵੱਸੇ।
ਹੋਈ ਹਰ ਇੱਕ ਗੱਲ ਏਥੇ ਸਭ ਜੱਗ ਤੋਂ ਨਿਆਰੀ,
ਜਿਥਿ ਆਪਣੇ ਪੰਥ ਨੂੰ ਬਖ਼ਸ਼ੀ ਸਿਰਦਾਰੀ।
ਜਦ ਤੱਕ ਧਰਤੀ, ਚੰਨ, ਸੂਰਜ ਆਬਾਦ ਰਹਿਣਗੇ,
ਖ਼ਾਲਸਾ ਤੇਰੇ ਕਾਰਨਾਮੇ ਸਭ ਯਾਦ ਰਹਿਣਗੇ।
ਗ਼ਲਤ-ਅੱਖਰ ਕੋਈ ਆਖਿਆ ਹੋਵੇ ਮੂਲ ਨਾ ਜਰਨਾ,
ਅੱਲ੍ਹਾ ਯਾਰ ਖ਼ਾਂ ਜੋਗੀ ਨੂੰ ਵੀ ਮੁਆਫ਼ ਨਾ ਕਰਨਾ।

—ਅੱਲ੍ਹਾ ਯਾਰ ਖ਼ਾਂ 'ਜੋਗੀ' ਦੱਕਨੀ



Sri Satguru Jagjit Singh Ji eLibrary NamdhariElibrary@gmail.com

# ਸਹਾਇਕ ਪੁਸਤਕ-ਸੂਚੀ


1. ਮਹਾਨ ਕੋਸ਼ (ਭਾਈ ਕਾਹਨ ਸਿੰਘ ਨਾਭਾ)
2. ਜਨਮ ਸਾਖੀ ਭਾਈ ਬਾਲਾ
3. History of the Punjab. Sayyad Mohd. Latif.
4. Glimpses of the Divine Master.
5. ਦਬਿਸਤਾਨਿ ਮਜ਼ਾਹਬ ਮੁਹਸਨ ਫ਼ਾਨੀ
6. ਪੰਜਾਬੀ ਦੁਨੀਆਂ—ਗੁਰੂ ਨਾਨਕ ਅੰਕ I ਤੇਜਾ ਸਿੰਘ
7. ਸਿੱਖ ਇਤਿਹਾਸ ਕਰਤਾਰ ਸਿੰਘ
8. ਪੰਜਾਬੀ ਸਾਹਿਤ ਦਾ ਇਤਿਹਾਸ (ਪੁਨਰ ਮੁਲਆਂਕਣ)
9. ਵਿਚਾਰਧਾਰਾ—ਡਾ. ਜੱਗੀ
10. History of the Sikhs—M.A. Macaulife.
11. ਕ੍ਰਿਸ਼ਨ ਅਵਤਾਰ
12. ਚਾਰ ਸਾਹਿਬਜ਼ਾਦੇ—ਪਿਆਰਾ ਸਿੰਘ ਪਦਮ
13. ਅਹਿਨਾਮਿ ਆਲਮ ਗੀਰੀ—ਮੁਨਸ਼ੀ ਇਨਾਇਤਉਲਾ ਖਾਂ ਇਸਮੀ
14. ਤਾਰੀਖ਼ ਮੁਅੱਜ਼ਮ ਸ਼ਾਹ—ਮੌਲਵੀ ਅਬਦੂਲ ਰਸੂਲ
15. ਕਥਾ ਗੁਰੂ ਜੀ ਕੇ ਸੁਤਨ ਕੀ—ਭਾਈ ਦੁਨਾ ਸਿੰਘ ਹੰਡੂਰੀਆ
16. ਸ੍ਰੀ ਗੁਰੂ ਸੋਭਾ—ਸੈਣਾ ਸਿੰਘ
17. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ—ਕੇਸਰ ਸਿੰਘ ਛਿੱਬਰ
18. ਭੱਟ ਵਹੀਆਂ
19. ਜੌਹਰੇ ਤੇਗ਼—ਮਿਰਜ਼ਾ ਮੁਹੰਮਦ ਅਬਦੂਲ ਗ਼ਨੀ ਪੰਜਾਬੀ ਦੁਨੀਆ, 1988
20. ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ
21. ਪੰਜਾਬੀ ਸਾਹਿਤ ਦਾ ਇਤਿਹਾਸ—ਕੋਹਲੀ
22. ਪੰਜਾਬੀ ਦੁਨੀਆ—ਬੀਰ ਕਾਵਿ ਅੰਕ
23. ਪੰਜਾਬ ਦੀ ਵੀਰ ਪਰੰਪਰਾ—ਲਾਲ ਸਿੰਘ ਗਿਆਨੀ




Sri Satguru Jagjit Singh Ji eLibrary NamdhariElibrary@gmail.com



ਸੁਖਦੇਵ ਸਿੰਘ ਪ੍ਰੇਮਲ

ਲਾਹੌਰ ਬੁੱਕ ਸ਼ਾਪ
ਲੁਧਿਆਣਾ

ISBN-81-7647-174-7

Sri Satguru Jagjit Singh Ji eLibrary NamdhariElibrary@gmail.com